

INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਦਸੰਬਰ 2022
ਸ਼ਹੀਦਾਂ ਨੂੰ
ਕੋਟਿ-ਕੋਟਿ ਪ੍ਰਣਾਮ

## ਸਮਾਗਮ ਸਮੇਂ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ



# ਆਤਮ ਮਾਰਗ

ਸਾਲ-ਅਠਾਈਵਾਂ, ਮਹੀਨਾ-ਦਸੰਬਰ, 2022

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**

ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**

ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ

ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ

ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

Postal Address for any Enquiry, Money Order, Cheque and drafts :
'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 Years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-393-8199

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

9417214378, 9417214384, 98730-11265, 98991-05205

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਪ੍ਰੋ. ਸਾਹਿਬ ਸਿੰਘ* | |
| 3. | **ਚਮਕੌਰ ਦਾ ਸਾਕਾ** | 9 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ** | 23 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਮਹਾਨ ਗੁਰਮਤਿ ਸਮਾਗਮ - 2022 - ਰਿਪੋਰਟ** | 27 |
| 6. | **ਅਗੰਮ ਅਗੋਚਰ ਦਾ ਮਾਰਗ** | 40 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | **ਮਿਲਬੇ ਕੀ ਮਹਿਮਾ ਬਰਨਿ ਨ ਸਾਕਉ** | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਗੁਰਬਾਣੀ ਅਰਥ ਭੰਡਾਰ** | 45 |
| | ***ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*** | |
| 9. | **ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?** | 48 |
| | *ਡਾ. ਜਗਜੀਤ ਸਿੰਘ* | |
| 10. | **ਸਾਕਾ ਸਰਹੰਦ** | 51 |
| | *ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ* | |
| 11. | **ਵਿਸ਼ੇਸ਼ ਜਾਣ ਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** | 56 |
| | **ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | |

# ਸੰਪਾਦਕੀ

## ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
## ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥

ਧਰਮ ਅਤੇ ਅਧਰਮ ਵਿਚ ਆਦਿ ਜੁਗਾਦਿ ਤੋਂ ਸੰਘਰਸ਼ ਚਲਦਾ ਰਿਹਾ ਹੈ। ਸੱਚ ਅਤੇ ਝੂਠ ਦਾ ਹਮੇਸ਼ਾ ਟਕਰਾਅ ਹੁੰਦਾ ਰਿਹਾ। ਜਿਊਣ ਅਤੇ ਮਰਨਾ ਹਮੇਸ਼ਾ ਵਿਪਰੀਤ ਦਿਸ਼ਾ ਵਿਚ ਚਲਦੇ ਰਹੇ ਹਨ। ਇਹ ਮਨੁੱਖੀ ਮਨ ਦੀ ਫਿਤਰਤ ਰਹੀ ਹੈ ਕਿ ਉਹ ਜਿਊਣ ਦੀ ਲਾਲਸਾ ਰੱਖਦਾ-ਰੱਖਦਾ ਮੌਤ ਵਲ ਨੂੰ ਵਧਦਾ ਰਿਹਾ ਹੈ। ਜਿਉਣ ਦਾ ਸਬੰਧ ਸਰੀਰ ਨਾਲ ਹੈ ਮੌਤ ਦਾ ਸਬੰਧ ਮਨ ਨਾਲ ਹੈ। ਰੂਹ ਅਤੇ ਆਤਮਾ ਸਮਾਨ ਅਰਥੀ ਸ਼ਬਦ ਹਨ। ਸਰੀਰ ਬਿਨਸਨਹਾਰ ਹਨ - ***'ਜੋ ਉਪਜਿਓ ਸੋ ਬਿਨਸਿ ਹੈ'*** ਪਰ ਆਤਮਾ ਕਦੇ ਵੀ ਮਰਦੀ ਨਹੀਂ। ***'ਮਰਣਹਾਰੁ ਇਹੁ ਜੀਅਰਾ ਨਾਹੀ ॥' (ਅੰਗ-੧੮੮)*** ਅੰਤਿਮ ਸਚਾਈ ਇਹ ਹੈ ਕਿ ਅਸੀਂ ਜਿਊਣ ਵਾਸਤੇ ਨਹੀਂ ਆਏ, ਜਾਣ ਵਾਸਤੇ ਆਏ ਹਾਂ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰਿ ਆਉ ॥* *ਅੰਗ- ੬੭੮*

ਜਿਸ ਨੇ 'ਜਾਣ' ਦਾ ਵਲ ਸਿਖ ਲਿਆ ਉਸ ਨੂੰ ਜਿਊਣ ਦਾ ਤਰੀਕਾ ਵੀ ਆ ਗਿਆ।

*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ- ੧੩*

ਜਿਨ੍ਹਾਂ ਨੇ ਇਥੇ ਗੁਰੂ ਦੇ ਦੱਸੇ ਮਾਰਗ ਤੇ ਜੀਵਨ ਢਾਲ ਲਿਆ, ਸਰੀਰ ਨੂੰ ਲੇਖੇ ਵਿਚ ਲਾ ਲਿਆ ਉਨ੍ਹਾਂ ਦੀ ਰੂਹ ਸੁਰਖਰੂ ਹੋ ਕੇ ਆਪਣੇ ਸਦੀਵੀ ਕਾਲ ਦੇਸ਼ ਨੂੰ ਚਲੀ ਜਾਂਦੀ ਹੈ। ***'ਆਗੈ ਬਸਨ ਸੁਹੇਲਾ'*** ਹੋ ਜਾਂਦਾ ਹੈ। ਉਹ ਪ੍ਰਵਾਨ ਹੋਈਆਂ ਰੂਹਾਂ ਹਨ। ਅਸਲੀ ਸੂਰਮੇ ਹਨ। ਨੇਕੀ ਅਤੇ ਬਦੀ ਦਾ ਸੰਘਰਸ਼ ਵੀ ਜਿਉਂਦਿਆਂ ਤੇ ਮਰਿਆਂ ਦਾ ਟਕਰਾਅ ਹੈ। ਇਹੋ ਜਿਹੇ ਪਾਤਰ ਮਾਨਵਤਾ ਦੇ ਨਾਮ ਤੇ ਕਲੰਕ ਹੁੰਦੇ ਹਨ। ਦਸੰਬਰ ਦਾ ਮਹੀਨਾ ਸਾਨੂੰ ਸੱਚ ਦੇ ਲਈ ਸ਼ਾਹਦੀ ਭਰਨ ਦਾ ਵਲ ਸਿਖਾਉਂਦਾ ਹੈ। ਦਸੰਬਰ ਮਹੀਨੇ ਦੇ ਇਤਿਹਾਸ ਦਾ ਇਕ-ਇਕ ਅੱਖਰ, ਇਕ-ਇਕ ਪਲ ਸਾਨੂੰ ਪਿਆਰ, ਵੈਰਾਗ ਸ਼ਰਧਾ ਦੇ ਡੂੰਘੇ ਸਮੁੰਦਰਾਂ ਵਿਚ ਗੋਤੇ ਲਵਾਉਂਦਾ ਹੈ ਜਿਥੋਂ ਵਾਪਸ ਆਉਣਾ ਨਾ-ਮੁਮਕਿਨ ਹੈ।

ਔਰੰਗਜ਼ੇਬ ਧਰਮ ਦੇ ਨਾਮ ਤੇ ਕਲੰਕ ਹੈ। ਉਸ ਦੇ ਨਾਮ ਦੇ ਅਰਥ ਉਸ ਦੇ ਜੀਵਨ ਤੋਂ ਵਿਪਰੀਤ ਹਨ। ਔਰੰਗ ਦਾ ਅਰਥ ਹੈ ਤਖਤ, ਜ਼ੇਬ ਦਾ ਮਤਲਬ ਸੋਭਾ ਪਰ ਉਹ ਤਖਤ ਦੀ ਸੋਭਾ ਨਹੀਂ ਸੀ, ਤਖਤ ਦਾ ਕਲੰਕ ਸੀ। ਉਸ ਦੇ ਕਲੰਕਤਿ ਜੀਵਨ ਦਾ ਸਾਰ ਉਸ ਦੇ ਆਖਰੀ ਪਲਾਂ ਵਿਚ ਨਿਕਲ ਜਾਂਦਾ ਹੈ। ਜਦੋਂ ਉਸ ਨੇ ਆਖਰੀ ਬੋਲ ਆਪਣੀ ਜ਼ੁਬਾਨ ਵਿਚੋਂ ਕੱਢੇ, 'ਬੋਲ ਸਨ - ***'ਲਮਹਾ ਆਇਆ ਥਾ, ਅਕੇਲਾ ਜਾ ਰਹਾ ਹੂੰ, ਜ਼ਿੰਦਗੀ ਮੇਂ ਬਹੁਤ ਗੁਨਾਹ ਕੀਏ ਹੈਂ। ਪਤਾ ਨਹੀਂ ਕਿਸ ਗੁਨਾਹ ਕੀ ਕਿਆ ਸਜ਼ਾ ਮਿਲੇਗੀ।'*** ਇਤਨਾ ਕਹਿ ਕੇ ਜਮ ਦਾ ਠੇਂਗਾ ਉਸ ਦੇ ਸਿਰ 'ਤੇ ਵੱਜਾ - ***'ਕਬੀਰ ਜਮ ਕਾ ਠੇਂਗਾ ਬੁਰਾ ਹੈ....॥'*** ਉਸ ਦੀ ਹਾਲਤ -

*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥*
*ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥*
*ਅੰਗ- ੧੩੭੭*

*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਅੰਗ- ੪੭੧*

ਹੁਣ ਉਸ ਦੀ ਰੂਹ ਦਾ ਸਫ਼ਰ ਸ਼ੁਰੂ ਹੋਇਆ। ਗੁਰਬਾਣੀ ਅਨੁਸਾਰ ਪਾਪੀ ਨੂੰ ਉਸ ਦੇ ਕਰਮਾਂ ਅਨੁਸਾਰ ਸਜ਼ਾ ਅਵੱਸ਼ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥*
*ਅੰਗ- ੧੦੭੩*

ਇਤਿਆਦਿਕ ਅਨੇਕਾਂ ਪ੍ਰਮਾਣ ਗੁਰਬਾਣੀ ਵਿਚ ਸਾਨੂੰ ਮਿਲਦੇ ਹਨ ਜੋ ਔਰੰਗਜ਼ੇਬ ਵਰਗੀਆਂ ਪਾਪੀ ਰੂਹਾਂ ਲਈ ਵਰਤੇ ਗਏ ਹਨ। ਧਰਮ ਦੇ ਉਤੇ ਅਧਰਮ ਦਾ ਚੋਲਾ ਪਹਿਨ ਕੇ ਕਿਸੇ ਨੂੰ ਵੀ ਜਿੱਤ ਹਾਸਲ ਨਹੀਂ ਹੋਈ। ਆਖਰਕਾਰ 'ਓੜਕਿ ਸਚਿ ਰਹੀ।' ਜਿੱਤ ਹਮੇਸ਼ਾ ਸੱਚ ਦੀ ਹੁੰਦੀ ਰਹੀ ਹੈ ਤੇ ਹੁੰਦੀ ਰਹੇਗੀ। ਇਹ ਆਦਿ ਜੁਗਾਦਿ ਤੋਂ ਪ੍ਰਮੇਸ਼ਰ ਦਾ ਬਿਰਧ ਹੈ। ਦੂਜੇ ਪਾਸੇ ਧਰਮ ਦੀ ਪਰਿਭਾਸ਼ਾ, ਦਸ਼ਮੇਸ਼ ਪਿਤਾ ਦੇ ਲਾਡਲੇ ਗੁਰਸਿੱਖ ਪ੍ਰਗਟ ਕਰ ਰਹੇ ਹਨ। ਪਾ ਰਹੇ ਹਨ ਸਦੀਵੀ ਪੂਰਨੇ ਕਿ -

*ਜੋ ਸੂਰਾ ਤਿਸ ਹੀ ਹੋਇ ਮਰਣਾ ॥*
*ਜੋ ਭਾਗੈ ਤਿਸੁ ਜੋਨੀ ਫਿਰਣਾ ॥* *ਅੰਗ- ੧੦੧੯*

ਇਸ ਪੰਦਰਵਾੜੀ ਸਿੱਖ ਹਿਸਟਰੀ ਤੋਂ ਸਾਨੂੰ ਇਕ ਨਹੀਂ ਅਨੇਕਾਂ ਪੂਰਨੇ ਸਥਾਪਿਤ ਹੋਏ ਮਿਲ ਰਹੇ ਹਨ। ਅਡੋਲਤਾ, ਨਿਰਭੈਤਾ, ਨਿਡਰਤਾ, ਦੁਖ-ਸੁਖ 'ਚ ਸਮਾਨ

ਬਿਰਤੀ ਰੱਖਣੀ, ਨਿਤਨੇਮ, ਬਾਣੀ ਦਾ ਪ੍ਰਵਾਹ ਹਰ ਔਖੇ ਸੌਖੇ ਹਾਲਤਾਂ ਵਿਚ ਜਾਰੀ ਰੱਖਣਾ। ਗੁਰੂ ਦੇ ਹੁਕਮ ਦੀ ਪਾਲਣਾ ਕਰਨੀ। ਗੁਰੂ ਨੂੰ ਪ੍ਰਤੱਖ ਪ੍ਰਮੇਸ਼ਰ ਜਾਣਨਾ, ਗੁਰੂ ਦੀ ਕਿਰਿਆ ਨਿਵੇਕਲੀ ਜਾਣਨੀ। ***'ਰਤੇ ਸੇਈ ਜਿ ਮੁਖੁ ਨ ਮੋੜੰਨਿ੍...॥ (ਅੰਗ-੧੪੨੫)*** ਪਿਆਰ ਵਾਲੇ ਮੁਖ ਨਹੀਂ ਮੋੜਦੇ। 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥' (*ਅੰਗ-੬੩੩*)

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥*
*ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥* *ਅੰਗ- ੪੮੮*

ਇਤਿਆਦਿਕ ਅਨੇਕਾਂ ਪੂਰਨੇ/ਸਿਧਾਂਤ ਸਾਨੂੰ ਇਸ ਪੋਹ ਮਹੀਨੇ ਦੇ ਪੰਦਵਾੜੇ ਵਿਚੋਂ ਮਿਲ ਜਾਂਦੇ ਹਨ। ਗੁਰੂ ਤੋਂ ਦੂਰ ਹੋਏ, ਬੇਮੁਖ ਹੋਏ, ਇਸ ਪੰਦਰਵਾੜੇ ਵਲ ਜਰਾ ਨਿਗ੍ਹਾ ਭਰ ਕੇ ਦੇਖ ਲੈਣਾ, ਇਕ ਪੂਰਨੇ ਨੂੰ ਵੀ ਹਿਰਦੇ ਵਿਚ ਵਸਾ ਲੈਣ ਤਾਂ ਕਦੇ ਵੀ ਦੂਰ ਨਹੀਂ ਜਾਣਗੇ। ਗੁਰੂ ਜੀ ਬਖਸ਼ਿਸ਼ ਕਰਦੇ ਹਨ।

*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥*
*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥*
*ਅੰਗ- ੭੧੩*

ਉਹ ਦਿਆਲ ਹੈ -

*ਤੁਮ ਕਰਹੁ ਭਲਾ ਹਮ ਭਲੋ ਨ ਜਾਨਹ*
*ਤੁਮ ਸਦਾ ਸਦਾ ਦਇਆਲਾ ॥* *ਅੰਗ- ੬੧੩*

ਗੁਰੂ ਹਮੇਸ਼ਾ ਉਡੀਕ ਕਰਦੇ ਹਨ, ਆਉਣਗੇ ਮੇਰੇ ਪਿਆਰੇ, ਮੇਰੇ ਵੱਲ। ਛੱਕ ਲੈਣਗੇ ਅੰਮ੍ਰਿਤ, ਖੰਡੇ ਬਾਟੇ ਦੀ ਸਾਂਝ ਦੇ ਬਣਨਗੇ ਭਾਗੀ। ਮੇਰੇ ਗੁਰਸਿੱਖਾਂ, ਸਾਹਿਬਜ਼ਾਦਿਆਂ, ਜਗਤ ਮਾਤਾ ਗੁਜਰ ਕੌਰ ਜੀ ਨੂੰ ਯਾਦ ਕਰਕੇ, ਧਾਰਨ ਕਰਨਗੇ ਸੱਚਾ ਸੁੱਚਾ ਧਰਮ।

***'ਹਮ ਇਹ ਕਾਜ ਜਗਤ ਮਹਿ ਆਏ, ਧਰਮ ਹੇਤ ਗੁਰਦੇਵ ਪਠਾਏ।'*** ਦੇ ਸਿਧਾਂਤ ਦੀ ਪੈਰਵੀ ਕਰਕੇ ਜੁੜ ਜਾਣਗੇ। ਗੁਰੂ ਕ੍ਰਿਪਾ ਕਰਨ, ਬਖਸ਼ਣ ਆਪਣਾ ਪਿਆਰ, ਸਾਨੂੰ ਭੁੱਲਿਆਂ ਭਟਕਿਆਂ ਨੂੰ ਦੇ ਦੇਣ ਸੋਝੀ। ਅਸੀਂ ਨਹੀਂ ਉਤਾਰ ਸਕਦੇ ਰਿਣ, ਪੁੱਤਰਾਂ ਦੇ ਦਾਨੀ ਦਾ। ਸਰਬੰਸਦਾਨੀ ਦਾ। ਦਾਨ ਦੁਨੀਆਂ ਕਰਦੀ ਆਈ ਹੈ। ਅਨੇਕਾਂ ਤਰ੍ਹਾਂ ਦੇ ਪਰ ਸਰਬੰਸ ਦਾਨ ਨਹੀਂ ਕੀਤਾ ਕਿਸੇ ਨੇ। ਸਿਰਫ ਦਸ਼ਮੇਸ਼ ਪਿਤਾ ਹਨ, ਧੰਨ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ -

*ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ॥*
*ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ॥*

ਉਹ ਸਮਾਂ ਆਪਣੀ ਸਿਮ੍ਰਤੀ ਵਿਚ ਲਿਆਈਏ। ਦ੍ਰਿਸ਼ ਅੱਖਾਂ ਦੇ ਸਾਮ੍ਹਣੇ ਦੇਖੀਏ। ਸੁਣੀਏ ਅਮਰ ਪੁਰਸ਼ਾਂ ਦੀ ਅਮਰ ਗਾਥਾ, ਸਾਕਾ ਸਰਹੰਦ, ਸਾਕਾ ਚਮਕੌਰ ਸਾਹਿਬ। ਮੀਡੀਏ ਦਾ ਯੁੱਗ ਹੈ। ਸੁਣ ਸਕਦੇ ਹਾਂ। ਸੁਣਦੇ ਸਾਰ ਆ ਜਾਣਗੇ ਸਾਮ੍ਹਣੇ ਦਸ਼ਮੇਸ਼ ਪਿਤਾ, ਆ ਜਾਵੇਗਾ ਅਨੰਦਗੜ੍ਹ ਕਿਲੇ ਦਾ ਦ੍ਰਿਸ਼, ਭੁੱਖੇ-ਭਾਣੇ ਦਰੱਖਤਾਂ ਦੀਆਂ ਛਿਲੜਾਂ ਖਾ ਕੇ ਗੁਜ਼ਾਰਾ, 4 ਸਿੰਘ ਪਾਣੀ ਨੂੰ ਜਾਂਦੇ ਹਨ, ਦੋ ਸ਼ਹੀਦ ਹੋ ਜਾਂਦੇ ਹਨ। ਦੋ ਪਾਣੀ ਲੈ ਕੇ ਮੁੜਦੇ ਹਨ। ਘੇਰਾ ਪਿਆ ਮਹੀਨਿਆਂ ਬੱਧੀ ਕਿਲ੍ਹੇ ਨੂੰ, ਦੁਸ਼ਟ ਵਿਉਂਤਾਂ ਗੁੰਦ ਰਹੇ ਨੇ ਬਾਹਰ। ਹੋ ਗਏ ਦੁਸ਼ਟ ਚੌਂਕੜੀ ਇਕੱਠੇ। ਬਾਈਧਾਰ ਦੇ ਰਾਜੇ, ਕੀ ਦਿੱਲੀ, ਕੀ ਲਾਹੌਰ, ਚਾਰੋਂ ਪਾਸੋਂ। ਮਸਤ ਹਾਥੀ ਸ਼ਰਾਬ ਪਿਲਾ ਕੇ ਛੱਡਿਆ ਜਾਂਦਾ ਹੈ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ। ਜੂਝਦਾ ਹੈ ਭਾਈ ਬਚਿੱਤਰ ਸਿੰਘ, ਦੇ ਗਿਆ ਪਿੱਠ ਦੁਨੀਚੰਦ ਗੁਰੂ ਨੂੰ। ਥਾਪੜਾ ਗੁਰੂ ਦਾ...ਸੱਤ ਧਾਤਾਂ ਨੂੰ ਚੀਰਦੀ ਗਈ ਭਾਈ ਬਚਿੱਤਰ ਸਿੰਘ ਦੀ ਨਾਗਣੀ। ਹਾਥੀ ਵਾਪਸ ਹੋ ਕੇ ਉਨ੍ਹਾਂ ਦੀਆਂ ਫੌਜਾਂ 'ਤੇ ਚੜ੍ਹਿਆ। ਸਮਾਂ ਆਇਆ ਹੁਕਮ ਦੀ ਖੇਡ ਵਾਪਰੀ ਛੱਡ ਦਿਤਾ ਕਿਲ੍ਹਾ ਰਾਤ ਨੂੰ, ਅਨੰਦਾਂ ਦੀ ਪੁਰੀ, ਵਾਅਦੇ ਤੋਂ ਮੁਕਰੇ ਦੁਸ਼ਟ, ਕਰ ਦਿਤਾ ਹਮਲਾ ਪਿੱਛੋਂ। ਸਰਸਾ 'ਤੇ ਪਿਆ ਵਿਛੋੜਾ। ਤਿੰਨ ਹਿੱਸਿਆਂ 'ਚ ਪਰਿਵਾਰ ਦਾ ਖਿੰਡ ਜਾਣਾ। ਸਰਸਾ ਤੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦਾ ਕੀਰਤਨ, ਨਿਤਨੇਮ, ਕੁੰਮੇ ਮਾਸਕੀ ਦੀ ਸੇਵਾ, ਕੋਟਲਾ ਨਿਹੰਗ, ਬੀਬੀ ਮੁਮਤਾਜ ਦਾ ਪ੍ਰਣ, ਸਾਰੀ ਉਮਰ ਬਚਨ 'ਤੇ ਪ੍ਰਤਿੱਗਿਆ ਕੀਤੀ। ਚਮਕੌਰ ਦੀ ਗੜ੍ਹੀ ਨੂੰ ਭਾਗ। ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਤੇ ਹੋਰ ਸਿੰਘ ਸ਼ਹੀਦ। 40 ਦੀ ਗਿਣਤੀ, 10 ਲੱਖ ਦਾ ਘੇਰਾ। 'ਸਵਾ ਲਾਖ ਸੇ ਏਕ ਲੜਾਉ, ਤਬੀ ਗੋਬਿੰਦ ਸਿੰਘ ਨਾਮ ਕਹਾਊਂ।' ਜੂਝੇ ਸੂਰਬੀਰ, ਹੋਏ ਪ੍ਰਾਪਤ ਸੂਰਬੀਰ ਗਤੀ ਨੂੰ। ਦੋ ਸਾਹਿਬਜ਼ਾਦੇ ਤੇ ਸਿੰਘ ਅੱਖਾਂ ਦੇ ਸਾਮ੍ਹਣੇ ਸ਼ਹੀਦ ਕਰਵਾ ਕੇ, ਜੈਕਾਰੇ ਛੱਡਦੇ ਗੁਰੂ ਜੀ। ਭਾਗ ਲਾਏ ਮਾਛੀਵਾੜੇ ਦੇ ਜੰਗਲਾਂ ਨੂੰ। ਟਿੰਡ ਦਾ ਸਰਹਾਣਾ, ਜਾਮਾ ਲੀਰੋ ਲੀਰ, ਚਰਨਾਂ 'ਚੋਂ ਖੂਨ ਸਿੰਮਦਾ ਮੇਰੇ ਸਾਹਿਬ ਜੀ ਦਾ ਦਿਤਾ ਸੁਨੇਹਾ ਪਿਆਰੇ ਨੂੰ ਕੋਈ ਗਿਲਵਾ ਨਹੀਂ, ਨਾ ਕੋਈ ਸ਼ਿਕਵਾ- ਉਚਾਰਿਆ-

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ।*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ*
*ਭਠ ਖੇੜਿਆਂ ਦਾ ਰਹਣਾ॥* *ਖਿਆਲ ਪਾਤਸ਼ਾਹੀ ੧੦*

ਦੂਜੇ ਪਾਸੇ ਬਿਰਧ ਮਾਤਾ, ਜਗਤ ਮਾਤਾ, ਭਗਤੀ ਦੀ ਮੂਰਤ, ਦੋ ਛੋਟੀ ਉਮਰ ਦੇ ਨੰਨੇ-ਮੁੰਨੇ ਸਰੀਰਕ ਉਮਰ 7 ਸਾਲ ਤੇ 9 ਸਾਲ ਲਗਭੱਗ। ਪਰ ਬ੍ਰਹਮਗਿਆਨ ਅਵਸਥਾ ਦੇ ਮਾਲਕ। ਗਿਆਨ ਦੀ ਉਮਰ ਅਨੰਤ ਸਾਲਾਂ ਦੀ। ਬੇਅੰਤਤਾਈ ਵਿਚ ਵਿਚਰਨ ਵਾਲੇ। ਅਨੰਤ ਕਾਲ ਤੋਂ ਗਿਆਨਵਾਨ, ਧਰਮ ਦੇ ਬੋਲਬਾਲੇ ਦ੍ਰਿੜ੍ਹ ਕਰਾਉਣ

ਵਾਲੇ। ਨਵੇਂ ਪੂਰਨੇ ਸਥਾਪਿਤ ਕਰਨ ਵਾਲੇ। ਚੜ੍ਹਦੀ ਕਲਾ ਦਾ ਪ੍ਰਤੀਕ, ਡਿਗਿਆਂ ਢਹਿੰਦਿਆਂ ਨੂੰ ਹੌਂਸਲਾ ਦੇ ਕੇ ਚੁੱਕਣ ਵਾਲੇ, ਨਿਡਰ, ਨਿਰਭੈ, ਦ੍ਰਿੜ੍ਹ ਸੰਕਲਪ, ਦ੍ਰਿੜ੍ਹ ਵਿਸ਼ਵਾਸ਼, ਦ੍ਰਿੜ੍ਹ ਸ਼ਰਧਾ ਵੈਰਾਗ ਦੇ ਪ੍ਰਤੀਕ। ਆਪ ਪ੍ਰਮੇਸ਼ਰ ਦਾ ਨੂਰ, ਛੋਟੀ ਉਮਰ ਦੇ ਇਲਾਹੀ ਨੂਰਾਂ ਦੇ ਰੂਪ ਵਿਚ ਦੇ ਗਏ ਸੁਨੇਹਾ -

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥*
*ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥* *ਅੰਗ- ੪੮੮*

ਦੇ ਦਿਤਾ ਪੈਗਾਮ -

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*
*ਅੰਗ- ੧੧੦੫*

ਹੋ ਗਏ ਸਦਾ ਲਈ ਅਮਰ -

*ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥*
*ਅੰਗ- ੫੫੫*

ਦਾ ਸੁਨੇਹਾ ਦ੍ਰਿੜ੍ਹ ਕਰਵਾ ਦਿਤਾ। ਉਥੇ ਪੱਕਾ ਘਰ ਬੰਨ੍ਹ ਦਿਤਾ। ਸਾਨੂੰ ਬੰਨ੍ਹਣ ਦੀ ਪ੍ਰੇਰਨਾ ਬਖਸ਼ ਦਿਤੀ -

*ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥*
*ਅੰਗ- ੪੪*

ਸਨ ਅਮਰ, ਪੂਰਨੇ ਪਾ ਗਏ ਅਮਰਤਾ ਦੇ। ਸਾਡੇ ਲਈ ਬਖਸ਼ਿਸ਼ ਦੇ ਪਾਤਰ ਹਨ, ਸਾਨੂੰ ਵੀ ਪ੍ਰੇਰਨਾ ਦੇ ਰਹੇ ਹਨ। ਜੁੜ ਜਾਈਏ ਗੁਰੂ ਨਾਲ, ਕਰੀਏ ਗੁਰੂ ਦੇ ਪਰਉਪਕਾਰ ਯਾਦ, ਠੰਢੀਆਂ ਪੋਹ ਦੀਆਂ ਰਾਤਾਂ, ਨਿੱਘ ਨਾਮ ਦਾ, ਬਾਣੀ ਦਾ, ਗੁਰੂ ਦੇ ਪਿਆਰ ਦਾ। ਗੜੀ ਕੱਚੀ ਪਰ ਇਰਾਦੇ ਪੱਕੇ, ਭੁੱਖਣ ਭਾਣੇ ਕਈ ਦਿਨ ਦੇ ਪਰ ਗੁਰੂ ਪਿਆਰ ਵਿਚ ਰੱਜੇ ਗੁਰੂ ਦੇ ਸਿੱਖ। ਮਾਰ ਰਹੇ ਨੇ ਅੱਜ ਅਵਾਜ਼ਾਂ, ਆਉ ਲਗੋ ਗੁਰੂ ਦੇ ਲੜ, ਛਕੋ ਖੰਡੇ ਬਾਟੇ ਦਾ ਅੰਮ੍ਰਿਤ, ਬਣ ਜਾਉ ਅਨੰਦਪੁਰ ਦੇ ਵਾਸੀ। ਸਾਨੂੰ ਵਾਸੀ ਅਨੰਦਪੁਰ ਦੇ ਬਣਾਉਣ ਲਈ ਝੱਲੇ ਸਾਰੇ ਦੁੱਖ।

ਆਈਏ ਪਿਆਰ ਵੈਰਾਗ ਵਿਚ, ਨਾ ਕਰੀਏ ਖੁਸ਼ੀਆਂ ਦੇ ਸਮਾਗਮ ਇਨ੍ਹਾਂ ਦਿਨਾਂ ਵਿਚ। ਨਾ ਕਰੀਏ ਵਿਆਹ-ਸ਼ਾਦੀਆਂ, ਜਨਮ ਦਿਨ ਪਾਰਟੀਆਂ। ਗੁਰੂ ਪਿਆਰ 'ਚ ਪੁਰਾਤਨ ਗੁਰਸਿੱਖਾਂ ਵਾਲਾ ਜੀਵਨ ਧਾਰੀਏ। ਸੌਂਦੇ ਸੀ ਭੁੰਜੇ, ਮਿੱਠਾ ਮਠਿਆਈ ਨਹੀਂ ਸੀ ਖਾਂਦੇ, ਮਾਰਦੇ ਸੀ ਜੁੱਤੀਆਂ 7-7 ਸਰਸਾ ਦੇ। ਪਾਉਂਦੇ ਸੀ ਲਾਹਨਤਾਂ। ਜੁੜਦੇ ਸੀ ਜਾਪ ਵਿਚ ਘੰਟਿਆਂ, ਦਿਨਾਂ ਬੱਧੀ ਜਾਪ ਕਰਨਾ, ਪਿਆਰ 'ਚ ਵੈਰਾਗ ਦੇ ਹੰਝੂ ਗਿਰਦੇ ਸੀ ਗੁਰਸਿੱਖਾਂ ਦੇ ਨੇਤਰਾਂ 'ਚੋਂ। ਸ੍ਰੀ ਫਤਿਹਗੜ੍ਹ ਸਾਹਿਬ ਦੇ ਉਸ ਭੋਰਾ ਸਾਹਿਬ 'ਚ, ਬੈਠ ਕੇ ਸੰਗਤਾਂ ਦੀਆਂ, ਅੱਖਾਂ 'ਚੋਂ ਡਿਗਦੇ ਹਨ ਹੰਝੂ। ਉਸ ਚੌਗਿਰਦੇ ਵਿਚ ਬੈਠਦੇ ਨੇ ਟਾਵੇਂ-ਟਾਵੇਂ ਗੁਰਸਿੱਖ। ਹੰਝੂਆਂ ਦੀ ਲਾਉਂਦੇ ਨੇ ਝੜੀ। ਨਾ ਬਣਾਈਏ ਇਸ ਨੂੰ 'ਮੇਲਾ', ਹੋਵੇ ਜੋੜ ਮੇਲ, ਬੱਚੇ, ਨੌਜਵਾਨ, ਬਜ਼ੁਰਗ, ਮਾਈ ਭਾਈ, ਸਭ ਪਿਆਰ, ਵੈਰਾਗ 'ਚ ਜਾਣ, ਸ੍ਰੀ ਫਤਹਿਗੜ੍ਹ ਸਾਹਿਬ ਹੋਣ ਨਤਮਸਤਕ। ਬਖਸ਼ਵਾ ਲੈਣਾ ਆਪਣੇ ਆਪ ਨੂੰ। ਗੁਰੂ ਕ੍ਰਿਪਾ ਕਰੇ ਐਸੇ ਮਹਾਨ ਅਮਰ ਸ਼ਹੀਦਾਂ ਨੂੰ ਕੋਟਿਨ ਕੋਟਿ ਪ੍ਰਣਾਮ ਜਿਨ੍ਹਾਂ ਨੇ ਅਸਲੀ ਹੱਕ ਸੱਚ ਦੀ ਅਵਾਜ਼ ਨੂੰ ਬੁਲੰਦ ਕੀਤਾ -

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥*
*ਅੰਗ- ੫੭੯*

ਬਸ, ਇਤਨਾ ਹੀ ਕਾਫੀ ਸਮਝ ਲੈਣਾ, ਸੰਨਿਮਰ ਬੇਨਤੀ ਪਾਠਕ ਜਨਾਂ ਅਤੇ ਸਮੂੰਹ ਸੰਗਤ ਦੇ ਚਰਨਾਂ ਵਿਚ। ਦੇਣੀ ਅਸੀਸ, ਕਰ ਦੇਣੀ ਸਿਫਾਰਸ਼ ਕਿ ਮਿਹਰ ਕਰੋ, ਦਾਸ 'ਤੇ ਵੀ, ਗੁਰੂ ਪਿਆਰ, ਗੁਰੂ ਵੈਰਾਗ ਵਿਚ ਆਪਣਾ ਸਭਨਾਂ ਦਾ ਰਹਿੰਦਾ ਜੀਵਨ ਬਤੀਤ ਹੋਵੇ। ਭਾਅ ਜਾਈਏ ਗੁਰੂ ਨੂੰ। ਕੋਟਿ ਕੋਟਿ ਪ੍ਰਣਾਮ ਸ਼ਹੀਦਾਂ ਨੂੰ।

*ਭਾਈ (ਡਾ.) ਸੁਖਵਿੰਦਰ ਸਿੰਘ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਪੋਖਿ
# ਸੰਗਰਾਂਦ-ਦਸੰਬਰ 16 (ਦਿਨ ਸ਼ੁਕਰਵਾਰ)

*ਪ੍ਰੋ. ਸਾਹਿਬ ਸਿੰਘ ਜੀ*

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ 11 ॥ ਅੰਗ- ੧੩੫

ਪਦ ਅਰਥ - ਪੋਖਿ-ਪੋਹ ਮਹੀਨੇ ਵਿਚ। ਤੁਖਾਰੁ-ਕੱਕਰ, ਕੋਰਾ। ਨ ਵਿਆਪਈ-ਜੋਰ ਨਹੀਂ ਪਾਂਦਾ। ਕੰਠਿ-ਗਲ ਵਿਚ, ਗਲ ਨਾਲ (ਹਿਰਦੇ ਵਿਚ)। ਨਾਹੁ-ਨਾਥ, ਖਸਮ, ਪਤੀ। ਬੇਧਿਆ-ਵਿੰਨ੍ਹਿਆ ਜਾਂਦਾ ਹੈ। ਚਰਨਾਰਬਿੰਦ-ਚਰਨ-ਅਰਬਿੰਦ, ਚਰਨ ਕਮਲ। ਦਰਸਨਿ-ਦੀਦਾਰ ਵਿਚ। ਸਾਹੁ=ਇਕ-ਇਕ ਸਾਹ, ਬ੍ਰਿਤੀ। ਲਾਹੁ-ਲਾਭ। ਬਿਖਿਆ-ਮਾਇਆ। ਸਾਧੂ-ਗੁਰੂ। ਗੁਣ ਗਾਹੁ-ਗੁਣਾਂ ਦੀ ਵਿਚਾਰ, ਗੁਣਾਂ ਵਿਚ ਚੁੱਭੀ। ਜਹ ਤੇ-ਜਿਸ ਪ੍ਰਭੂ ਤੋਂ। ਸਮਾਹੁ-ਲਿਵ। ਕਰੁ-ਹੱਥ।ਗਹਿ-ਫੜ ਕੇ। ਪਾਰਬ੍ਰਹਮਿ-ਪਾਰਬ੍ਰਹਮ ਨੇ। ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ। ਬੇਰੀਆਂ-ਵਾਰੀ। ਅਗਮ-ਅਪਹੁੰਚ। ਅਗਾਹੁ-ਅਗਾਧ, ਡੂੰਘੇ ਜਿਗਰੇ ਵਾਲਾ। ਸਰਮ-ਲਾਜ। ਸਰਮ ਪਈ-ਇੱਜ਼ਤ ਰੱਖਣੀ ਪਈ। ਦਰਿ-ਦਰ ਉਤੇ। ਸੋੁਹੰਦਾ-(ਅਸਲ ਲਫ਼ਜ਼ 'ਸੋਹੰਦਾ' ਹੈ, ਪਾਠ 'ਸੁਹੰਦਾ' ਕਰਨਾ ਹੈ। ਅੱਖਰ 'ਸ' ਦੇ ਨਾਲ ੁ ਅਤੇ ੋ ਦੋਵੇਂ ਲਗਾਂ ਵਰਤੀਆਂ ਹਨ)-ਸੋਹਣਾ ਲਗਦਾ ਹੈ।

ਅਰਥ - ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ=ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜੋਰ ਨਹੀਂ ਪਾ ਸਕਦਾ, (ਕਿਉਂਕਿ) ਉਸ ਦੀ ਬਿਰਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ।

ਜਿਸ ਜੀਵ-ਇਸਤ੍ਰ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫਤਿ-ਸਾਲਾਹ ਵਿਚ ਚੁੱਭੀ ਲਾਈ ਹੈ। ਜਿਸ ਪ੍ਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ। ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿਛੜਦੀ ਨਹੀਂ। (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਗਾ ਹੈ, ਮੈਂ ਉਸ ਤੋਂ ਲੱਖ ਵਾਰੀ ਕੁਰਬਾਨ ਹਾਂ। ਹੇ ਨਾਨਕ! (ਉਹ ਬੜਾ ਦਿਆਲ ਹੈ) ਦਰ ਉਤੋਂ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲਗਦਾ ਹੈ, ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ।

# ਚਮਕੌਰ ਦਾ ਸਾਕਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਨ ਹੋ ਕੇ,*
*ਸਰਗੁਨ ਹੋ ਕੇ।*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਗਾਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਬੇਨਤੀ ਹੈ ਕਿ 'ਅੰਮ੍ਰਿਤ' ਦੀ ਦਾਤ ਸਿਰਫ ਮਨੁੱਖ ਨੂੰ ਪ੍ਰਾਪਤ ਹੈ ਹੋਰ ਚੌਰਾਸੀ ਲੱਖ ਜੂਨਾਂ, ਦੇਵਤੇ, ਅਦੇਵ, ਜੱਛ, ਗੰਧ੍ਰਬ ਕਿਸੇ ਨੂੰ ਪ੍ਰਾਪਤ ਨਹੀਂ ਹੈ, ਸਿਰਫ ਮਨੁੱਖ ਨੂੰ ਅੰਮ੍ਰਿਤ ਮਿਲ ਸਕਦਾ ਹੈ। ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਪਤਾ ਹੈ ਮਨੁੱਖ ਨੂੰ ਕਿ ਇੱਕ ਐਸੀ ਚੀਜ਼ ਹੈ ਕਿ ਜੇ ਕਿਤੇ ਉਹ ਮਿਲ ਜਾਵੇ ਤਾਂ ਮੁੜ ਕੇ ਬੰਦਾ ਮਰਦਾ ਨਹੀਂ ਹੈ। ਸਰੀਰ ਤਾਂ ਨਾਸ਼ ਹੋਏਗਾ, ਸਰੀਰ ਦਾ ਰੱਖ ਕੇ ਕੀ ਫਾਇਦਾ, ਪੁਰਾਣਾ ਖੱਲੜ, ਮਰਦਾ ਕੀ ਹੈ? ਮਰਦੀ ਹੈ ਇਹਦੇ ਅੰਦਰ ਜਿਹੜੀ ਸੁਰਤ ਹੈ 'ਮੈਂ' ਦੀ। ਮਹਾਰਾਜ ਕਹਿੰਦੇ, ਜਿਹੜੀ ਇਹਦੇ ਅੰਦਰ ਮੈਂ ਹੈ ਨਾ, ਮੈਂ ਭਾਵ ਹੈ ਕਿ ਮੈਂ ਫਲਾਣਾ ਸਿੰਘ, ਮੇਰਾ ਫਲਾਣਾ ਘਰ, ਮੇਰੇ ਬੱਚੇ; ਆਪਾਂ ਸਾਰਿਆਂ ਅੰਦਰ ਹੀ ਇਹ ਗੱਲਾਂ ਨੇ, ਕਿਹੜਾ ਬੰਦਾ ਹੈ ਜਿਹਦੇ ਅੰਦਰ ਇਹ ਨਹੀਂ ਹੈ, ਮਹਾਰਾਜ ਕਹਿੰਦੇ ਪ੍ਰਮੇਸ਼ਰ ਵਾਲੀ ਸੁਰਤ ਹੋਰ ਹੈ। ਇਸ ਸੁਰਤ ਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਜਿੰਨਾਂ ਚਿਰ ਇਹ ਸੁਰਤ ਤੇਰੇ ਨਾਲ ਹੈ, ਓਨਾਂ ਚਿਰ ਤੂੰ ਜੰਮਦਾ ਰਹਿਣਾ ਹੈ, ਮਰਦਾ ਰਹਿਣਾ ਹੈ, ਜੰਮਣਾ ਮਰਨਾ ਗਲੋਂ ਨਹੀਂ ਛੁੱਟ ਸਕੇਗਾ ਕਦੇ ਵੀ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਹਉਮੈ ਨੂੰ ਕੱਟਣ ਵਾਲਾ ਹੈ, ਸਾਰੇ ਪ੍ਰੇਮੀ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੁਣ ਮੇਰੇ ਮਨਾਂ*
*ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਜੇ ਗੁਰੂ ਦੀ ਮੱਤ ਧਾਰਨ ਕਰ ਲਵੇ ਫੇਰ ਇਹ ਮਿਲਦਾ ਹੈ। ਇਹ ਕਰਦਾ ਕੀ ਹੈ? -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - ੫੩੮*

ਦੋ ਜ਼ਹਿਰਾਂ ਚੜ੍ਹੀਆਂ ਹੋਈਆਂ ਨੇ ਸਾਡੀ ਸੁਰਤ ਨੂੰ, ਜਦੋਂ ਜ਼ਹਿਰ ਚੜ੍ਹ ਜਾਏ, ਆਦਮੀ ਨੂੰ ਕੋਈ ਸੁਰਤ ਨਹੀਂ ਹੁੰਦੀ। ਬੇਸੁਰਤ ਹੋ ਜਾਂਦਾ ਹੈ, ਨਸ਼ਾ ਪੀ ਲਏ ਤਾਂ ਬੇਸੁਰਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਇੱਕ ਤਾਂ ਹਉਮੈ ਦੀ ਜ਼ਹਿਰ ਚੜ੍ਹ ਗਈ ਤੇ ਇੱਕ ਮਾਇਆ ਦੀ ਚੜ੍ਹ ਗਈ। ਜੇ ਮੈਂ ਦੋਹਾਂ ਦੀ ਗੱਲ ਕਰਾਂ, ਦੋਹਾਂ ਨੇ ਇਸੇ ਗੱਲ 'ਤੇ ਖਤਮ ਹੋ ਜਾਣਾ ਹੈ। ਹਉਮੈ ਦੀ ਜ਼ਹਿਰ ਸਾਨੂੰ ਅਰਬਾਂ-ਖਰਬਾਂ ਸਾਲਾਂ ਤੋਂ ਜਦੋਂ ਤੋਂ ਸੰਸਾਰ ਬਣਿਆ ਹੈ, ਅਸੀਂ ਜੰਮੀ ਜਾਂਦੇ ਹਾਂ, ਮਰੀ ਜਾਂਦੇ ਹਾਂ, ਜਾਂਦੇ ਕਿੱਥੇ ਹਾਂ? ਮਹਾਰਾਜ ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਆਹ ਜਿਹੜੀਆਂ ਜੂਨੀਆਂ ਨੇ 84 ਲੱਖ ਇਨ੍ਹਾਂ ਵਿੱਚ ਘੁੰਮਦੇ ਰਹਿੰਦੇ ਹਾਂ, ਘੁੰਮੇਟਣੀਆਂ ਖਾਂਦੇ, ਹੁਣ ਆਪੇ ਹੀ ਦੇਖ ਲਓ ਕਿ ਕਿੰਨਾਂ ਔਖਾ ਹੈ। ਇੱਕ ਤਾਂ ਹੈਗਾ ਕਿ ਹੁਣ ਵਾਰੀ ਆ ਗਈ, ਹੁਣ ਛੁਟ ਜਾਣ ਦਾ ਮੌਕਾ ਹੈ। ਜੇ ਨਹੀਂ ਬੰਦੇ ਨੂੰ ਪਤਾ ਲਗਦਾ, ਫੇਰ ਚੱਕਰ ਵਾਸਤੇ ਤਿਆਰ ਹੋ ਜਾ ਪਿਆਰਿਆ। ਇੱਥੇ ਵੀ ਦੁਖੀ ਹੈ, ਕਿਉਂਕਿ ਮਨ ਦੇ ਪਿੱਛੇ ਲੱਗਣ ਵਾਲਾ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਅੰਗ - ੯੪੭*

ਜਿੰਨੀ ਦੇਰ ਤੱਕ ਅੰਮ੍ਰਿਤ ਨਹੀਂ ਮਿਲਦਾ, ਓਨੀਂ

ਦੇਰ ਤੱਕ ਜੰਮਣਾ ਮਰਨਾ ਨਹੀਂ ਛੁਟਦਾ। ਜਿੰਨੇ ਵੀ ਧਰਮ ਨੇ, ਹਰੇਕ ਨੇ ਆਪਣਾ-ਆਪਣਾ ਤਰੀਕਾ ਉਸ ਖੂਹ ਤੱਕ ਪਹੁੰਚਣ ਵਾਸਤੇ ਜਾਰੀ ਕਰਿਆ ਹੋਇਆ ਹੈ। ਪਰ ਇਹ ਦੇਵਤਿਆਂ ਨੂੰ ਨਹੀਂ ਮਿਲਿਆ। ਦੇਵਤੇ ਸਮੁੰਦਰ ਰਿੜਕਦੇ ਨੇ, ਇਹਦੇ 'ਚੋਂ ਕਹਿੰਦੇ ਨੇ ਕਿ ਇੱਕ ਘੜਾ ਅੰਮ੍ਰਿਤ ਦਾ ਨਿਕਲਿਆ, ਪਰ ਉਹ ਜਿਹੜਾ ਅੰਮ੍ਰਿਤ ਹੈ, ਉਹਦੇ ਨਾਲ ਨਹੀਂ ਸਾਡਾ ਕੋਈ ਵੀ ਤੁਅੱਲਕ। ਸਾਡੇ ਅੰਮ੍ਰਿਤ ਉਹ ਹੈ ਜਿਹਦਾ ਚਸ਼ਮਾ ਹਰ ਵਕਤ ਅੰਦਰ ਚਲਦਾ ਹੈ। ਫੁਹਾਰੇ ਵਾਂਗਣ ਅੰਦਰ ਚਲ ਰਿਹਾ ਹੈ ਅੰਮ੍ਰਿਤ। ਪਰ ਉਥੇ ਪੰਜ ਚੋਰ ਪਹਿਰਾ ਲਾਈਂ ਖੜ੍ਹੇ ਨੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥* *ਅੰਗ - ੬੦੦*

ਇਹ ਨਾਮ ਵਲ ਸੁਰਤ ਨਹੀਂ ਜਾਣ ਦਿੰਦੇ। ਇਹ ਅੰਮ੍ਰਿਤ ਮਿਲਣਾ ਹੈ 'ਗੁਰੂ' ਤੋਂ, ਹੋਰ ਕਿਤੋਂ ਮਿਲ ਨਹੀਂ ਸਕਦਾ। ਇਹਦੇ ਵਾਸਤੇ ਵਾਹਿਗੁਰੂ ਨੇ ਪਾਬੰਦੀ ਲਾ ਦਿੱਤੀ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - ੧੨੪*

ਕਿਸੇ ਤੋਂ ਇਹ ਦਰਵਾਜ਼ਾ ਨਹੀਂ ਖੁਲ੍ਹਦਾ। ਇਹ ਸਿਰਫ ਸਮਰੱਥ ਗੁਰੂ ਹੈ ਜਿਹੜਾ ਅੰਮ੍ਰਿਤ ਦਾ ਦਰਵਾਜ਼ਾ ਖੋਲ੍ਹ ਕੇ ਸੋਝੀ ਦੇ ਦਿੰਦਾ ਹੈ ਕਿ ਲੈ ਪਿਆਰਿਆ! ਅੰਮ੍ਰਿਤ ਮੈਂ ਤੈਨੂੰ ਬਾਹਰੋਂ ਨਹੀਂ ਦਿੱਤਾ, ਮੈਂ ਤਾਂ ਜਿਹੜਾ ਦਿੱਤਾ ਸੀ, ਬਾਹਰੋਂ, ਕ੍ਰਿਆ ਕਰੀ ਸੀ ਪਾਹੁਲ ਛਕਾਉਣ ਦੀ, ਉਹ ਇਸ ਵਾਸਤੇ ਕਰੀ ਸੀ ਕਿ ਤੇਰੀ ਪਹੁੰਚ ਇਸ ਅੰਮ੍ਰਿਤ ਤੱਕ ਹੋ ਜਾਏ। ਹੁਣ ਇਹ ਚਸ਼ਮਾ ਖੁਲ੍ਹ ਗਿਆ ਤੇਰੇ ਅੰਦਰ, ਹੁਣ ਪੀਈ ਜਾਹ ਜਿੰਨਾਂ ਪੀਣਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ -* *ਅੰਮ੍ਰਿਤ ਚਸ਼ਮਾ ਅੰਦਰ ਤੇਰੇ*
*ਸੁਣ ਲੈ ਭਾਗਾਂ ਵਾਲਿਆ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ..........॥*

ਮਹਾਰਾਜ ਦਾ ਫੁਰਮਾਨ ਸੁਣੋ। ਕਹਿੰਦੇ ਨੇ ਕਿ ਦੇਖੋ ਪਿਆਰਿਓ! -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੨੮*

ਕੇਵਲ ਗੁਰੂ ਦੇ ਕੋਲ ਅੰਮ੍ਰਿਤ ਦੀ ਚਾਬੀ ਹੈ ਹੋਰ ਕਿਸੇ ਕੋਲ ਨਹੀਂ, ਦੇਵਤਿਆਂ ਕੋਲ ਨਹੀਂ ਹੈ। ਉਹ ਤਾਂ ਖੁਦ ਲੋਚਦੇ ਨੇ। ਸਾਰੀ ਦੁਨੀਆਂ ਲੋਚਦੀ ਹੈ, ਕਿਉਂਕਿ ਇਹਨੂੰ ਪੀ ਕੇ ਬੰਦਾ ਅਮਰ ਹੋ ਜਾਂਦਾ ਹੈ। ਉਹ ਹੈ ਕਿੱਥੇ? ਬਾਹਰ ਨਹੀਂ ਹੇ ਮਹਾਰਾਜ ਕਹਿੰਦੇ -

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥* *ਅੰਗ - ੫੭੦*

ਆਹ ਜੀਭ ਦੇ ਨਾਲ ਪੀ ਹੁੰਦਾ ਹੈ। ਬਾਕੀ ਚੀਜ਼ਾਂ ਵੀ ਆਪਾਂ ਜੀਭ ਨਾਲ ਹੀ ਪੀਂਦੇ ਹਾਂ, ਜੀਭ ਨਾ ਹੋਵੇ ਤਾਂ ਹੁਥੂ ਆ ਜਾਂਦਾ ਹੈ। ਓਨਾਂ ਹੀ ਅੰਦਰ ਜਾਣ ਦਿੰਦੇ ਹਾਂ ਜਿੰਨਾ ਜੀਭ ਨੂੰ ਪਤਾ ਹੈ ਕਿ ਗਲ 'ਚੋਂ ਲੰਘ ਜਾਏਗਾ। ਸੋ ਇਹ ਵੀ ਜਿਹੜਾ ਹੈ ਰਸਨਾ ਦੇ ਨਾਲ ਪੀ ਹੁੰਦਾ ਹੈ। ਸੱਚ ਸ਼ਬਦ ਦਾ ਬੀਚਾਰ ਕਰਕੇ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ ਜਿਹੜੀ ਮੈਂ ਹੁਣ ਕਹਿਣ ਲੱਗਿਆ ਹਾਂ, ਉਹ ਇਹ ਹੈ ਕਿ ਸੱਚਾ ਸ਼ਬਦ ਹੈ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਅੰਗ - ੧*

ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਜਿੰਨਾਂ ਚਿਰ ਅਸੀਂ ਇਸ ਗੱਲ 'ਤੇ ਨਹੀਂ ਆਉਂਦੇ ਓਨਾਂ ਚਿਰ ਹਉਮੈ ਦਾ ਖਾਤਮਾ ਨਹੀਂ ਹੁੰਦਾ। ਜਦ ਸਾਡੇ ਮਨ ਨੇ 100% ਮੰਨ ਲਿਆ, ਉਸੇ ਵੇਲੇ ਹਉਮੈ ਨੱਠ ਜਾਏਗੀ, ਨਾਮ ਪ੍ਰਗਟ ਹੋ ਜਾਏਗਾ। ਸੋ ਮਹਾਰਾਜ ਕਹਿੰਦੇ -

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥* *ਅੰਗ - ੫੭੦*

ਅੰਮ੍ਰਿਤ ਦਾ ਖੂਹ ਭਰਿਆ ਹੋਇਆ, ਅੰਮ੍ਰਿਤ ਦਾ ਚਸ਼ਮਾ ਤੇਰੇ ਅੰਦਰ ਹੈ ਪਿਆਰਿਆ। ਆਹ ਜਿਹੜਾ ਗੁਰੂ ਤੋਂ ਸ਼ਬਦ ਲਿਆ ਹੈ ਨਾ, ਵਾਹਿਗੁਰੂ ਮੰਤਰ ਪੰਜ ਪਿਆਰਿਆਂ ਨੇ ਦਿੱਤਾ ਹੈ ਜਾਂ ਕਿਸੇ ਵੀ ਸਮਰੱਥ ਪੁਰਸ਼ ਨੇ ਕੋਈ ਵੀ ਸ਼ਬਦ ਦਿੱਤਾ ਹੈ। ਅੱਲਾਹ ਦਿੱਤਾ ਹੈ, ਰਾਮ ਦਿੱਤਾ ਹੈ, ਹਰੀ ਦਿੱਤਾ, ਓਮ, ਓਅੰਕਾਰ, ਸੋਹੰ ਦਿੱਤਾ ਹੈ, ਕਹਿੰਦੇ ਇਹਦੇ ਨਾਲ ਕੱਢ ਹੋਣਾ ਹੈ। ਕੋਈ ਵੱਡਾ ਡੋਲ ਹੈ, ਕੋਈ ਛੋਟਾ ਹੈ, ਕਿਸੇ ਨੇ ਗੜਵੇ ਨਾਲ ਹੀ ਬੰਨ੍ਹੀ ਹੋਈ ਹੈ ਰੱਸੀ, ਕੱਢਣਾ ਸਭ ਨੇ ਹੀ ਹੈ, ਨਿਸ਼ਚੇ ਦੀ ਗੱਲ ਹੈ ਆਪਣੇ। ਸੋ ਮਹਾਰਾਜ ਕਹਿੰਦੇ ਅੰਮ੍ਰਿਤ ਤੇਰੇ ਅੰਦਰ ਹੈ, ਇਹ ਖੂਹ ਭਰਿਆ ਪਿਆ ਹੈ। ਤੂੰ ਸ਼ਬਦ ਦੇ ਨਾਲ ਕੱਢ ਲੈ, ਜਿਸ ਤਰ੍ਹਾਂ ਆਪਾਂ ਹੁਣ ਜਾਪ ਕਰਿਆ ਸੀ ਨਾ ਸ਼ਬਦ ਦਾ, ਅੰਮ੍ਰਿਤ ਵੇਲੇ ਉਠਿਆ ਕਰ, ਇਸ਼ਨਾਨ ਕਰਕੇ ਕਿਸੇ ਇਕਾਂਤ ਥਾਂ 'ਤੇ ਬਹਿ ਜਾਇਆ ਕਰ, ਆਸਣ ਲਾ ਕੇ। ਫੇਰ ਤੂੰ ਇਸ ਸ਼ਬਦ ਨੂੰ ਜਪ। ਜਪਣ ਦੇ ਨਾਲ ਹੌਲੀ-ਹੌਲੀ ਇਹ ਲਟ ਜਿਹੜੀ ਹੈ ਸ਼ਬਦ ਦੀ, ਅੰਮ੍ਰਿਤ ਦੇ ਖੂਹ ਤੱਕ ਪਹੁੰਚ ਜਾਏਗੀ। ਫੇਰ ਹੋਏਗਾ ਕੀ? ਤੇਰੇ ਅੰਦਰ 'ਨਾਮ ਹੀ ਨਾਮ' ਹੋ ਜਾਏਗਾ, ਨਾਮ ਦੀ ਸ਼ਕਤੀ ਆ ਜਾਏਗੀ। ਨਾਮ ਦੀ ਸ਼ਕਤੀ ਕਿੱਡੀ ਹੁੰਦੀ ਹੈ? ਇਹਦਾ ਕੋਈ ਆਦਮੀ ਅੱਜ ਤੱਕ ਪੈਦਾ ਨਹੀਂ ਹੋਇਆ ਜਿਹੜਾ ਅੰਦਾਜ਼ਾ ਲਾ ਸਕੇ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਉਹ ਨਾਮ ਅੰਦਰ ਹੈ, ਨੌਆਂ ਖਜ਼ਾਨਿਆਂ ਵਾਲਾ,

ਜਿਥੇ ਹੈਗਾ ਉਥੇ ਨਿਸ਼ਾਨੀਆਂ ਨੇ 'ਸੁੰਨ ਸਮਾਧਿ' ਉਥੇ ਕੋਈ ਫੁਰਨਾ ਨਹੀਂ ਆਉਂਦਾ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਉਥੇ ਬਾਰਿਸ਼ ਹੁੰਦੀ ਹੈ ਨਾਮ ਦੀ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪*

ਨਾ ਦੁਖ ਦਾ ਪਤਾ ਲਗਦਾ ਹੈ, ਨਾ ਸੁਖ ਦਾ ਪਤਾ ਲਗਦਾ ਹੈ, ਦੋਹਾਂ ਤੋਂ ਉੱਤੇ ਲੰਘ ਜਾਂਦਾ ਹੈ। ਜੇ ਤੱਤੀ ਤਵੀ 'ਤੇ ਬਿਠਾ ਦਿੱਤਾ, ਨਾਮ ਦੇ ਮੰਡਲ 'ਚ ਗਿਆ ਹੋਇਆ, ਸਾਡੇ ਵਾਂਗਣ ਚੀਕਾਂ ਨਹੀਂ ਉਹ ਮਾਰਦਾ। ਉਹਨੂੰ ਪਤਾ ਹੈ ਕਿ ਸੁਰਤ ਉਹਦੀ ਨਾਮ ਦੇ ਵਿੱਚ ਚਲੀ ਗਈ। ਸਰੀਰ ਦਾ ਦੁਖ ਸੁਖ ਉਥੇ ਪਹੁੰਚਦਾ ਨਹੀਂ ਹੈ। ਜਿਥੇ ਆਤਮਾ ਦਾ ਪ੍ਰਕਾਸ਼ ਹੋ ਜਾਂਦਾ ਹੈ, ਦੁੱਖਾਂ ਤੋਂ ਉਪਰ ਹੋ ਜਾਂਦਾ ਹੈ। ਹੁਣ ਦੇਖੋ ਕਿੱਡੀ ਵੱਡੀ ਕੀਮਤੀ ਚੀਜ਼ ਸਾਡੇ ਅੰਦਰ ਰੱਖੀ ਹੋਈ ਹੈ। ਪਹਿਲਾਂ ਦੱਸਿਆ ਗਿਆ ਹੈ ਕਿ ਉਹਦਾ ਤਰੀਕਾ ਪਿਆਰਿਓ ਆਹ ਹੈ। ਸਾਡੀ ਸੰਪਰਦਾ ਦਾ, ਸਿੱਖ ਧਰਮ ਦਾ। ਬਾਕੀ ਸੰਪਰਦਾਵਾਂ ਨੇ, ਵਾਹਿਗੁਰੂ ਨੇ ਬੇਅੰਤ ਦੁਨੀਆਂ, ਜਦ ਤੋਂ ਸੰਸਾਰ ਰਚਿਆ ਹੈ ਬਣਾਈ ਹੈ ਤੇ ਉਹਦੇ ਤਰਨ ਦਾ ਵੀ ਸਾਧਨ ਬਣਾਇਆ ਹੋਇਆ ਹੈ। ਸੋ ਜਿਹੜਾ ਸਾਡਾ ਸਾਧਨ ਹੈ, ਇਹਨੂੰ ਅਪਣਾਓ, ਦੂਜਿਆਂ ਨਾਲ ਕਾਹਦਾ ਝਗੜਾ ਸਾਡਾ। ਸਾਨੂੰ ਆਪ ਹੀ ਨਹੀਂ ਲੱਭਿਆ ਅਜੇ ਰਸਤਾ। ਰੌਲਾ ਤਾਂ ਅਸੀਂ ਪਾਈ ਜਾਂਦੇ ਹਾਂ, ਸਾਨੂੰ ਪਤਾ ਹੀ ਨਹੀਂ ਲੱਗਿਆ ਅਜੇ ਅੰਦਰਲੇ ਅੰਮ੍ਰਿਤ ਦਾ, ਬਾਹਰਲਾ ਅੰਮ੍ਰਿਤ ਠੀਕ ਹੈ, ਉਹਦਾ ਨਾਉਂ ਅਸੀਂ ਰੱਖ ਲਿਆ, ਉਸ ਵੇਲੇ ਅੰਮ੍ਰਿਤ ਨਹੀਂ, ਉਸ ਵੇਲੇ ਪਾਹੁਲ ਕਹਿੰਦੇ ਸੀ -

*ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ।*

ਸੋ ਇਹ ਗੁਰੂ ਨੇ ਸਾਨੂੰ ਬਖਸ਼ਿਸ਼ ਕੀਤੀ ਹੈ ਤੇ ਗੁਰੂ ਦਾ ਜਿਹੜਾ ਚਰਿੱਤਰ ਹੁੰਦਾ ਹੈ, ਉਹ ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਦੁਨੀਆਂ ਨਹੀਂ ਸੋਚ ਸਕਦੀ ਗੁਰੂ ਦੇ ਬਾਰੇ। ਗੁਰੂ ਸਭ ਕੁਛ ਜਾਣਦਾ ਹੈ ਤੇ ਐਸਾ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*

*ਸਤਿਗੁਰੁ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥*
*ਭਾਈ ਗੁਰਦਾਸ ਜੀ, ਵਾਰ, ੩੪/੧*

ਜਿਸਦੇ ਕੋਲ ਅੰਮ੍ਰਿਤ ਦੀ ਦਾਤ ਹੈ ਮਹਾਰਾਜ ਕਹਿੰਦੇ ਉਹ ਸਤਿਗੁਰੂ ਹੋਇਆ ਕਰਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਆਹ ਸਰੀਰ ਦੇ ਵਿੱਚ ਜਿਹੜਾ ਵਾਹਿਗੁਰੂ ਨੂੰ ਮਿਲਾ ਦੇਵੇ, ਉਹ ਸਤਿਗੁਰੂ ਹੁੰਦਾ ਹੈ, ਕਹਿੰਦੇ ਨਿਸ਼ਾਨੀ ਕੀ ਹੈ? ਕਹਿੰਦੇ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਪੰਜ ਸ਼ਬਦਾਂ ਦੀ ਧੁਨਕਾਰ ਹੁੰਦੀ ਹੈ, ਜਿਹਨੂੰ ਅਨਹਦ ਸ਼ਬਦ ਕਹਿੰਦੇ ਨੇ। ਇਹ ਜਦੋਂ ਨਿਸ਼ਾਨੀ ਆ ਜਾਵੇ ਤਾਂ ਸਮਝ ਲਓ ਮੈਨੂੰ ਰਾਹ ਲੱਭ ਗਿਆ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ - ੧੨੯੧*

ਇਹ ਸੱਤ ਵਾਦੀਆਂ ਹੁੰਦੀਆ ਨੇ ਭਜਨ ਕਰਨ ਵਾਲਿਆਂ ਦੀਆਂ, ਸੱਤ ਸਟੇਜਾਂ। ਜਿਵੇਂ ਕਿਸੇ ਉੱਚੇ ਸਥਾਨ 'ਤੇ ਚੜ੍ਹਨਾ ਹੈ, ਸੱਤ ਮੰਜ਼ਲਾਂ, ਸੱਤ ਮੁਕਾਮ ਰਸਤੇ ਵਿੱਚ ਆਉਣ, ਕਿ ਪਹਿਲਾਂ ਆਹ ਆਏਗਾ, ਫੇਰ ਆਹ, ਫੇਰ ਆਹ; ਇਹ ਗੱਲਾਂ ਬੜੀਆਂ ਸਮਝਣ ਵਾਲੀਆਂ ਨੇ। ਲਗਾਤਾਰ ਸਤਿਸੰਗ ਕਰੋ, ਤਾਂ ਕਿਤੇ ਜਾ ਕੇ ਸਮਝ ਵਿੱਚ ਆਉਂਦੀਆਂ ਨੇ। ਫੇਰ ਵੀ ਬਹੁਤ ਮੁਸ਼ਕਲ ਹੈ। ਨਾਉਂ ਮੈਂ ਦੱਸ ਦਿੰਦਾ ਹਾਂ, ਪਰ ਨਾਉਂ ਲੈਣ ਨਾਲ ਕੋਈ ਫਰਕ ਨਹੀਂ ਪੈਣਾ। ਪਹਿਲੀ ਵਾਦੀ ਤਲਾਸ਼ ਦੀ ਹੁੰਦੀ ਹੈ, ਬਾਬਾ ਫਰੀਦ ਵਾਂਗੂੰ ਤਲਾਸ਼ ਲੱਗੇ। ਚੌਂਵੀ ਸਾਲ ਜੰਗਲਾਂ 'ਚ ਭਟਕਦਾ ਰਿਹਾ, ਤਲਾਸ਼ ਕਰਦਾ ਵਾਹਿਗੁਰੂ ਦੀ। ਦੂਸਰੀ ਹੋਇਆ ਕਰਦੀ ਹੈ, ਵਾਦੀ-ਏ-ਇਸ਼ਕ, ਪਿਆਰ ਦੀ, ਮੁਰਸ਼ਦ ਕੋਲ ਚਲਿਆ ਗਿਆ, 14 ਸਾਲ ਪਿਆਰ ਕਰਿਆ। ਤੀਸਰੀ ਵਾਦੀ ਹੋਇਆ ਕਰਦੀ ਹੈ ਵਾਦੀ-ਏ-ਮਾਰਫਤ, ਪਤਾ ਲੱਗ ਜਾਂਦਾ ਹੈ ਕਿ ਇੱਥੇ ਵਾਹਿਗੁਰੂ ਆਪ ਹੀ ਹੈ, ਉਹਦਾ ਹੀ ਨੂਰ ਹੈ, ਉਹ ਆਪੇ ਹੀ ਸਾਰੇ ਪਸਰਿਆ ਹੋਇਆ ਹੈ। ਲੇਕਿਨ ਅੱਖਾਂ ਨਾਲ ਨਹੀਂ ਅਜੇ ਦਿਸਿਆ। ਤੀਸਰੇ ਡੰਡੇ ਦੀ ਪਉੜੀ ਚੜ੍ਹ ਗਿਆ। ਤੀਸਰੇ ਮੁਕਾਮ 'ਤੇ ਪਹੁੰਚ ਗਿਆ। ਚੌਥੇ ਮੁਕਾਮ 'ਤੇ ਜਾ ਕੇ ਲਿਵ ਲਗ ਜਾਂਦੀ ਹੈ। ਅਗਲਾ ਹਾਕਾਂ ਮਾਰਦਾ ਹੈ ਕਿ ਭਾਈ! ਪ੍ਰਸ਼ਾਦਾ ਛਕ ਲੈ, ਕਿਉਂ ਨਹੀਂ ਛਕਦਾ, ਇਥੇ ਹੀ ਬੈਠਾ ਹੈਂ। ਬਾਹਰ ਚਲਿਆ ਗਿਆ, ਉਥੇ ਹੀ ਲਿਵ ਲਗ ਗਈ, ਉਥੇ ਹੀ ਬੈਠਾ ਰਿਹਾ। ਨਾਮ ਦੀ ਧੁਨ ਅੰਦਰ ਚਲ ਪੈਂਦੀ ਹੈ ਪੂਰੇ ਜ਼ੋਰ ਨਾਲ, ਉਹਦੇ ਵਿੱਚ ਸੁਰਤ ਲਗ ਜਾਂਦੀ ਹੈ, ਇਹਨੂੰ ਲਿਵ ਲਗਣਾ ਕਹਿੰਦੇ ਨੇ। ਮਹਾਰਾਜ ਕਹਿੰਦੇ ਜੇ ਲਿਵ ਨਹੀਂ ਨਾ ਲੱਗੀ ਪਿਆਰਿਓ! ਇੱਕ ਗੱਲ ਸੁਣ ਲਓ, ਤੁਹਾਡੀ ਦੇਹ

ਜਿਹੜੀ ਹੈ ਇਹ ਦੇਹ ਕਹਾਉਣ ਦੇ ਕਾਬਲ ਨਹੀਂ ਹੈ, ਇਹ ਦੀਰਘ ਰੋਗ ਲਗਾ ਹੋਇਆ ਹੈ ਦੇਹ ਨੂੰ। ਦੇਹ ਨਿਮਾਣੀ ਵਿਚਾਰੀ ਹੈ –

*ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥*
*ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥*

*ਅੰਗ – ੯੧੭*

ਚੌਥੀ ਮੰਜ਼ਲ 'ਤੇ ਅਸੀਂ ਪਹੁੰਚ ਹੀ ਨਹੀਂ ਸਕੇ, ਲਿਵ ਨਹੀਂ ਲੱਗੀ ਸਾਡੀ ਅਜੇ। ਲਿਵ ਲੱਗੀ ਹੋਈ ਹੈ ਪੈਸੇ ਕਮਾਉਣ 'ਚ, ਤੂੰ ਗਲਤ ਕੰਮ ਕਰਨ ਵਾਸਤੇ ਲਿਵ ਲਾਈ ਬੈਠਾ ਹੈਂ। ਜਦੋਂ ਪ੍ਰਮੇਸ਼ਰ ਦੇ ਨਾਮ ਨਾਲ ਲਿਵ ਲਗਦੀ ਹੈ, ਅੰਦਰ ਰਸ ਆਉਂਦਾ ਹੈ। ਸਮਾਂ ਭੁੱਲ ਜਾਂਦਾ ਹੈ। ਅੰਦਰਲੇ ਪਾਸੇ ਨਾਦ ਸੁਣਦੇ ਨੇ, ਬਗੈਰ ਵਜਾਏ ਹੋਏ ਵਾਜੇ ਵਜਦੇ ਨੇ। ਉਹ ਐਨੀ ਮਿੱਠੀ ਸੁਰੀਲੀ ਧੁਨ ਹੈ, ਉਹਦੇ ਵਿਚੋਂ ਉਠ ਨਹੀਂ ਸਕਦਾ ਆਦਮੀ, ਫੇਰ ਲਿਵ ਲਗ ਜਾਂਦੀ ਹੈ, ਨਾਮ ਉਹਦੇ ਵਿੱਚ ਚਲਦਾ ਹੈ, ਸ਼ਬਦ ਦੀ ਗੂੰਜ ਪੈਂਦੀ ਹੈ ਤੇ ਨਾਲ ਵਾਜੇ ਵਜਦੇ ਨੇ। ਇਹ ਚੌਥੀ ਮੰਜ਼ਲ ਹੋ ਜਾਇਆ ਕਰਦੀ ਹੈ। ਪੰਜਵੀ ਹੋਇਆ ਕਰਦੀ ਹੈ, ਵਹਿਦੀਅਤ ਦੀ। ਪਤਾ ਲਗ ਜਾਂਦਾ ਹੈ ਕਿ ਮੈਂ ਤੇ ਵਾਹਿਗੁਰੂ ਅੱਡ–ਅੱਡ ਨਹੀਂ ਹੈਗੇ, ਅਸੀਂ ਇੱਕੋ ਹੀ ਹਾਂ। ਲੇਕਿਨ ਅਜੇ ਤੱਕ ਅੰਦਰੋਂ ਨਹੀਂ ਮੰਨਿਆ। ਅੰਦਰੋਂ ਮੰਨ ਲਓ। ਜੇ ਕੋਈ ਮੰਨ ਲਵੇ, ਹੁਣੇ ਬ੍ਰਹਮਗਿਆਨੀ ਹੋ ਜਾਏਗਾ, ਇਥੇ ਬੈਠਾ–ਬੈਠਾ ਹੀ। ਕੋਈ ਬੰਦਾ ਹਿੰਮਤ ਨਾਲ ਮੰਨ ਲਵੇ। ਮਹਾਰਾਜ ਕਹਿੰਦੇ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ – ੧*

ਇਹਦਾ ਮਤਲਬ ਕੀ ਹੈ? ਅਸੀਂ ਤਾਂ ਜਾਣਦੇ ਹੀ ਨਹੀਂ। ਪ੍ਰੋਫੈਸਰ ਨਹੀਂ ਜਾਣਦੇ, ਗਿਆਨੀਆਂ ਨੂੰ ਨਹੀਂ ਪਤਾ; ਸੰਤਾਂ ਨੂੰ ਪਤਾ ਹੈ। ਉਹ ਇਹ ਹੈ ਕਿ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ। 'ਮੈਂ' ਹਾਂ ਹੀ ਨਹੀਂ–

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥* *ਅੰਗ – ੮੨੭*

ਇਹ ਤਾਂ ਤੂੰ ਹੀ ਤੂੰ ਹੈਂ, ਮੈਂ ਤਾਂ ਹਾਂ ਹੀ ਨਹੀਂ, ਮੈਂ ਐਵੇਂ ਵਿੱਚ ਵੜ ਗਿਆ ਆ ਕੇ। ਜਿਹਨੂੰ ਇਹ 100% ਗਿਆਨ ਹੋ ਜਾਏ, ਉਸੇ ਵੇਲੇ ਬ੍ਰਹਮ ਦਾ ਗਿਆਨ ਹੋ ਜਾਏਗਾ। ਇਹਨੂੰ ਅਭੇਦ ਅਵਸਥਾ ਕਹਿੰਦੇ ਨੇ। ਅਜੇ ਮਿਲਿਆ ਨਹੀਂ ਹੈ, ਲੇਕਿਨ ਵਹਿਦੀਅਤ ਵਿੱਚ ਪਹੁੰਚ ਗਿਆ। ਖਿਆਲ ਆਉਣ ਲਗ ਗਿਆ ਕਿ ਇਥੇ ਹੋਰ ਕੋਈ ਨਹੀਂ। ਹੁਣ ਇਸ ਤੋਂ ਅੱਗੇ ਹੋਰ ਤਰੱਕੀ ਕਰੀ। ਫੇਰ ਕਿੱਥੇ ਪਹੁੰਚਿਆ? ਕਹਿੰਦੇ ਹੈਰਾਨੀ ਦੇ ਮੰਡਲ 'ਚ ਪਹੁੰਚ ਗਿਆ, ਵਿਸਮਾਦ ਦੇ ਮੰਡਲ ਵਿੱਚ ਪਹੁੰਚ ਗਿਆ। ਸਹਿ ਨਹੀਂ ਹੁੰਦਾ, ਜਰ ਨਹੀਂ ਹੁੰਦਾ, ਐਨਾ ਅਨੰਦ ਆਉਂਦਾ ਹੈ। ਹੁਣ ਇੱਕ ਮੰਜ਼ਲ ਹੋਰ ਰਹਿ ਗਈ। ਉਸ ਵਿੱਚ ਗੁਰੂ ਦੀ ਮਦਦ ਤੋਂ ਬਿਨਾਂ ਨਹੀਂ ਲੰਘ ਸਕਿਆ ਕਰਦਾ। ਇਥੇ ਗੁਰੂ ਦੀ ਮਦਦ ਦੀ ਲੋੜ ਹੈ, ਪੂਰੇ ਸੰਤ ਦੀ ਲੋੜ ਹੈ। ਸੰਤ ਹੈ ਨਹੀਂ ਦੁਨੀਆਂ 'ਚ. ਬੜਾ ਮੁਸ਼ਕਲ ਹੈ। ਗੁਰੂ ਗ੍ਰੰਥ ਸਾਹਿਬ ਅੱਗੇ ਹੀ ਬੇਨਤੀਆਂ ਕਰੋ। ਇਹੀ ਲੰਘਾ ਦੇਣਗੇ। ਗੁਰੂ ਗ੍ਰੰਥ ਸਾਹਿਬ ਜੋ ਹਨ ਇਹ ਪ੍ਰਤੀਕ ਹੁੰਦਾ ਹੈ, ਇਹ ਪ੍ਰਤੀਕ ਹੈ ਦਸਾਂ ਪਾਤਸ਼ਾਹੀਆਂ ਦਾ। ਗੁਰੂ ਜੋਤ ਹੈ ਉਹ ਹੁਣ ਵੀ ਹੈਗੀ। ਹਰੇਕ ਦੇ ਅੰਦਰ ਹੈ, ਜਿਹੜਾ ਮਿਲਣਾ ਚਾਹੁੰਦਾ ਹੈ ਮਿਲ ਲਓ, ਤਰੀਕੇ ਹੁੰਦੇ ਨੇ ਇਹਦੇ ਮਿਲਣ ਦੇ ਵੀ। ਉਹਦੀ ਮਿਹਰਬਾਨੀ ਹੁੰਦੀ ਹੈ, ਉਹ ਜੀਵ ਦੇ ਵਿਚੋਂ ਦ੍ਵੈਤ ਖਤਮ ਕਰਕੇ ਏਕਤਾ ਵਿੱਚ ਦਾਖਲ ਕਰਕੇ ਇਹਦਾ ਮੈਂ ਭਾਵ ਕੱਟ ਦਿੰਦਾ ਹੈ ਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਰਹਿ ਜਾਂਦਾ ਹੈ, ਉਹਨੂੰ ਕਹਿੰਦੇ ਨੇ ਫਿਨਾਹ–ਏ–ਅੱਲਾਹ, ਅੱਲਾਹ ਦੇ ਵਿੱਚ ਫਨਾਹ ਹੋ ਜਾਣਾ, ਵਾਹਿਗੁਰੂ 'ਚ ਅਭੇਦ ਹੋ ਜਾਣਾ, ਇਹ ਚੀਜ਼ਾਂ ਗੁਰੂ ਕੋਲ ਹੁੰਦੀਆਂ ਨੇ। ਜਿਹੜਾ ਗੁਰੂ ਹੈ ਉਹਨੂੰ 'ਗੁਰੂ' ਕਹਿੰਦੇ ਹੀ ਤਾਂ ਨੇ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥* *ਅੰਗ – ੧੨੯੧*

ਆਹ ਸਰੀਰ ਵਿੱਚ ਹੀ ਵਾਹਿਗੁਰੂ ਨਾਲ ਮਿਲਾ ਦਿੰਦਾ ਹੈ, ਹੈਗਾ ਵਾਹਿਗੁਰੂ ਹੀ ਸਰੀਰ ਵਿੱਚ, ਪਰਛਾਵੇਂ ਨੂੰ ਅਸੀਂ ਮੰਨ ਕੇ ਮੈਂ ਮੰਨੀ ਜਾਂਦੇ ਹਾਂ। ਇਹ ਹੁਣ ਗੱਲ ਟੁਟਦੀ ਨਹੀਂ ਹੈ। ਗੱਲਾਂ ਦੱਸਣ ਨਾਲ ਨਹੀਂ ਟੁੱਟਦੀ, ਇਹ ਤਾਂ ਸਾਧਨਾ ਨਾਲ ਟੁੱਟਦੀ ਹੈ। ਸੋ ਗੁਰੂ ਜਿਹੜਾ ਹੈ ਉਹ ਦਿਖਾ ਦਿੰਦਾ ਹੈ, ਗੁਰੂ ਹੁੰਦਾ ਹੀ ਏਸ ਕਰਕੇ ਹੈ, ਗੁਰੂ ਨੂੰ ਅਸੀਂ ਇਸ ਕਰਕੇ ਸਭ ਕੁਛ ਸੌਂਪਦੇ ਹਾਂ ਕਿ ਮੈਨੂੰ ਤੂੰ ਮਿਲਾ ਦੇ ਰੱਬ ਨਾਲ ਮੇਰੇ ਗਲੋਂ ਜੰਮਣ ਮਰਨ ਦੀ ਫਾਹੀ ਲਾਹ ਦੇ। ਮਹਾਰਾਜ ਕਹਿੰਦੇ ਫੇਰ ਆਉਂਦੀ ਹੈ ਅਵਸਥਾ–

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ – ੧੨੯੧*

ਉਥੇ ਮਹਾਰਾਜ ਕਹਿੰਦੇ ਬੇਅੰਤ –

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥* *ਅੰਗ – ੬*

ਗਿਣਤੀ ਮਿਣਤੀ ਤੋਂ ਬਾਹਰ ਨੇ ਗਾਉਣ ਵਾਲੇ –

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ – ੧੨੯੧*

ਸੋ ਐਸਾ ਜੋ ਗੁਰੂ ਹੁੰਦਾ ਹੈ, ਉਹਦਾ ਸਾਡੇ ਵਰਗਾ ਸੁਭਾਅ ਨਹੀਂ ਹੁੰਦਾ, ਸਾਡੇ ਤੋਂ ਵੱਖਰਾ ਹੁੰਦਾ ਹੈ, ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਜਾਣ ਨਹੀਂ ਸਕਦਾ।

ਗੁਰੂ ਦਸ਼ਮੇਸ਼ ਪਿਤਾ ਨਾਲ ਬਗੈਰ ਕਿਸੇ ਮਤਲਬ ਤੋਂ ਯੁੱਧ ਸ਼ੁਰੂ ਹੋਇਆ, ਕੋਈ ਮਤਲਬ ਨਹੀਂ ਸੀ। ਜੇ ਸੀ ਤਾਂ ਉਹ ਦੁਨਿਆਵੀ ਸੀ, ਰਾਜਸੀ ਮਤਲਬ ਸੀ, ਰਾਜਸੀ ਚਾਲ ਸੀ ਕਿ ਇਹ ਜਿਹੜੇ ਮੌਤ ਤੋਂ ਉੱਚੇ ਹੁੰਦੇ ਜਾਂਦੇ ਨੇ, ਅੰਮ੍ਰਿਤ ਜਿਨ੍ਹਾਂ ਦੇ ਮੂੰਹ ਨੂੰ ਲਗਦਾ ਹੈ, ਅੰਮ੍ਰਿਤ ਅੰਦਰ ਹੈ –

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ - ੨੮੭*

ਜਿਹਨੇ ਵੀ ਉਹ ਅੰਦਰਲਾ ਅੰਮ੍ਰਿਤ ਪੀ ਲਿਆ ਉਹ ਮੁੜ ਕੇ ਨਹੀਂ ਮਰਦਾ।

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - ੮੦੮*

ਉਹ ਜਦੋਂ ਇਕ ਵਾਰੀ ਮਿਲ ਗਿਆ, ਫੇਰ ਨਹੀਂ ਆਦਮੀ ਥੱਲੇ ਆਇਆ ਕਰਦਾ, ਕਿਉਂਕਿ ਮਾਇਆ ਦੀ ਉਥੇ ਪਹੁੰਚ ਨਹੀਂ ਹੈ, ਨਾ ਹੋਣ ਕਰਕੇ ਇਹਨੂੰ ਦਿਸਦਾ ਨਹੀਂ ਹੈ। ਉਹ ਅੰਮ੍ਰਿਤ ਜਿਨ੍ਹਾਂ ਨੂੰ ਪ੍ਰਾਪਤ ਹੋ ਗਿਆ, ਜਿਹੜੇ ਉਮੀਦਵਾਰ ਸੀ, ਉਹ ਮੌਤ ਤੋਂ, ਡਰਨ ਤੋਂ ਹਟ ਗਏ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹੋਏ ਉਹ ਜ਼ੁਲਮ ਨੂੰ ਸਹਿ ਨਾ ਸਕੇ, ਉਨ੍ਹਾਂ ਨੇ ਟੋਕਾ-ਟਾਕੀ ਸ਼ੁਰੂ ਕਰ ਦਿੱਤੀ ਕਿ ਤੁਸੀਂ ਮਾੜਾ ਕੰਮ ਕਰਦੇ ਓਂ। ਤੁਹਾਡਾ ਕੰਮ ਨਹੀਂ। ਰਾਜਾ ਤਾਂ ਹੁੰਦਾ ਹੈ ਜੇ ਨਿਆਂ ਕਰੇ, ਨਹੀਂ ਤਾਂ ਰਾਜਾ ਕਸਾਈ ਹੁੰਦਾ ਹੈ।

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਤੁਸੀਂ ਰਾਜੇ ਬਣੇ ਹੋਏ ਓਂ, ਵਾਹਿਗੁਰੂ ਨੇ ਤੁਹਾਡੇ ਉਪਰ ਕ੍ਰਿਪਾ ਕਰੀ, ਤੁਸੀਂ ਇੱਕ ਅੱਖ ਨਾਲ ਦੇਖੋ ਸਾਰਿਆਂ ਨੂੰ, ਹਿੰਦੂਆਂ ਨੂੰ ਅੱਡ ਦੇਖਦੇ ਓਂ, ਇਸਲਾਮ ਵਾਲਿਆਂ ਨੂੰ ਅੱਡ ਦੇਖਦੇ ਓਂ, ਇਨ੍ਹਾਂ ਦੇ ਵਿੱਚ ਵੀ ਅਮੀਰ ਆਦਮੀਆਂ ਨੂੰ ਅੱਡ ਦੇਖਦੇ ਓਂ, ਗਰੀਬਾਂ ਨੂੰ ਅੱਡ ਦੇਖਦੇ ਓਂ। ਇਹ ਡਰ ਜਿਹੜਾ ਸੀ ਇਹ ਰਾਜਿਆਂ ਨੂੰ ਕੁਦਰਤੀ ਪੈਂਦਾ ਹੈ, ਕਿਤੇ ਵੀ ਜਨਤਾ ਦਾ ਜ਼ੋਰ ਵਧ ਜਾਵੇ, ਰਾਜਾ ਡਰ ਜਾਂਦਾ ਹੈ, ਉਹਦੇ ਕਰਕੇ ਪਹਿਲਾਂ ਤਾਂ ਉਨ੍ਹਾਂ ਨੇ ਚਲਾਕੀਆਂ ਕਰੀਆਂ, ਪਹਾੜੀ ਰਾਜਿਆਂ ਨੂ ਚੁੱਕਦੇ ਰਹੇ, ਅਖੀਰ ਬਹੁਤ ਵੱਡਾ ਯੁੱਧ, ਕਿੰਨੀ ਫੌਜ, ਮਹਾਰਾਜ ਜੀ ਲਿਖਦੇ ਹਨ ਕਿ ਦੱਸ ਲੱਖ ਫੌਜ ਭੇਜੀ ਸੀ। ਸਾਰੀ ਅਨੰਦਪੁਰ ਸਾਹਿਬ ਦੇ ਦੁਆਲੇ ਨਹੀਂ ਸੀ। ਹਰ ਥਾਂ ਦੇ ਉਤੇ ਸੀ, ਇੱਕ ਤਾਂ ਕਿਸੇ ਜਗ੍ਹਾਂ ਸਿੱਖ ਇਕੱਠੇ ਨਾ ਹੋ ਜਾਣ ਗੁਰੂ ਮਹਾਰਾਜ ਦੇ ਪਿਆਰੇ, ਹਮਲਾ ਨਾ ਕਰ ਦੇਣ, ਉਹ ਹਰ ਥਾਂ 'ਤੇ ਦਬਾਏ ਹੋਏ, ਕੋਈ ਰਸਤਾ ਨਹੀਂ ਸੀਗਾ। ਹੁਣ ਵੀ ਤੁਹਾਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਨਾਕਾਬੰਦੀ ਹੁੰਦੀ ਹੈ, ਸੋ ਅਨੰਦਪੁਰ ਦੇ ਘੇਰੇ ਨੂੰ ਛੇ ਮਹੀਨੇ ਲੰਘ ਗਏ। ਉਸ ਵੇਲੇ ਗੁਰੂ ਮਹਾਰਾਜ ਬਾਹਰ ਨਿਕਲਦੇ ਨੇ, ਕਹਿਣ ਲੱਗੇ ਸਿੰਘਾਂ ਨੂੰ ਕਿ ਇਹ ਪੱਤੇ ਦਰਖਤਾਂ ਦੇ ਕਿੱਥੇ ਗਏ? ਛਿੱਲਾਂ ਨਹੀਂ ਨਜ਼ਰ ਆਉਂਦੀਆਂ। ਕਹਿਣ ਲੱਗੇ, ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਵੀ ਉਬਾਲ-ਉਬਾਲ ਕੇ ਖਾ ਲਏ ਨੇ, ਛਿੱਲਾਂ ਵੀ ਉਬਾਲ-ਉਬਾਲ ਕੇ ਖਾ ਲਈਆਂ ਤੇ ਕੁਛ ਦਿਨ ਹੋਰ ਸਰੀਰ ਦਾ ਨਿਰਬਾਹ ਹੋ ਜਾਏ ਤੇ ਤੇਰੇ ਲੇਖੇ ਲਗ ਜਾਵੇ। ਐਵੇਂ ਨਾ ਸਰੀਰ ਅਸੀਂ ਛੱਡ ਜਾਈਏ। ਮਹਾਰਾਜ ਕਹਿੰਦੇ, ਖਾਲਸਾ ਜੀ! ਤੁਸੀਂ ਬਹੁਤ ਵੱਡਾ ਤਪ ਕਰ ਲਿਆ। ਉਧਰ ਉਹ ਵੀ ਦੁਖੀ ਹੋ ਗਏ। ਉਥੋਂ ਬਾਰ-ਬਾਰ ਹਦਾਇਤਾਂ ਆਉਂਦੀਆਂ ਨੇ ਕਿ ਬਈ ਕਿੱਡਾ ਕੁ ਹੈ ਕਿਲ੍ਹਾ। ਦੱਸ ਹਜ਼ਾਰ ਬੰਦਾ ਤੁਸੀਂ ਮੈਨੂੰ ਦੱਸਿਆ ਸੀ ਕਿ ਹੈਗਾ ਤੇ ਤੁਸੀਂ ਦਸ ਲੱਖ ਬੰਦੇ, ਦਸ ਹਜ਼ਾਰ ਨੂੰ ਕਾਬੂ ਨਹੀਂ ਕਰ ਸਕੇ ਅਜੇ ਤਕ। ਸਜਾਵਾਂ ਦੀਆਂ ਲਿਸਟਾਂ ਆ ਗਈਆਂ ਕਿ ਫਾਂਸੀ ਚਾੜ੍ਹ ਦਿੱਤੇ ਜਾਓਂਗੇ, ਖੱਲਾਂ 'ਚ ਮੜ੍ਹਾ ਦਿੱਤੇ ਜਾਓਂਗੇ, ਕੁੱਤਿਆਂ ਤੋਂ ਪੜਵਾ ਦਿੱਤੇ ਜਾਓਂਗੇ ਜੇ ਤੁਸੀਂ ਹਾਰ ਕੇ ਇਥੋਂ ਚਲੇ ਗਏ। ਡਰ ਗਏ ਸਾਰੇ, ਹੱਲਾ ਕਰਨ ਦੀ ਤਾਕਤ ਨਹੀਂ ਹੈ। ਅਖੀਰ ਰਾਜਸੀ ਚਾਲ ਚੱਲੀ। ਉਹ ਇਹ ਕਿ ਔਰੰਗਜ਼ੇਬ ਦੇ ਨਾਮ ਦੀ ਇੱਕ ਚਿੱਠੀ ਬਣਾਈ ਗਈ। ਸੱਚੀ ਸੀ ਜਾਂ ਝੂਠੀ ਸੀ ਇਹਦਾ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਲੱਗਿਆ। ਸੋ ਐਹੋ ਜਿਹੇ ਮੌਕਿਆਂ ਦੇ ਉਤੇ ਬੜਾ ਕੁਛ ਚੱਲਿਆ ਕਰਦਾ। ਕੁਰਾਨ ਸ਼ਰੀਫ ਰੱਖਿਆ ਗਿਆ, ਸਿਰ ਦੇ ਉਤੇ ਟਿਕਾ ਕੇ। ਜਿਹੜਾ ਵੱਡਾ ਮੌਲਵੀ ਸੀ ਓਸਨੂੰ ਭੇਜਿਆ ਗਿਆ ਰਾਜਦੂਤ ਦੇ ਨਾਲ ਕਿ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਜਾਹ, ਇਧਰਲੇ ਪਾਸੇ ਪਹਾੜੀਆਂ ਨੇ ਸਾਲਗਰਾਮ ਲਿਆ ਕੇ ਰੱਖੀ, ਆਟੇ ਦੀ ਗਊ ਬਣਾਈ ਤੇ ਗਊ ਦੇ ਮੂਹਰੇ ਇੱਕ ਛੁਰੀ ਰੱਖ ਦਿੱਤੀ, ਜਾ ਕੇ ਗੁਰੂ ਮਹਾਰਾਜ ਦੇ ਕੋਲ ਰੱਖ ਦਿੱਤੀਆ ਕਿ ਮਹਾਰਾਜ! ਸਭ ਤੋਂ ਵੱਡੀ ਜਿਹੜੀ ਚੀਜ਼ ਹੈ ਇਹ ਇਸਲਾਮ ਵਾਲਿਆਂ ਵਾਸਤੇ ਕੁਰਾਨ ਸ਼ਰੀਫ ਦੀ ਹੈ; ਜਿਹੜੇ ਪਹਾੜੀ ਰਾਜੇ ਨੇ ਇਨ੍ਹਾਂ ਵਾਸਤੇ ਗਊ ਹੈ, ਆਹ ਛੁਰੀ ਰੱਖੀ ਪਈ ਹੈ, ਆਹ ਗਊ ਜਿਬਾਹ (ਸ਼ਹੀਦ) ਹੋ ਜਾਏਗੀ ਜੇ ਤੁਸੀਂ ਸਾਡੀ ਗੱਲ ਨਾ ਮੰਨੀ। ਸਾਨੂੰ ਵੀ ਬਹੁਤ ਤਾੜਨਾ ਆ ਰਹੀਆਂ ਨੇ। ਅਸੀਂ ਮਜ਼ਬੂਰ ਹੋਏ-ਹੋਏ ਜਾ ਨਹੀਂ ਸਕਦੇ। ਅਸੀਂ ਬਚ ਤਾਂ ਸਕਦੇ ਹਾਂ ਜੇ ਤੁਸੀਂ ਕਿਲ੍ਹਾ ਛੱਡ ਦਿਓਂ। ਅਸੀਂ ਜਾਮਨੀ ਦਿੰਦੇ ਹਾਂ। ਮਹਾਰਾਜ ਕਹਿੰਦੇ, ਜਾਮਨੀਆਂ ਤੁਹਾਡੀਆਂ ਕੱਚੀਆਂ ਨੇ, ਆਹ ਰਾਜਸੀ ਚਾਲਾਂ ਨੇ, ਅਸੀਂ ਇਨ੍ਹਾਂ ਚਾਲਾਂ ਵਿੱਚ ਨਹੀਂ ਆਉਣਾ। ਅੰਦਰਲੇ ਪਾਸੇ ਗੱਲ ਚੱਲ ਪਈ। ਉਹ ਕੋਈ ਮਾੜੇ ਸਿੱਖ ਨਹੀਂ ਸੀਗੇ ਕਿ ਐਵੇਂ ਅਸੀਂ ਕਹਿ ਦੇਈਏ ਕਿ ਬੇਦਾਵਾ ਦੇਣ ਵਾਲੇ ਮਾੜੇ ਸਿੱਖ ਸੀ, ਬੜੀਆਂ ਭਾਰੀ ਤਕਲੀਫਾਂ ਸਹੀਆਂ ਉਨ੍ਹਾਂ ਨੇ, 99 ਨੰਬਰ ਤਾਂ ਲੈ ਲਏ, ਇਕ ਨੰਬਰ 'ਤੇ ਫੇਲ੍ਹ ਹੋਏ ਸੀ। ਉਹ ਵੀ ਜਾ ਕੇ ਦੂਹਰੀ ਵਾਰੀ ਇਮਤਿਹਾਨ ਦੇ ਕੇ ਮਹਾਰਾਜ ਤੋਂ ਵਰ ਲੈ ਲਏ ਉਨ੍ਹਾਂ ਨੇ। ਉਸ ਵੇਲੇ ਰਾਇ ਖਿਲਾਫੀ ਹੋ ਗਈ, ਨਿਸ਼ਚਾ ਕੁਛ ਕਮਜ਼ੋਰ ਪੈ ਗਿਆ। ਕਹਿਣ ਲੱਗੇ, ਗੁਰੂ ਮਹਾਰਾਜ ਨੇ ਸ਼ਕਤੀ ਤਾਂ ਕੋਈ ਦਿਖਾਈ ਨਹੀਂ ਹੈ। ਮਨੁੱਖਾਂ ਵਾਂਗੂੰ ਲੜ ਰਹੇ ਨੇ। ਸੱਚੇ ਪਾਤਸ਼ਾਹ! ਇਹ ਚਾਲ ਆਪਾਂ ਵੀ ਹੁਣ ਚੱਲੀਏ, ਜਾਂ ਤਾਂ ਨਿਕਲਣ ਦੀ ਗੱਲ ਕਰੀਏ, ਇੱਕ ਵਾਰੀ ਨਿਕਲ ਜਾਈਏ ਇੱਥੋਂ ਫੇਰ ਆਪਾਂ ਤਿਆਰੀ ਕਰ ਲਵਾਂਗੇ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਇਹ ਹੁਣ ਬਿਲਕੁਲ ਹਿੱਲ ਚੁੱਕੇ ਨੇ। ਸੱਤ ਦਿਨ ਹੋਰ ਨੇ, ਸੱਤਾਂ ਦਿਨਾਂ ਬਾਅਦ ਇਨ੍ਹਾਂ ਨੇ ਹਿੱਲ ਜਾਣਾ ਹੈ। ਜੇ ਇਨ੍ਹਾਂ ਨੇ ਬਚਨ ਨਾ ਮੰਨਿਆ ਤਾਂ ਖੁਆਰੀ

ਬਹੁਤ ਹੋਏਗੀ। ਉਸ ਵੇਲੇ ਦੋ ਰਾਇ ਹੋ ਗਈਆਂ। ਮਹਾਰਾਜ ਕਹਿੰਦੇ, ਦੇਖੋ, ਸਿੱਖ ਜਿਹੜਾ ਹੁੰਦਾ ਹੈ ਨਾ, ਉਹ ਕਦੇ ਵੀ ਗੁਰੂ ਦੇ ਸਾਮ੍ਹਣੇ ਜੀਉਂਦਾ ਹੋ ਕੇ ਨਹੀਂ ਆਇਆ ਕਰਦਾ। ਸਿੱਖ ਤਾਂ ਜਿਹੜਾ ਹੈ ਉਹ ਮਰਿਆ ਹੋਇਆ ਹੁੰਦਾ ਹੈ, ਉਹਨੇ ਗੁਰੂ ਨੂੰ ਸਭ ਕੁਛ ਸੌਂਪਿਆ ਹੁੰਦਾ ਹੈ–

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ – ੯੧੮*

ਜਦ ਤੁਸੀਂ ਮਨ ਮੈਨੂੰ ਦੇ ਦਿਤਾ, ਤਨ ਮੈਨੂੰ ਦੇ ਦਿਤਾ, ਫੇਰ ਐਨੇ ਕਾਹਲੇ ਕਿਉਂ ਪੈਂਦੇ ਓਂ! ਤੇ ਮੁਰੀਦ ਤਾਂ ਜਿਹੜਾ ਹੁੰਦਾ ਹੈ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸੁ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਮਹਾਰਾਜ ਕਹਿੰਦੇ, ਤੁਸੀਂ ਤਾਂ ਐਉਂ ਗੱਲ ਕਰਦੇ ਓਂ ਜਿਵੇਂ ਤੁਸੀਂ ਗੁਰੂ ਹੁੰਦੇ ਓਂ, ਮੈਂ ਸਿੱਖ ਹੁੰਦਾ ਹਾਂ। ਤੁਸੀਂ ਮੈਨੂੰ ਸੀਸ ਅਰਪਣ ਕੀਤਾ ਹੋਇਆ ਹੈ, ਸਭ ਕੁਛ ਅਰਪਣ ਕੀਤਾ ਹੋਇਆ ਹੈ, ਗੁਰੂ ਦੀ ਰਜ਼ਾ ਵਿੱਚ ਰਹੀਦਾ ਹੁੰਦਾ ਹੈ ਕਿ ਗੁਰੂ ਨੂੰ ਮੱਤਾਂ ਦੇਈਦੀਆਂ ਨੇ? ਮਹਾਰਾਜ ਨੇ ਰਮਜ਼ ਦੇ ਦਿੱਤੀ ਲੇਕਿਨ ਭੁੱਖ ਦਾ ਦੁਖ ਐਨਾ ਸੀ ਕਿ ਉਨ੍ਹਾਂ ਦੀ ਅਕਲ 'ਚ ਹੋਣੈ ਕਿ ਜੇ ਕਿਲ੍ਹਾ ਛੱਡ ਦੇਈਏ ਤਾਂ ਬਚ ਰਹਾਂਗੇ। ਮਹਾਰਾਜ ਕਹਿੰਦੇ, ਸਾਰੇ ਪੰਜਾਬ ਵਿੱਚ ਪਿਆਰਿਓ, ਫੌਜਾਂ ਹੀ ਫੌਜਾਂ ਲੱਗੀਆ ਹੋਈਆਂ ਨੇ, ਘਰ ਤੱਕ ਨਹੀਂ ਕਿਸੇ ਨੇ ਪਹੁੰਚਣ ਦੇਣਾ ਬੁਰੀ ਤਰ੍ਹਾਂ ਮਾਰੇ ਜਾਓਂਗੇ। ਇਹਦੇ ਨਾਲੋਂ ਸਨਮੁੱਖ ਰਹਿ ਕੇ ਸ਼ਹੀਦੀਆਂ ਪ੍ਰਾਪਤ ਕਰ ਲਓਂ, ਦਰਗਾਹ ਵਿੱਚ ਥਾਂ ਮਿਲੇਗਾ। ਪਿੱਠ ਦੇ ਕੇ ਜਾਓਂਗੇ, ਨਰਕਾਂ ਨੂੰ ਜਾਓਂਗੇ। ਅਖੀਰ ਬਹੁਤ ਸਾਰੀਆਂ ਸਲਾਹਾਂ ਹੋਈਆਂ। ਮਹਾਰਾਜ ਕਹਿੰਦੇ, ਚੰਗਾ! ਫੈਸਲਾ ਕਰ ਲੈਂਦੇ ਹਾਂ, ਆਹ ਫੜੋ ਕਾਗਜ਼ ਇਹਦੇ ਉਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਇਬਾਰਤ ਲਿਖ ਦਿੱਤੀ ਗਈ ਉੱਤੇ ਕਿ ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਦਸਤਖਤ ਹੋਣੇ ਸ਼ੁਰੂ ਹੋ ਗਏ, ਇਕ ਦੂਜੇ ਨੂੰ ਕਹਿੰਦੇ ਨੇ ਕਿ ਤੂੰ ਵੀ ਕਰ ਦੇ, ਤੂੰ ਵੀ ਕਰ ਦੇ। ਹੁਣ ਇਹਦੇ ਵਿੱਚ ਦੋ ਗੱਲਾਂ ਨੇ, ਇੱਕ ਤਾਂ ਐਹੋ ਜਿਹੇ ਕਮਜ਼ੋਰ ਬੰਦੇ ਵੀ ਹੋਣੇ ਨੇ, ਜਿਹੜੇ ਮੌਤ ਨੂੰ ਸਾਮ੍ਹਣੇ ਦੇਖ ਕੇ ਚਾਹੁੰਦੇ ਸੀ ਕਿ ਕੋਈ ਤਰੀਕਾ ਕਰ ਲਈਏ ਕਿ ਕਿਵੇਂ ਬਚ ਜਾਈਏ। ਬਚ ਕੇ ਫੇਰ ਸਰੀਰ ਕਿਸੇ ਚੰਗੇ ਮੌਕੇ ਦੇ ਉੱਤੇ ਲੇਖੇ ਦੇ ਵਿੱਚ ਲਾ ਦੇਈਏ।

ਇਹ ਇੱਕ ਚਾਲ ਹੋਇਆ ਕਰਦੀ ਹੈ, ਜਵਾਹਰ ਲਾਲ ਨਹਿਰੂ ਨੇ 'ਮੇਰੀ ਯਾਦ' ਇੱਕ ਪੁਸਤਕ ਲਿਖੀ ਹੈ, ਉਹ ਉਨ੍ਹਾਂ ਦਿਨਾਂ ਦਾ ਜ਼ਿਕਰ ਕਰਦਾ ਹੈ ਜਦ ਮੋਰਚੇ ਲੱਗੇ ਹੋਏ ਸੀ ਜੈਤੋ ਦੇ, ਕਹਿੰਦਾ ਮੈਨੂੰ ਗਾਂਧੀ ਨੇ ਭੇਜਿਆ, ਅਸੀਂ ਤਿੰਨ ਜਣੇ ਸੀ ਕਿ ਜਾ ਕੇ ਅੱਖਾਂ ਨਾਲ ਦੇਖ ਕੇ ਆਓ ਕਿ ਕਿੰਨਾ ਕੁ ਤਸ਼ਦੱਦ ਹੋ ਰਿਹਾ ਹੈ ਗੁਰਸਿੱਖਾਂ 'ਤੇ, ਬਹੁਤਾ ਹੀ ਹੁੰਦਾ ਸੀ। ਹੱਦ ਤੋਂ ਜ਼ਿਆਦਾ ਤਸੀਹੇ ਦਿੰਦੇ ਸੀ। ਕਹਿੰਦੇ ਅਸੀਂ ਵੀ ਚਲੇ ਗਏ, ਸਾਨੂੰ ਫੜ ਕੇ ਨਾਭੇ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ। ਜਿਹੜੇ ਸਾਡੇ ਨਾਲ ਸੀ ਉਨ੍ਹਾਂ ਨੂੰ ਭਾਦਸੋਂ ਕੋਲ ਜਿਹੜਾ ਜੰਗਲ ਸੀ, ਉਥੇ ਬਹੁਤ ਬੁਰਾ ਹਾਲ ਹੋਇਆ ਕਰਦਾ ਸੀ, ਉਥੇ ਬੰਦ ਕਰ ਦਿੰਦੇ ਸੀ, ਤਾਰਾਂ ਲੱਗੀਆਂ ਹੋਈਆਂ ਸੀ। ਬਹੁਤ ਬੁਰਾ ਹਾਲ ਸਾਡੇ ਸਾਮ੍ਹਣੇ ਕਰਨਾ। ਅਸੀਂ ਜਿੱਥੇ ਰਹਿੰਦੇ ਸੀ ਤਿੰਨੋ ਜਣੇ, ਮੈਂ ਸੀ, ਇੱਕ ਪਟੇਲ ਸੀ, ਇਕ ਬੰਗਾਲ ਦਾ ਸੀ। ਅਸੀਂ ਰਾਤ ਨੂੰ ਸੌਂ ਨਾ ਸਕੇ, ਚੂਹੇ ਸਾਡੇ ਉੱਤੇ ਛਾਲਾਂ ਮਾਰੀ ਜਾਣ। ਪਿੱਸੂ ਸਾਰੇ ਹੀ ਸਾਡੇ ਵਲ ਨੂੰ ਤੁਰੇ ਆਉਣ। ਅਸੀਂ ਸਲਾਹ ਕਰੀ ਕਿ ਜੇ ਅਸੀਂ ਦੋ ਦਿਨ ਹੋਰ ਰਹਿ ਗਏ, ਆਪਾਂ ਤਾਂ ਮਰ ਜਾਵਾਂਗੇ। ਮੱਛਰ ਧੜਾ-ਧੜ ਲੜਨ। ਸਲਾਹ ਕਰੀ ਕਿ ਕੋਈ ਤਰੀਕਾ ਸੋਚੋ ਕਿ ਆਪਾਂ ਨਿਕਲੀਏ ਇੱਥੋਂ। ਕਹਿੰਦਾ, ਮੈਂ ਆਪਣੇ ਪਿਤਾ ਨੂੰ ਸੁਨੇਹਾ ਭੇਜਿਆ ਮੋਤੀ ਲਾਲ ਨੂੰ ਕਿ ਸਾਨੂੰ ਕਿਵੇਂ ਵੀ ਕੱਢ ਇੱਥੋਂ, ਇੱਥੇ ਨਹੀਂ ਅਸੀਂ ਰਹਿ ਸਕਦੇ, ਮਰ ਜਾਵਾਂਗੇ। ਦੂਜੇ ਦਿਨ ਉਥੋਂ ਫੋਨ ਆ ਗਿਆ, ਮਹਾਰਾਜੇ ਨਾਭੇ ਵਾਲੇ ਨੇ ਫੇਰ ਸਾਨੂੰ ਛੱਡ ਦਿੱਤਾ। ਉਥੇ ਦੋ ਲਾਈਨਾਂ ਲਿਖੀਆਂ ਹੋਈਆਂ ਨੇ ਕਿ 'ਤੁਸੀਂ ਲੋਕ ਕਹੋਂਗੇ ਕਿ ਇਹ ਬੁੱਝਦਿਲ ਸੀ, ਮਾਫੀ ਮੰਗ ਲਈ ਇਹਨੇ, ਕਿਉਂਕਿ ਫਾਰਮ ਉਨ੍ਹਾਂ ਦਿਨਾਂ 'ਚ ਦਿੰਦੇ ਸੀ ਕਿ ਚਾਹੇ ਮਾਫੀ ਮੰਗ ਲਓ, ਚਾਹੇ ਦੁੱਖ ਤਕਲੀਫਾਂ ਸਹਿਣ ਨੂੰ ਤਿਆਰ ਰਹੋ। ਸਿੰਘ ਮਾਫੀ ਨਹੀਂ ਸੀ ਮੰਗਦੇ, ਬਹੁਤ ਬੁਰਾ ਮੰਨਦੇ ਸੀ, ਜਦ ਮੈਂ ਛੋਟਾ ਜਿਹਾ ਹੁੰਦਾ ਸੀ। ਜੇ ਕਿਸੇ ਇੱਕ ਅੱਧੇ ਨੇ ਮੰਗ ਲਈ, ਪਿੰਡਾਂ 'ਚ ਉਹਦੇ ਨਾਲ ਬੋਲਦੇ ਹੀ ਨਹੀਂ ਸੀ ਹੁੰਦੇ ਕਿ ਮਾਫੀ ਮੰਗ ਕੇ ਆਇਆ ਹੈ।

ਇਹ ਲਿਖਦਾ ਹੈ ਕਿ ਜੇ ਮੈਂ ਮਾਫੀ ਨਾ ਮੰਗਦਾ, ਮੇਰੇ ਨਾਲ ਦਾ ਤਾਂ ਇੱਕ ਬੰਗਾਲ ਜਾ ਕੇ ਮਰ ਗਿਆ, ਉਹਨੂੰ ਐਨਾ ਬੁਖਾਰ ਚੜ੍ਹਿਆ ਕਿ ਛੇ ਮਹੀਨੇ ਉਤਰਿਆ ਹੀ ਨਹੀਂ। ਮੈਂ ਤੇ ਭੋਲਾ ਬਾਈ ਬਚ ਗਏ, ਜੇ ਅਸੀਂ ਮਾਫੀ ਨਾ ਮੰਗਦੇ, ਤੁਸੀਂ ਤਾਂ ਕਹੋਂਗੇ ਕਿ ਇਹ ਬੁਜ਼ਦਿਲ ਸੀ, ਅਸੀਂ ਬੁਜ਼ਦਿਲ ਨਹੀਂ ਸੀ ਅਸੀਂ ਚਾਲ ਚੱਲੀ ਸੀ ਕਿ ਮਾਫੀ ਮੰਗ ਲਓ, ਮਾਫੀ ਮੰਗਣ ਨਾਲ ਕੀ ਹੈ ਕਾਗਜ਼ 'ਤੇ ਦਸਤਖਤ ਹੀ ਕਰਨੇ ਨੇ। ਅਸੀਂ ਹਟਣਾ ਥੋੜ੍ਹੇ ਹੈ, ਜਦ ਮੌਕਾ ਦੇਖਾਂਗੇ ਫੇਰ ਚੱਲ ਪਵਾਂਗੇ। ਇਕ ਤਾਂ ਇਹ ਖਿਆਲ ਸੀਗਾ ਕਿ ਇੱਥੋਂ ਨਿਕਲੀਏ ਕਿਸੇ ਤਰੀਕੇ

ਨਾਲ। ਦੂਸਰਾ ਸੀ ਜਾਨ ਵੀ ਪਿਆਰੀ ਹੋਣੀ ਹੈ। ਪਰ ਉਹ ਜਿਹੜੇ ਦਸਤਖਤ ਕਰੇ ਉਹ ਬਹੁਤ ਬੁਰੀ ਬਾਤ ਕਰੀ। ਗੁਰੂ ਨੂੰ ਸਮਝਾਇਆ ਨਹੀਂ ਜਾ ਸਕਦਾ। ਗੁਰੂ ਸਮਰੱਥ ਹੋਇਆ ਕਰਦਾ ਹੈ। ਗੁਰੂ ਨੂੰ ਇਸ ਤਰ੍ਹਾਂ ਸਮਝਣਾ ਮਨੁੱਖ ਵਾਂਗੂੰ, ਇਹ ਬੜੀ ਭਾਰੀ ਕਮਜ਼ੋਰੀ ਹੈ। ਫੇਰ ਵੀ ਕਾਫੀ ਬੰਦੇ ਚਲੇ ਜਾਂਦੇ ਨੇ। ਉਸ ਤੋਂ ਬਾਅਦ ਮਹਾਰਾਜ ਨੇ ਦਿਖਾਇਆ, ਗੱਡੇ ਭਰ ਕੇ ਤੋਰ ਦਿੱਤੇ, ਉੱਤੇ ਕੀਮਤੀ ਵਸਤਰ ਰੱਖ ਦਿੱਤੇ, ਵਿੱਚ ਕੀ ਰੱਖਿਆ, ਬੋਰੀਆਂ ਭਰ ਕੇ ਰੱਖ ਦਿੱਤੀਆਂ ਟੁੱਟੀਆਂ ਹੋਈਆਂ ਜੁੱਤੀਆਂ ਦੀਆਂ, ਮਾੜੇ ਸਮਾਨ ਦੀਆਂ। ਉਹ ਪੈ ਗਏ ਆ ਕੇ, ਦੂਜੇ ਦਿਨ ਜਦ ਕੁਛ ਲੱਭਿਆ ਹੀ ਨਾ, ਕਹਿੰਦੇ ਜੀ ਅਸੀਂ ਤਾਂ ਇਨ੍ਹਾਂ ਨੂੰ ਬੜੀ ਭਾਰੀ ਸਜ਼ਾ ਦੇ ਦਿੱਤੀ, ਇਨ੍ਹਾਂ ਨੇ ਐਵੇਂ ਆ ਕੇ ਕਸਮ ਤੋੜ ਦਿੱਤੀ। ਅਸੀਂ ਕਸਮ ਦੇ ਉੱਤੇ ਪੂਰੀ ਤਰ੍ਹਾਂ ਕਾਇਮ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹ ਵੀ ਛਲ ਹੈ, ਧੋਖਾ ਹੈ, ਕਦੇ ਵੀ ਰਾਜੇ ਦੀ ਕਸਮ ਦੇ ਉੱਤੇ ਇਤਬਾਰ ਨਹੀਂ ਕਰੀਦਾ ਹੁੰਦਾ, ਚਾਹੇ ਰਾਜਾ ਆਪਣਾ ਹੈ, ਚਾਹੇ ਬੇਗਾਨਾ ਹੈ। ਰਾਜਾ ਹਿਤ ਦਾ ਪਿਆਰਾ ਹੁੰਦਾ ਹੈ, ਕਸਮ ਦਾ ਪਿਆਰਾ ਨਹੀਂ ਹੁੰਦਾ। ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ ਨੇ ਕਿੱਡਾ ਵੱਡਾ ਸਮਝੌਤਾ ਕਰਿਆ, ਰੋਪੜ; ਪਰ ਜਦ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਕਮਜ਼ੋਰ ਹੋਣ ਲੱਗੀ, ਉਸੇ ਵੇਲੇ ਰੌਲਾ ਪਾ ਦਿੱਤਾ। ਉਸੇ ਵੇਲੇ ਸ਼ੈਤਾਨੀਆਂ ਸ਼ੁਰੂ ਕਰ ਦਿੱਤੀਆਂ, ਵਿੱਚੋਂ ਸਰਦਾਰਾਂ ਨੂੰ ਪਾੜਨਾ ਸ਼ੁਰੂ ਕਰ ਦਿੱਤਾ। ਪਾਰਟੀਬਾਜ਼ੀਆਂ ਬਣਾਉਣ ਲਗ ਗਿਆ। ਪਤਾ ਸੀਗਾ ਕਿ ਹੁਣ ਅਸੀਂ ਪੰਜਾਬ ਲੈ ਲਵਾਂਗੇ, ਕਸਮ ਕਿਹੜੀ? ਰਾਜੇ ਨੂੰ ਹਿਤ ਪਿਆਰਾ ਹੋਇਆ ਕਰਦਾ ਹੈ, ਕਸਮ ਨਹੀਂ।

ਜਦ ਪੌਂਡ ਦੀ ਕੀਮਤ ਗਿਰਨ ਲੱਗੀ, ਇੰਗਲੈਂਡ ਦੀ ਜਿਹੜੀ ਮੁੱਖ ਮੰਤਰੀ ਸੀ ਮਿਸਿਜ਼ ਥੈਚਰ, ਇਹਦਾ ਮਿੱਤਰ ਸੀ, ਜਦ ਇਹਦਾ ਬਹੁਤ ਪਿਆਰ ਸੀ ਅਮਰੀਕਾ ਨਾਲ; ਉਥੇ ਰੀਗਨ ਦੇ ਪਾਸ ਚਲੀ ਗਈ, ਉਹ ਪ੍ਰੈਜ਼ੀਡੈਂਟ ਸੀ, ਕਹਿਣ ਲੱਗੀ ਮਿਸਟਰ ਰੀਗਨ! ਇਸ ਵੇਲੇ ਸਾਨੂੰ ਬਚਾ ਦੇ, ਸਾਡਾ ਬੁਰਾ ਹਾਲ ਹੋ ਜਾਏਗਾ ਜੇ ਪੌਂਡ ਦੀ ਕੀਮਤ ਗਿਰ ਗਈ। ਜਵਾਬ ਦੇ ਦਿੱਤਾ ਉਹਨੇ। ਪਾਰਲੀਮੈਂਟ ਦੇ ਵਿੱਚ ਸਵਾਲ ਹੋਇਆ ਕਿ ਉਹ ਮਿੱਤਰ ਹੈ ਸਾਡਾ ਬਰਤਾਨੀਆਂ, ਸਾਨੂੰ ਮੌਕੇ ਦੇ ਉੱਤੇ ਉਹਦੀ ਮਦਦ ਕਰਨੀ ਚਾਹੀਦੀ ਹੈ, ਰੀਗਨ ਨੇ ਕਿਹਾ ਕਿ ਦੇਖੋ, ਮਿਤਰਤਾ personal (ਨਿੱਜੀ) ਹੋਇਆ ਕਰਦੀ ਹੈ। ਰਾਜ ਦਾ ਕੋਈ ਮਿਤਰ ਨਹੀਂ ਹੋਇਆ ਕਰਦਾ। ਰਾਜ ਦਾ ਮਿੱਤਰ ਹਿਤ ਹੁੰਦਾ ਹੈ। ਜੇ ਇਨ੍ਹਾਂ ਦਾ ਪੌਂਡ ਗਿਰ ਜਾਏਗਾ ਤਾਂ ਸਾਡਾ ਡਾਲਰ ਵਧੇਗਾ, ਸਾਡੀ ਤਜਾਰਤ ਚੱਲੇਗੀ, ਅਸੀਂ ਕਿਉਂ ਉਹਦੀ ਮਦਦ ਕਰੀਏ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਓ! ਬਿਲਕੁਲ ਸਿੱਧੇ ਨਹੀਂ ਕਦੇ ਵੀ ਬਣੀਦਾ ਹੁੰਦਾ, ਰਾਜੇ ਦਾ ਇਤਬਾਰ ਨਹੀਂ ਹੁੰਦਾ। ਬਾਰ-ਬਾਰ ਜਦ ਕਿਹਾ ਤਾਂ ਮਹਾਰਾਜ ਕਹਿੰਦੇ ਜੇ ਤਾਂ ਸੱਤ ਦਿਨ ਹੋਰ ਠਹਿਰ ਸਕਦੇ ਓਂ, ਤਾਂ ਤੁਹਾਡੇ ਸਾਰੇ ਸੰਕਟ ਦੂਰ ਹੋ ਜਾਣਗੇ। ਹੁਣ ਦੇ ਖੂੰਝੇ ਹੋਏ ਤੁਹਾਨੂੰ ਸੈਂਕੜੇ ਸਾਲ ਲੱਗਣਗੇ, ਪੈਰਾਂ 'ਤੇ ਖੜ੍ਹੇ ਹੋਣ ਨੂੰ। ਕਾਹਲੇ ਪੈ ਗਏ। ਥੋੜ੍ਹੇ ਜਿਹੇ ਸਿੰਘ ਨਿਕਲੇ। ਉਸ ਵੇਲੇ ਮਾਤਾ ਜੀ ਨੇ ਕਿਹਾ ਕਿ ਅਸੀਂ ਤਾਂ ਸਾਹਿਬਜ਼ਾਦੇ ਲੈ ਕੇ ਨਿਕਲ ਜਾਣਾ ਹੈ। ਇਤਿਹਾਸ 'ਚ ਲਿਖਿਆ ਹੋਇਆ ਹੈ, ਪਰ ਮੇਰਾ ਮਨ ਨਹੀਂ ਮੰਨਦਾ ਕਿ ਮਾਤਾ ਜੀ ਐਸੀ ਗੱਲ ਕਹਿ ਦੇਣ। ਗੁਰੂ ਮਹਾਰਾਜ ਸਾਰਿਆਂ ਦੇ ਨਾ ਮੰਨਣ ਤੋਂ, ਅੱਧੀ ਰਾਤ ਕਿਲ੍ਹੇ 'ਚੋ ਨਿਕਲ ਗਏ, ਤੇ ਕਿਹਾ ਕਿ ਠੀਕ ਹੈ ਭਾਈ ਪ੍ਰੇਮੀਓ! ਫੇਰ ਅਸੀਂ ਜ਼ਿੰਮੇਵਾਰ ਨਹੀਂ ਹਾਂ ਜਿਹੜੀਆਂ ਤਕਲੀਫਾਂ ਹੁਣ ਤੁਹਾਨੂੰ ਆਉਣੀਆਂ ਨੇ, ਆਪੇ ਹੀ ਕਹੋਂਗੇ ਕਿ ਇਹਦੇ ਨਾਲੋਂ ਜੇ ਅਨੰਦਪੁਰ ਹੀ ਰਹਿੰਦੇ ਤਾਂ ਚੰਗਾ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਅੱਧੀ ਰਾਤ ਨੂੰ ਛੱਡ ਦਿੱਤਾ ਜਾਂਦਾ ਹੈ। ਜਦ ਨਿਕਲ ਕੇ ਥੋੜ੍ਹਾ ਬਾਹਰ ਆਏ। ਨਿਰਮੋਹ ਗੜ੍ਹੀ ਦੇ ਕੋਲ ਪਹੁੰਚਦੇ ਨੇ, ਉਹ ਪਹਿਲਾਂ ਹੀ ਤਿਆਰ ਸੀ। ਉਨ੍ਹਾਂ ਨੇ ਚਾਰੋਂ ਪਾਸਿਆਂ ਤੋਂ ਘੇਰਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਤਾਂ ਅੱਗੇ ਲੰਘ ਜਾਂਦੇ ਨੇ। ਸੋਨਾ ਜਿੰਨਾਂ ਸੀ ਸਾਰੇ ਦਾ ਸਾਰਾ ਦਰਿਆ ਵਿੱਚ ਸੁਟਾ ਦਿਤਾ, ਕਪੜਿਆਂ ਨੂੰ ਅੱਗ ਲਵਾ ਦਿੱਤੀ, ਸਮਾਨ ਜਿਹੜੇ ਸ਼ਸ਼ਤਰਬੱਧ ਸੀ ਉਹ ਧਰਤੀ ਵਿੱਚ ਦੱਬ ਦਿੱਤੇ ਤੇ ਲੈ ਕੇ ਕੀ ਚੱਲੇ ਨਾਲ। 102 ਲਿਖਾਰੀ ਸੀ ਗੁਰੂ ਮਹਾਰਾਜ ਕੋਲ, 52 ਕਵੀ ਸੀ, 50 ਨਸ਼ਰ ਲਿਖਣ ਵਾਲੇ ਸੀ, ਜੋ ਭਾਰਤ ਵਰਸ਼ ਦੀਆਂ ਪੁਰਾਣੀਆਂ ਲਾਇਬ੍ਰੇਰੀਆਂ ਸੀ, ਉਨ੍ਹਾਂ ਸਾਰਿਆਂ ਦਾ ਅਨੁਵਾਦ ਗੁਰੂ ਮਹਾਰਾਜ ਨੇ ਕਰਾ ਕੇ, ਇੱਕ ਗ੍ਰੰਥ ਗੁਰੂ ਮਹਾਰਾਜ ਨੇ ਨੌਂ ਮਣ ਦਾ ਬਣਾਇਆ, ਵਿਦਿਆਧਰ ਗ੍ਰੰਥ ਉਹਦਾ ਨਾਉਂ ਸੀ। ਕਹਿੰਦੇ, ਗ੍ਰੰਥ ਲੈ ਚੱਲੀਏ, ਲੇਕਿਨ ਉਹ ਸਾਰੇ ਦਾ ਸਾਰਾ ਸਮਾਨ ਸਰਸਾ ਦੇ ਕੰਢੇ 'ਤੇ ਰਹਿ ਗਿਆ। ਸਰਸੇ ਦੇ ਕੰਢੇ 'ਤੇ ਬੜਾ ਹੀ ਘਮਸਾਨ ਦਾ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਯੁੱਧ ਕਰਦਾ ਮਹਾਰਾਜ ਜੀ ਨੇ ਵਾਪਸ ਬੁਲਾਇਆ, ਉਸ ਵੇਲੇ ਇੱਕ ਬਚਨ ਹੋਇਆ, ਜਿਹਦੀ ਅਸੀਂ ਅਸਲੀਅਤ ਨਾ ਸਮਝ ਕੇ ਅਸੀਂ ਹੁਣ ਤੱਕ ਔਖੇ ਹੋ ਰਹੇ ਹਾਂ, ਉਹ ਇਹ ਹੋਇਆ ਕਿ ਜੇ ਰਾਜਾ ਸੈਂਕੜੇ, ਲੱਖਾਂ ਕਸਮਾਂ ਖਾ ਲਵੇ, ਸਾਧਸੰਗਤ ਜੀ! ਕਦੇ ਇਤਬਾਰ ਨਾ ਕਰਿਓ ਰਾਜੇ ਦਾ। ਕਿਉਂਕਿ ਰਾਜਾ ਉਸ ਵੇਲੇ ਮੁਸਲਮਾਨ ਸੀ, ਅਸੀਂ ਇੱਕ ਦਮ ਹੀ ਸੁਖਾਲਾ ਜਿਹਾ ਲਾ ਲਿਆ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਉਹ ਹੁਣ ਤੱਕ ਸਾਡੇ ਗੱਲ ਚੱਲੀ ਆਉਂਦੀ ਹੈ, ਇਸ ਗੱਲ ਨੂੰ ਚੁੱਕ ਦਿੱਤਾ ਗਿਆ। ਅੰਗਰੇਜ਼ ਨੇ ਵੀ ਚੁੱਕਿਆ, ਦੂਜਿਆਂ ਨੇ ਵੀ ਚੁੱਕਿਆ, ਕਿ ਇਹ ਸਿੰਘ ਕਿਤੇ ਮੁਸਲਮਾਨ ਦੇ ਨੇੜੇ ਨਾ ਆ ਜਾਣ, ਰੂਹਾਨੀ ਤੌਰ 'ਤੇ ਤੇ ਕੁਰਾਨ ਸ਼ਰੀਫ ਉਹ ਬਹੁਤ ਨੇੜੇ ਹੈ ਸਾਡੇ। ਉਪਨਿਸ਼ਦਾਂ ਨੇੜੇ ਨੇ, ਗੀਤਾ ਨੇੜੇ ਹੈ, ਕੁਰਾਨ ਸ਼ਰੀਫ ਨੇੜੇ ਹੈ। ਲੇਕਿਨ ਇੱਕ ਖਿਆਲ ਪੈਦਾ ਕਰ ਦਿੱਤਾ ਕਿ ਮੁਸਲਮਾਨ ਮਾੜਾ ਹੈ। ਹੁਣ ਜਦ ਅਸੀਂ ਵਿਚਾਰ ਕਰਦੇ ਹਾਂ, ਗੁਰੂ ਮਹਾਰਾਜ ਸਰਸੇ ਦੇ ਕੰਢੇ ਬੜਾ ਭਿਆਨਕ ਯੁੱਧ ਕਰਨ

ਤੋਂ ਬਾਅਦ ਨਿਕਲਦੇ ਨੇ, ਰੋਪੜ ਆਉਂਦੇ ਨੇ। ਰੋਪੜ ਦੇ ਪਠਾਣ ਰਾਹ ਰੋਕੀ ਖੜ੍ਹੇ ਨੇ, ਉਸ ਵੇਲੇ ਮਹਾਰਾਜ ਕਿੱਥੇ ਜਾਂਦੇ ਨੇ? ਉਹ ਨਿਹੰਗ ਖਾਂ ਕੋਟਲੇ ਦੇ ਕਿਲ੍ਹੇ 'ਚ ਜਾਂਦੇ ਨੇ। ਹੁਣ ਜੇ ਮੁਸਲਮਾਨ ਦਾ ਇਤਬਾਰ ਨਹੀਂ ਸੀ ਕਰਨਾ ਤਾਂ ਮਹਾਰਾਜ ਉਹਦੇ ਕਿਲ੍ਹੇ 'ਚ ਕਿਉਂ ਗਏ? ਉਥੇ ਭਾਈ ਬਚਿੱਤਰ ਸਿੰਘ ਕਿਉਂਕਿ ਬਹੁਤ ਜ਼ਖਮੀ ਸੀ, ਕਹਿਣ ਲੱਗੇ ਕਿ ਖਾਨ ਸਾਹਿਬ! ਇਲਾਜ ਕਰਨਾ, ਜੇ ਇਲਾਜ ਨਾ ਹੋ ਸਕਿਆ ਤਾਂ ਇਨ੍ਹਾਂ ਦਾ ਸਸਕਾਰ ਕਰ ਦੇਣਾ। ਫੌਜ ਨੂੰ ਪਤਾ ਲੱਗਿਆ, ਜਦ ਪਾਰ ਲੰਘੇ ਕਿ ਇੱਥੇ ਆਏ ਸੀ, ਉਹ ਕਿਲ੍ਹੇ ਵਿੱਚ ਚਲੇ ਗਏ, ਤਲਾਸ਼ੀ ਹੋਣ ਲਗ ਗਈ, ਇੱਕ ਕਮਰੇ ਦੇ ਅੱਗੇ ਉਹ ਖਾਨ ਸ਼ਸਤਰ ਨੰਗੇ ਕਰਕੇ ਖੜ੍ਹ ਗਿਆ। ਕਹਿੰਦੇ, ਹੋਰ ਸਾਰੇ ਕਿਲ੍ਹੇ ਦੀ ਤਲਾਸ਼ੀ ਲੈ ਲਓ ਆਹ ਕਮਰੇ ਦੀ ਨਹੀਂ ਮੈਂ ਤਲਾਸ਼ੀ ਲੈਣ ਦੇਣੀ। ਗੁਰੂ ਗੋਬਿੰਦ ਸਿੰਘ ਲੁੱਕਣ ਵਾਲੇ ਨੇ ਕਿਤੇ, ਇੱਥੇ ਹੈ ਹੀ ਨਹੀਂ। ਜਦ ਉਹਦੀ ਤਲਾਸ਼ੀ ਲੈਣ ਲੱਗੇ ਕਹਿੰਦਾ ਮੈਂ ਕੱਟ ਕੇ ਮਾਰ ਦਊਂ। ਕਹਿੰਦੇ, ਕਿਉਂ? ਕਹਿੰਦਾ ਇੱਥੇ ਮੇਰਾ ਦਾਮਾਦ ਤੇ ਲੜਕੀ ਨੇ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੇ ਕਿਹਾ ਕਿ ਅੱਬਾ ਜਾਨ! ਤੇਰੇ ਮੂੰਹ ਤੋਂ ਨਿਕਲ ਗਿਆ ਕਿ ਮੇਰਾ ਦਾਮਾਦ ਹੈ, ਹੁਣ ਮੈਂ ਸ਼ਾਦੀ ਨਹੀਂ ਕਰਾਉਣੀ ਸਾਰੀ ਜ਼ਿੰਦਗੀ, ਤੇਰੇ ਮੁੱਖ ਤੋਂ ਇੱਕ ਵਾਰੀ ਨਿਕਲਿਆ ਹੋਇਆ ਮੈਂ ਫੁੱਲ ਚੜ੍ਹਾਵਾਂਗੀ। 137 ਸਾਲ ਦੀ ਉਮਰ ਹੋਈ ਉਹਨੇ ਸ਼ਾਦੀ ਨਹੀਂ ਕਰਾਈ। ਭਾਈ ਬਚਿੱਤਰ ਸਿੰਘ ਅੰਦਰ ਸੀਗੇ, ਉਹ ਚੜ੍ਹਾਈ ਕਰ ਗਏ ਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਜੀ ਕਿੱਥੇ ਜਾਂਦੇ ਨੇ, ਚਮਕੌਰ ਸਾਹਿਬ ਦੇ ਕੋਲ ਪੰਜ-ਚਾਰ ਮੀਲ 'ਤੇ ਇੱਕ ਸਿੱਖ ਬਹੁਤ ਕਾਹਲੀ-ਕਾਹਲੀ ਦਿੱਲੀ ਤੋਂ ਅਨੰਦਪੁਰ ਸਾਹਿਬ ਵਲ ਜਾ ਰਿਹਾ ਸੀ। ਉਹ ਮਿਲ ਗਿਆ, ਪੰਜ ਸਿੰਘ ਪਿੱਛੇ ਆ ਰਹੇ ਸੀ ਉਨ੍ਹਾਂ ਨੂੰ ਮਿਲ ਗਿਆ। ਉਹ ਕਹਿਣ ਲੱਗਿਆ, ਸਿੰਘੋ! ਗੁਰੂ ਮਹਾਰਾਜ ਕਿੱਥੇ ਨੇ? ਕਹਿਣ ਲੱਗੇ ਕਿ ਅਸੀਂ ਤਾਂ ਉਨ੍ਹਾਂ ਨੂੰ ਆਪ ਤਲਾਸ਼ ਕਰ ਰਹੇ ਹਾਂ। ਪਰ ਉਨ੍ਹਾਂ ਨੇ ਕਿਹਾ ਸੀ ਕਿ ਸਤਲੁਜ ਦੇ ਕੰਢੇ-ਕੰਢੇ ਹੀ ਅਸੀਂ ਤੁਰਾਂਗੇ। ਮਾਲਵੇ ਨੂੰ ਜਾਣਾ ਹੈ, ਕਹਿਣ ਲੱਗਿਆ ਦੇਖੋ, ਮੈਂ ਵੀ ਤਲਾਸ਼ ਕਰਦਾ ਹਾਂ। ਪਰ ਤੁਸੀਂ ਇੱਕ ਸੁਨੇਹਾ ਪਹੁੰਚਾ ਦਿਓ ਕਿ ਦਿੱਲੀ ਤੋਂ ਤਾਜ਼ਾਦਮ ਫੌਜ ਔਰੰਗਜ਼ੇਬ ਨੇ ਭੇਜੀ ਹੈ, ਤੋਪਾਂ ਲੈ ਕੇ ਆ ਜਾਓ ਤੇ ਜੇ ਗੁਰੂ ਮਹਾਰਾਜ ਨਾਲ ਤੁਹਾਡਾ ਮਿਲਾਪ ਹੋ ਗਿਆਂ ਤਾਂ ਦੱਸ ਦਿਓ ਕਿ ਤਾਜ਼ਾਦਮ ਫੌਜ ਹੈ, ਉਸ ਤੋਂ ਆਪਣਾ ਬਚਾਅ ਕਰ ਲੈਣ। ਗੁਰੂ ਮਹਾਰਾਜ ਨੂੰ ਇਹ ਸਿੰਘ ਜਾ ਕੇ ਮਿਲ ਜਾਂਦੇ ਨੇ। ਮਹਾਰਾਜ ਜੀ ਨੂੰ ਜਦ ਜਾ ਕੇ ਦੱਸਿਆ ਕਿ ਕਿਉਂ ਭਾਈ ਦਇਆ ਸਿੰਘਾਂ! ਗੁਰੂ ਜਿਹੜਾ ਹੁੰਦਾ ਹੈ ਉਹ ਸਮਰੱਥ ਹੁੰਦਾ ਹੈ, ਉਸ ਦੇ ਕੋਲ ਜਿਹੋ ਜਿਹੀ ਕੋਈ ਭਾਵਨਾ ਲੈ ਕੇ ਆਉਂਦਾ ਹੈ ਉਹੋ ਜਿਹਾ ਫਲ ਉਹਨੂੰ ਦਿੰਦਾ ਹੈ। ਕਹਿਣ ਲੱਗੇ, ਦੇਖ ਦਿੱਲੀ ਤੋਂ ਇਹ ਫੌਜਾਂ ਤੁਰੀਆਂ ਆਉਂਦੀਆਂ ਨੇ, ਆਪਾਂ ਜੇ ਨਾ ਜਾਈਏ ਇਨ੍ਹਾਂ ਦੀ ਭਾਵਨਾ ਵਿਚ ਹੀ ਰਹਿ ਜਾਏਗੀ, ਆਪਾਂ ਇਨ੍ਹਾਂ ਨਾਲ ਯੁੱਧ ਕਰਕੇ ਫੇਰ ਹੀ ਕੋਈ ਪ੍ਰੋਗਰਾਮ ਅੱਗੇ ਦਾ ਬਣਾਵਾਂਗੇ।

ਸੋ ਇਹ ਜਿਹੜੀ ਲੀਲਾ ਹੈ ਰੱਬ ਦੇ ਪਿਆਰਿਆਂ ਦੀ ਉਹ ਸਮਝ ਵਿੱਚ ਨਹੀਂ ਆਉਂਦੀ, ਐਉਂ ਪੜ੍ਹ ਲਓ ਸਾਰੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥* *ਅੰਗ - ੮੫੫*

ਪ੍ਰਮੇਸ਼ਰ ਦੇ ਪਿਆਰਿਆਂ ਦੀ ਕਥਾਵਾਂ ਸੰਸਾਰ ਨਾਲੋਂ ਨਿਆਰੀਆਂ ਹੁੰਦੀਆਂ ਨੇ, ਮਹਾਰਾਜ ਕਹਿਣ ਲੱਗੇ, ਕਿਉਂ ਭਾਈ ਦਇਆ ਸਿੰਘ ਜੀ! ਭਾਈ ਧਰਮ ਸਿੰਘ ਜੀ! ਕੀ ਕੁਛ ਹੈ ਤੁਹਾਡਾ? ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ, ਸਾਨੂੰ ਨਹੀਂ ਕੁਛ ਵੀ ਪਤਾ ਤੁਸੀਂ ਸਰਬ ਕਲਾ ਸਮਰੱਥ ਓਂ। ਆਪ ਅਕਾਲ ਪੁਰਖ ਦਾ ਰੂਪ ਓਂ। ਤੁਹਾਡੀ ਮੌਜ ਹੈ, ਤੁਹਾਡੀ ਖੇਡ ਹੈ, ਅਸੀਂ ਤੁਹਾਡੀ ਲੀਲਾ ਨੂੰ ਜਾਣ ਨਹੀਂ ਸਕਦੇ। ਐਉਂ ਪੜ੍ਹ ਲਓ-

*ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ।*
*ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।*

ਕਹਿਣ ਲੱਗੇ, ਪਾਤਸ਼ਾਹ! ਤੁਸੀਂ ਗੁਰੂ ਓਂ ਤੇ ਅਸੀਂ ਤੁਹਾਡੇ ਸਿੱਖ ਹਾਂ। ਤਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਮਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਬੁੱਧੀ ਵੀ ਤੁਹਾਨੂੰ ਅਰਪੀ ਹੋਈ ਹੈ, ਚਿੱਤ ਵੀ ਤੁਹਾਨੂੰ ਅਰਪਿਆ ਹੋਇਆ ਹੈ, ਆਪਣਾ ਆਪਾ ਭਾਵ ਵੀ ਤੁਹਾਨੂੰ ਅਰਪਿਆ ਹੋਇਆ ਹੈ। ਅਸੀਂ ਤਾਂ ਤੁਹਾਡੇ ਹੁਕਮੀ ਬੰਦੇ ਹਾਂ, ਜਿਵੇਂ ਤੁਹਾਨੂੰ ਭਾਉਂਦੀ ਹੈ, ਜਿੱਥੇ ਤੁਸੀਂ ਸਾਨੂੰ ਲਾਉਣਾ ਚਾਹੁੰਦੇ ਓਂ। ਜੋ-ਜੋ ਤੁਸੀਂ ਕਹੋਂਗੇ, ਅਸੀਂ ਕਰਾਂਗੇ, ਅਸੀਂ ਕੀ ਸਲਾਹ ਦੇ ਸਕਦੇ ਹਾਂ। ਮਹਾਰਾਜ ਕਹਿੰਦੇ ਕਿ ਉਹ ਆਏ ਨੇ ਦਿੱਲੀ ਤੋਂ। ਕਹਿਣ ਲੱਗੇ, ਮਹਾਰਾਜ! ਆਪ ਸਮਰੱਥ ਓਂ। ਹੇ ਪ੍ਰਭੂ! ਇਹ ਤਾਂ ਤੁਹਾਡੀ ਖੇਲ੍ਹ ਹੈ ਜੇ ਤੁਹਾਡੇ ਮਨ ਵਿੱਚ ਇੱਕ ਫੁਰਨਾ ਆ ਜਾਵੇ ਤਾਂ ਆਹ ਸਾਰੀ ਫੌਜ ਹੁਣੇ ਹੀ ਸੌਂ ਜਾਏਗੀ। ਤੁਸੀਂ ਖੇਲ੍ਹ ਰਹੇ ਓਂ। ਇਹ ਕੋਈ ਯੁੱਧ ਨਹੀਂ ਕਰ ਰਹੇ ਇਹ ਸਾਨੂੰ ਕੋਈ ਸਬਕ ਦੇ ਰਹੇ ਓਂ ਤੁਸੀਂ। ਇਹਦੇ ਵਿੱਚ ਅਸੀਂ ਕੋਈ ਗੱਲ ਨਹੀਂ ਕਹਿ ਸਕਦੇ।

*ਹਮ ਅਲਪੱਗ ਕਹਾਂ ਗਤਿ ਜਾਨਉਂ,*
*ਭੂਤ ਭਵਿਖ ਉਰਿਧਾਰੋ।*

ਤੁਸੀਂ ਕੱਲ੍ਹ ਵਾਸਤੇ ਕਿਹੜੀ ਗੱਲ ਕਰ ਰਹੇ ਓਂ ਤੇ ਹੁਣ ਤੁਸੀਂ ਕਿਹੜੀ ਗੱਲ ਕਰ ਰਹੇ ਓਂ ਪਾਤਸ਼ਾਹ! ਅਸੀਂ ਨਹੀਂ ਕੁਛ ਵੀ ਕਹਿ ਸਕਦੇ, ਚਿੱਤ ਇੱਥੇ ਖੜ੍ਹਦਾ ਹੈ ਸਾਧਸੰਗਤ ਜੀ। ਸਿੱਖ ਗੁਰੂ ਦੇ ਵਿੱਚ ਪੂਰੀ ਤਰ੍ਹਾਂ

ਲੀਨ ਹੋਇਆ ਹੁੰਦਾ ਹੈ ਉਹਦੀ ਮਰਜ਼ੀ ਦੇ ਅੰਦਰ। ਕਿਉਂਕਿ ਗੁਰੂ ਸਮਰੱਥ ਹੈ, ਵਾਹਿਗੁਰੂ ਦਾ ਤੇ ਗੁਰੂ ਦਾ ਕੋਈ ਫਰਕ ਨਹੀਂ ਹੁੰਦਾ।

*ਧਾਰਨਾ - ਗੁਰੂ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ। ਸਾਡੀ ਜੀਵ ਬੁੱਧੀ ਹੈ, ਅਸੀਂ ਨਹੀਂ ਜਾਣਦੇ। ਪਰ ਤੁਸੀਂ ਤਾਂ ਭਾਣੇ ਦੇ ਮਾਲਕ ਹੋਂ। ਤੁਹਾਡੇ ਵਿੱਚ ਤੇ ਨਿਰੰਕਾਰ ਦੇ ਵਿੱਚ ਕੋਈ ਵੀ ਫਰਕ ਨਹੀਂ ਹੈ ਪਾਤਸ਼ਾਹ, ਅਸੀਂ ਕੀ ਸਲਾਹ ਦੇ ਸਕਦੇ ਹਾਂ? ਜਿਵੇਂ ਤੁਸੀਂ ਪੁਤਲੀਆਂ ਨੂੰ ਨਚਾ ਸਕਦੇ ਓਂ, ਨਚਾਵੋ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਇਹ ਬੰਦਾ ਕੌਣ ਆਉਂਦਾ ਹੈ? ਨੇੜੇ ਆ ਗਿਆ। ਇੱਥੇ ਇਤਿਹਾਸ ਦੇ ਵਿੱਚ ਕਈ ਗੱਲਾਂ ਬਣਾ ਕੇ ਲਿਖੀਆਂ ਹੋਈਆਂ ਨੇ, ਦੂਜਾ ਕੁਛ ਲਿਖਦਾ ਹੈ, ਤੀਜਾ ਕੁਛ ਲਿਖਦਾ ਹੈ। ਨੇੜੇ ਆ ਗਿਆ, ਨਮਸ਼ਕਾਰ ਕਰੀ ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਜਦ ਪਹਿਲਾਂ ਆਏ ਸੀ ਜਦ ਵੀ ਚਮਕੌਰ ਦੇ ਵਿੱਚ ਮੇਰੇ ਘਰ ਚਰਨ ਪਾਏ ਸੀ। ਹੁਣ ਕ੍ਰਿਪਾ ਕਰੋ ਜਿਹੋ ਜਿਹਾ ਹੈ ਟੁੱਟਿਆ ਫੁੱਟਿਆ ਮੇਰਾ ਘਰ ਆਹ ਜਿਹੜੀ ਉਚੀ ਹਵੇਲੀ ਹੇ ਕਿਲ੍ਹੇ ਵਰਗੀ ਇਹਦੇ ਵਿੱਚ ਆਪ ਚਰਨ ਪਾਓ।

ਕਈ ਇਸ ਤਰ੍ਹਾਂ ਕਹਿੰਦੇ ਹਨ ਕਿ ਇੱਥੇ ਦੋ ਭਰਾ ਸੀ ਇੱਕ ਨੇ ਜਵਾਬ ਦੇ ਦਿੱਤਾ, ਦੂਜੇ ਨੇ ਹਾਂ ਕਰ ਦਿੱਤੀ। ਚਲੋ, ਕਿਵੇਂ ਵੀ ਹੋਇਆ, ਗੁਰੂ ਮਹਾਰਾਜ ਜੀ ਨੇ ਛੋਟੀ ਜਿਹੀ ਗੜ੍ਹੀ ਦੇ ਵਿੱਚ ਚਰਨ ਪਾਏ, ਉਸ ਤੋਂ ਬਾਅਦ ਉਨ੍ਹਾਂ ਨੇ ਵਿਉਂਤਬੰਦੀ ਕਰ ਲਈ। ਅੱਠ-ਅੱਠ ਸਿੰਘ ਇੱਕ-ਇੱਕ ਬਾਹੀ ਦੇ ਉੱਤੇ ਲਾ ਦਿੱਤੇ। ਦੋ ਦਰਵਾਜ਼ੇ ਦੇ ਅੱਗੇ ਖੜ੍ਹਾ ਦਿੱਤੇ। ਕੁਛ ਆਪਣੇ ਕੋਲ ਭਾਈ ਦਇਆ ਸਿੰਘ ਵਰਗੇ ਕੋਲ ਰੱਖ ਲਏ। ਆਪ ਉੱਚੀ ਅਟਾਰੀ ਦੇ ਉੱਤੇ ਬੈਠ ਜਾਂਦੇ ਨੇ। ਸਵੇਰ ਹੋ ਆਈ, ਐਨੇ ਨੂੰ ਬੇਅੰਤ ਮੁਲਖਈਆਂ ਆ ਗਿਆ, ਚਾਰੇ ਪਾਸੇ ਜਿੱਧਰ ਵੀ ਦੇਖਦੇ ਨੇ ਕਾਲੇ ਹੀ ਕਾਲੇ ਕੱਪੜੇ ਨੇ, ਆ ਕੇ ਘਿਰ ਗਿਆ, ਚਾਰੋਂ ਪਾਸੇ ਤੋਂ ਘੇਰ ਲਿਆ। ਇਤਿਹਾਸ ਵਿੱਚ ਇੱਥੇ ਆਉਂਦਾ ਹੈ ਕਿ ਮਹਾਰਾਜ ਜੀ ਨੇ ਇੱਕ ਬਾਣ ਮਾਰਿਆ ਦੱਸ ਹਜ਼ਾਰ ਫੌਜ ਨੂੰ ਇੱਕ ਬਾਣ ਨਾਲ ਖਤਮ ਕਰ ਦਿੱਤਾ। ਹੁਣ ਤੁਸੀਂ ਮੰਨ ਲਓ, ਕਿਉਂਕਿ ਮਹਾਰਾਜ ਤਾਂ ਇੱਕ ਲੀਲਾ ਕਰ ਰਹੇ ਸੀ, ਕੀ ਇਹ ਗੱਲਾਂ ਸੀ ਮਹਾਰਾਜ ਦੇ ਸਾਮ੍ਹਣੇ। ਗੁਰੂ ਨਾਨਕ ਪਾਤਸ਼ਾਹ ਬਗਦਾਦ ਜਾਂਦੇ ਨੇ, ਬਗਦਾਦ ਗਏ ਤਾਂ ਮਹਾਰਾਜ ਜੀ ਇਸ਼ਨਾਨ ਕਰਕੇ ਉੱਥੇ ਹੀ ਬੈਠ ਗਏ। ਨਾਲ ਮਰਦਾਨਾ ਵੀ ਹੈ, ਜਪੁਜੀ ਸਾਹਿਬ ਪੜ੍ਹਿਆ ਜਾ ਰਿਹਾ ਹੈ ਤੇ ਉਥੇ ਆ ਗਿਆ-

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*

*ਅੰਗ - ੫*

ਉਹ ਹਿੰਦੋਸਤਾਨ ਤੋਂ ਗਿਆ ਹੋਇਆ ਸੀ, ਮਤਲਬ ਸਮਝ ਗਿਆ। ਕਹਿਣ ਲੱਗਿਆ, ਬਗਦਾਦ? ਇੱਥੇ ਕੁਫਰ ਦੀ ਗੱਲ ਹੋ ਜਾਵੇ। ਜਿਸ ਤਰ੍ਹਾਂ ਅਕਾਲ ਤਖਤ ਅਸੀਂ ਸਹਿ ਨਹੀਂ ਸਕਦੇ ਕੋਈ ਗੱਲ। ਇਵੇਂ ਜਿਵੇਂ ਬਗਦਾਦ ਦਾ ਹਾਲ ਸੀ। ਬਗਦਾਦ ਬੀਜ ਸੀ ਇਸਲਾਮ ਦਾ। ਜਿਥੋਂ ਫਤਵੇ ਜਾਰੀ ਹੋਇਆ ਕਰਦੇ ਸੀ। ਚਲਿਆ ਗਿਆ ਜਾ ਕੇ ਦਸਤਗੀਰ ਪੀਰ ਸੀ, ਜਾ ਕੇ ਕਹਿਣ ਲੱਗਿਆ, ਪੀਰ ਜੀ! ਗਜਬ ਹੋ ਗਿਆ। ਕਹਿੰਦੇ ਕੀ ਹੋ ਗਿਆ? ਕਹਿੰਦੇ, ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਇੱਕ ਭਾਰਤ ਵਰਸ਼ ਤੋਂ ਆਇਆ ਹੋਇਆ ਹੈ। ਪਤਾ ਨਹੀਂ ਲਗਦਾ ਕਿ ਹਿੰਦੂ ਹੈ ਜਾਂ ਕੌਣ ਹੈ। ਮੈਨੂੰ ਤਾਂ ਹਿੰਦੂ ਲਗਦਾ ਹੈ। ਵਸਤਰ ਆਪਣੇ ਵਰਗੇ ਹੀ ਪਾਏ ਹੋਏ ਨੇ, ਹਰੇ ਵਸਤਰ ਪਹਿਨੇ ਹੋਏ ਨੇ। ਆਸਣ ਵੀ ਉਹਦੇ ਕੋਲ, ਪਤਾ ਨਹੀਂ ਲਗਦਾ ਕਿ ਉਹ ਕੌਣ ਹੈ। ਲੇਕਿਨ ਜਿਹੜਾ ਕੁਛ ਉਹ ਕਹਿੰਦਾ ਹੈ, ਉਹ ਮੈਂ ਦਸਦਾ ਹਾਂ। ਇੱਕ ਤਾਂ ਉਹ ਰਬਾਬ ਵਜਾ ਰਿਹਾ ਹੈ, ਇੱਥੇ ਮਨ੍ਹਾ ਹੈ ਰਬਾਬ, ਕੋਈ ਵਜਾ ਨਹੀਂ ਸਕਦਾ। ਕੋਈ ਵੀ ਸਾਜ ਨਹੀਂ ਵਜਾ ਸਕਦਾ। ਦੂਸਰਾ ਪੀਰ ਜੀ! ਝੂਠ ਬੋਲਦਾ ਹੈ ਕਿ ਲੱਖਾਂ ਹੀ ਪਾਤਾਲ, ਲੱਖਾਂ ਹੀ ਆਕਾਸ ਨੇ। ਮੈਂ ਉਹਦੇ ਚੇਲੇ ਨੂੰ ਪੁਛਿਆ ਸੀ, ਉਹ ਕਹਿੰਦਾ ਕਿ ਇਹ ਸਾਡੇ ਗੁਰੂ ਨੇ ਜੋ ਕੁਛ ਇਨ੍ਹਾਂ ਨੇ ਦੇਖਿਆ ਹੈ, ਓਹੀ ਬਾਤ ਕਹਿ ਰਹੇ ਨੇ। ਗੱਲ ਸੁਣ ਕੇ ਪੀਰ ਨੂੰ ਗੁੱਸਾ ਆ ਗਿਆ, ਇਹ ਤਾਂ ਨਹੀਂ ਕਿ ਮੈਂ ਚੱਲਾਂਗਾ, ਚੱਲ ਕੇ ਪੁੱਛਾਂ। ਇਹ ਜਿਹੜੇ ਤਮੋ ਗੁਣੀ ਸ਼ਕਤੀਆਂ 'ਚ ਵਧ ਜਾਂਦੇ ਨੇ ਉਨ੍ਹਾਂ ਨੂੰ ਗੁੱਸਾ ਬਹੁਤ ਛੇਤੀ ਆਇਆ ਕਰਦਾ ਸੀ। ਸਰਾਪ ਜ਼ਿਆਦਾ ਦਿੰਦੇ ਸੀ ਵਰ ਘੱਟ। ਹੁਣ ਵਲੀ ਕੰਧਾਰੀ ਨੂੰ ਕਿੰਨਾ ਗੁੱਸਾ ਆਇਆ, ਦੋ ਵਾਰੀ ਮਰਦਾਨਾ ਗਿਆ, ਤੀਸਰੀ ਵਾਰੀ ਗਿਆ, ਤਾਂ ਗੁਰੂ ਮਹਾਰਾਜ ਜੇ ਕਿਹਾ ਕਿ ਲੈ ਮਰਦਾਨਿਆਂ! ਤੈਨੂੰ ਪਾਣੀ ਇੱਥੇ ਹੀ ਪਿਲਾ ਦਿੰਦੇ ਹਾਂ, ਆਹ ਪੱਥਰ ਚੁੱਕ। ਉਪਰਲਾ ਪਾਣੀ ਖਤਮ ਹੋ ਗਿਆ, ਪਾਣੀ ਹੇਠਾਂ ਆ ਗਿਆ। ਉਹ ਸਹਿ ਨਾ ਸਕਿਆ, ਉਹਨੇ ਵੱਡਾ ਪੱਥਰ ਰੋੜ੍ਹ ਦਿੱਤਾ ਗੁਰੂ ਨਾਨਕ ਸਾਹਿਬ ਦੇ ਉਪਰ। ਹੁਣ ਤੱਕ ਖੜ੍ਹਾ ਹੈ ਉਥੇ, ਪੰਜਾ ਸਾਹਿਬ। ਐਉਂ ਨਹੀਂ ਸੀ ਕਿ ਗੁਰੂਆਂ 'ਚ ਸ਼ਕਤੀਆਂ ਨਹੀਂ ਸੀ ਉਹ ਤਾਂ ਇੱਕ ਅਧਿਆਪਕ ਵਾਂਗੂੰ ਦੱਸਣ ਆਏ ਸੀ, ਉਹ ਇੱਕ ਨਾਟਕ ਕਰ ਰਹੇ ਸੀ, ਮਹਾਰਾਜ ਨੇ ਆਪਣੇ ਜੀਵਨ ਨੂੰ ਇਕ ਨਾਟਕ ਕਿਹਾ ਹੈ।

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*

*ਅਕਾਲ ਪੁਰਖ ਬਾਚ॥ ਚੌਪਈ॥*

ਮੈਂ ਇਹਦੇ ਵਿੱਚ ਨਾਟ ਕਰਨਾ ਹੈ, ਸ਼ਕਤੀਆਂ

ਦਿਖਾਉਣ ਨਹੀਂ ਆਇਆ। ਮੈਂ ਤੁਹਾਨੂੰ ਟੁਕੜੇ-ਟੁਕੜੇ ਹੋਇਆਂ ਨੂੰ ਚੁੱਕ ਕੇ ਉਪਰ ਖੜ੍ਹੇ ਕਰਨਾ ਹੈ। ਜੇ ਮੈਂ ਸ਼ਕਤੀਆਂ ਦਿਖਾਉਂਦਾ ਹਾਂ ਤੁਸੀਂ ਕਹੋਂਗੇ ਕਿ ਉਹ ਤਾਂ ਸ਼ਕਤੀਆਂ ਦਿਖਾ ਕੇ ਨਿਕਲ ਗਏ, ਸਾਡੇ ਵਿੱਚ ਸ਼ਕਤੀ ਹੈ ਨਹੀਂ। ਤੁਹਾਡੀ 'ਚ ਬਹਾਦਰੀ ਕਿਵੇਂ ਆਏਗੀ?

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਵਿਰੁੱਧ ਫਤਵਾ ਦੇ ਦਿੱਤਾ। ਸਾਰੇ ਸ਼ਹਿਰ ਕਹਿ ਦਿੱਤਾ ਕਿ ਇੱਕ ਕਾਫਰ ਆਇਆ ਹੈ ਵੱਡਾ। ਸਾਰਾ ਸ਼ਹਿਰ ਇੱਕ-ਇੱਕ ਵੱਟਾ ਹੱਥ ਵਿੱਚ ਲੈ ਕੇ, ਸੰਗਸਾਰ ਕਰੋ, ਸਜ਼ਾ ਹੁੰਦੀ ਸੀ ਉਨ੍ਹਾਂ ਦਿਨਾਂ 'ਚ। ਐਨੇ ਵੱਟੇ ਮਾਰਨੇ ਕਿ ਉਹ ਵੱਟਿਆਂ ਦੇ ਭਾਰ ਥੱਲੇ ਆ ਕੇ ਹੀ ਮਰ ਜਾਂਦਾ ਸੀ। ਢੇਰ ਲਗ ਜਾਂਦਾ ਸੀ ਵੱਡਾ ਸਾਰਾ। ਸਾਰਾ ਸ਼ਹਿਰ ਆ ਗਿਆ। ਇੱਕ ਤੋਂ ਅੱਗੇ ਦੂਜਾ ਆਉਂਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ, ਦੂਜਾ ਕਹਿੰਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ। ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਇਨ੍ਹਾਂ ਦੀ ਨਿਯਤ ਸਾਫ ਨਹੀਂ ਨਜ਼ਰ ਆ ਰਹੀ, ਦੇਖੋ ਕਿਵੇਂ ਕਾਹਲੀ ਨਾਲ ਵੱਟੇ ਹੱਥਾਂ ਵਿੱਚ ਨੇ। ਆਪ ਕਹਿਣ ਲੱਗੇ, ਮਰਦਾਨਿਆਂ! ਤੂੰ ਕਰਤਾਰ ਦੇ ਰੰਗ ਦੇਖ। ਕੋਈ ਗੱਲ ਨਹੀਂ। ਜਦ ਨੇੜੇ ਆਏ ਗੁਰੂ ਮਹਾਰਾਜ ਨੇ 'ਸਤਿ ਸ੍ਰੀ ਅਕਾਲ ਗੁਰਬਰ ਅਕਾਲ' ਉੱਚੀ ਅਵਾਜ਼ ਵਿੱਚ ਕਹਿ ਦਿੱਤਾ, ਜਿੱਥੇ ਤੱਕ ਉਹਦੀ ਆਵਾਜ਼ ਗਈ, ਸਾਰਾ ਸੁੰਨ-ਮੁੰਨ ਹੋ ਗਿਆ, ਜੜ ਹੋ ਗਿਆ ਸਭ ਕੁਛ। ਜਿੱਥੇ ਖੜ੍ਹੇ ਨੇ ਉਥੇ ਹੀ ਖੜ੍ਹੇ ਨੇ, ਜਿਹਨੇ ਬਾਂਹ ਉਪਰ ਚੁੱਕ ਲਈ ਉਹਦੀ ਬਾਂਹ ਖੜ੍ਹੀ ਹੈ, ਜਿਹਨੇ ਪੈਰ ਅਜੇ ਦੂਜਾ ਪੈਰ ਧਰਨਾ ਸੀ ਉਥੇ ਹੀ ਜੜ ਹੋਇਆ ਉਤੇ ਚੁੱਕੀ ਖੜ੍ਹਾਂ ਹੈ। ਸਾਰਾ ਸ਼ਹਿਰ ਜੜ ਕਰ ਦਿੱਤਾ। ਮਹਾਰਾਜ ਨੇ ਪੀਰ ਨੂੰ ਛੱਡ ਦਿੱਤਾ। ਉਸ ਵਕਤ ਪੀਰ ਦਸਤਗੀਰ ਦੁਨੀਆਂ ਵਿੱਚ ਸਭ ਤੋਂ ਵੱਡਾ ਪੀਰ, ਨਾਲ ਸ਼ਕਤੀਆਂ ਦਾ ਭੰਡਾਰਾ; ਉਹਦਾ ਮੁਕਾਬਲਾ ਕੋਈ ਕਰ ਨਹੀਂ ਸੀ ਸਕਿਆ ਕਰਦਾ। ਬੜਾ ਹੀ ਅਭਿਮਾਨ ਸੀ ਉਹਨੂੰ ਆਪਣੀਆਂ ਸ਼ਕਤੀਆਂ ਉਪਰ। ਹੁਣ ਉਹ ਕੀ ਕਰਦਾ, ਆਪਣਾ ਜ਼ੋਰ ਲਾ ਰਿਹਾ ਹੈ ਕਿ ਜੜ੍ਹਤਾ ਖੋਲ੍ਹ ਦੇਵਾਂ। ਇੱਕ ਦੀ ਵੀ ਜੜ੍ਹਤਾ ਨਾ ਖੋਲ੍ਹ ਸਕਿਆ। ਅਖੀਰ ਉਹਨੇ ਕਿਹਾ ਕਿ ਵਾਕਈ ਹੀ ਇਹਦਾ ਮੁਕਾਬਲਾ ਮੈਂ ਨਹੀਂ ਕਰ ਸਕਦਾ, ਇਹ ਤਾਂ ਕੋਈ ਵਲੀ ਪੁਰਸ਼ ਹੈ, ਉਸ ਵੇਲੇ ਜਾ ਕੇ ਸਿਜਦਾ ਕਰਿਆ। ਕਹਿਣ ਲੱਗਿਆ, ਹੇ ਨਾਨਕ! ਇਨ੍ਹਾਂ ਨੂੰ ਸੁਰਜੀਤੀ ਦੇਹ। ਮਹਾਰਾਜ ਕਹਿੰਦੇ, ਇਹ ਬਿਨਾਂ ਮਤਲਬ ਦੇ ਹੀ ਵੱਟੇ ਮਾਰਨ ਆ ਗਏ, ਅਸੀਂ ਕੋਈ ਕਸੂਰ ਕਰਿਆ ਹੈ? ਅਸੀਂ ਸੱਚ ਬੋਲੇ ਹਾਂ। ਜਿਹਦਾ ਅੰਤ ਹੀ ਨਹੀਂ ਹੈ, ਕੋਈ ਜਾਣਦਾ ਹੀ ਨਹੀਂ ਹੈ, ਉਹਦੇ ਬਾਰੇ ਤੁਸੀਂ ਅੰਦਾਜ਼ਾ ਲਾਈਂ ਬੈਠੇ ਓਂ ਕਿ ਸੱਤ ਆਕਾਸ਼ ਤੇ ਸੱਤ ਪਾਤਾਲ ਨੇ। ਉਹ ਤਾਂ ਕੋਈ ਨਹੀਂ ਜਾਣਦਾ। ਐਉਂ ਪੜ੍ਹ ਲਓ -

*ਧਾਰਨਾਂ - ਵਾਹਿਗੁਰੂ! ਮਹਿਮਾ ਨਾ ਤੇਰੀ ਕੋਈ ਜਾਣਦਾ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ॥*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥* *ਅੰਗ - ੮੯੪*

ਕਹਿੰਦੇ ਪੀਰ ਜੀ, ਉਸ ਵਾਹਿਗੁਰੂ ਨੂੰ ਤੁਸੀਂ ਹੱਦਬੰਦੀ ਦੇ ਵਿੱਚ ਲਿਆਉਂਦੇ ਓਂ। ਉਹ ਤਾਂ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂ ਪਾ ਸਕਦਾ। ਉਹਦੀ ਕਿਰਤ ਦੀ ਗਿਣਤੀ ਕਰਦੇ ਓਂ, ਕੌਣ ਕਰ ਲਏਗਾ ਕਿ ਕਿੰਨੇ ਖੰਡ ਬ੍ਰਹਿਮੰਡ ਨੇ, ਇਹਦਾ ਤਾਂ ਅੰਤ ਹੀ ਨਹੀਂ ਹੈ, ਅੱਗੇ ਹੋਰ-ਅੱਗੇ ਹੋਰ। ਤੁਸੀਂ ਗਿਣਤੀਆਂ-ਮਿਣਤੀਆਂ 'ਚ ਲਿਆਂਦਾ ਰੱਬ ਨੂੰ। ਇਹੀ ਮੈਂ ਤੁਹਾਨੂੰ ਦੱਸਣ ਆਇਆ, ਬਾਕੀ ਜਿਹੜਾ ਤੁਸੀਂ ਕਹਿੰਦੇ ਓਂ ਸਰੋਦ, ਇਹ ਆਤਮਾ ਦੀ ਖੁਰਾਕ ਹੈ। ਜਿਸ ਵਕਤ ਅੱਲਾਹ ਤਾਲਾ ਨੇ ਮਨੁੱਖ ਦਾ ਜੁੱਸਾ ਬਣਾਇਆ, ਇਹਦੇ ਵਿੱਚ ਰੂਹ ਨੂੰ ਦਾਖਲ ਕਰਿਆ। ਰੂਹ ਰਹੀ ਨਾ, ਕਹਿਣ ਲੱਗੀ ਕਿ ਉਥੇ ਤਾਂ ਸੁੰਨ-ਮੁੰਨ ਹੈ ਜਿੱਥੇ ਮੈਨੂੰ ਤੁਸੀਂ ਵਾੜ ਦਿੱਤਾ। ਕਹਿੰਦੇ, ਅਸੀਂ ਕਿਹਾ ਕਿ ਹੁਣ ਚੱਲ, ਅਨਹਦ ਸ਼ਬਦ ਉਥੇ ਸੁਣਾਈ ਦੇਣਗੇ। ਬੜੀ ਦੇਰ ਸੁਣੇ, ਫੇਰ ਬਾਹਰ ਨਿਕਲ ਆਈ, ਕਹਿੰਦੀ ਮਹਾਰਾਜ! ਉਥੇ ਤਾਂ ਹਨ੍ਹੇਰਾ ਪਿਆ ਹੈ। ਕਹਿੰਦੇ, ਅਸੀਂ ਆਪਣੀ ਦਰਗਾਹ ਦੀ ਰੌਸ਼ਨੀ ਉਥੇ ਕਰ ਦਿੱਤੀ।

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਰੋਸ਼ਨੀ ਕਰ ਦਿੱਤੀ, ਕਹਿੰਦੇ ਰੂਹ ਤਾਂ ਟਿਕੀ ਸੀ ਜੇ ਸਰੋਦ ਪੈਦਾ ਹੋਈ ਅੰਦਰ, ਧੁਨ ਪੈਦਾ ਹੋਈ। ਇਹਨੂੰ ਵੀ ਤੁਸੀਂ ਬੁਰਾ ਸਮਝਦੇ ਓਂ। ਮਤਲਬ ਮੇਰਾ ਇਹ ਹੈ ਕਿ ਗੁਰੂ ਨਾਨਕ ਸਾਹਿਬ 'ਤੇ ਸਾਰਾ ਹੀ ਸ਼ਹਿਰ ਆਇਆ, ਪਰ ਆਪ ਨੇ ਇੱਕ ਦ੍ਰਿਸ਼ਟੀ ਨਾਲ ਸਾਰਾ ਹੀ ਸ਼ਹਿਰ ਜੜ੍ਹ ਬਣਾ ਦਿੱਤਾ।

ਗੁਰੂ ਦਸਵੇਂ ਪਾਤਸ਼ਾਹ ਕੋਲ ਇਹ ਕੰਮ ਨਹੀਂ ਸੀ, ਉਨ੍ਹਾਂ ਦੇ ਜ਼ਿੰਮੇ ਇਹ ਕੰਮ ਹੈ ਹੀ ਨਹੀਂ ਸੀ, ਨਵਾਂ ਨਾਟਕ, ਨਵੇਂ ਤਰੀਕੇ ਇਨ੍ਹਾਂ ਨੇ ਸਾਨੂੰ ਮੁਰਦਿਆਂ ਨੂੰ ਜੀਉਂਦੇ ਕਰਨਾ ਸੀ, ਪੈਰਾਂ 'ਤੇ ਖੜ੍ਹੇ ਕਰਨਾ ਸੀ, ਅਰ ਦਿਖਾਉਣਾ ਸੀ -

*'ਸਵਾ ਲਾਖ 'ਤੇ ਏਕ ਲੜਾਊਂ,*
*ਚਿੜੀਆ ਪਾਸੋਂ ਬਾਜ਼ ਤੁੜਾਊਂ,*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

ਮਨੁੱਖ ਦੇ ਅੰਦਰ ਮੈਂ ਐਨੀ ਦਲੇਰੀ, ਐਨੀ ਨਿਰਭੈਤਾ ਪੈਦਾ ਕਰ ਦੇਣੀ ਹੈ, ਜਿਹੜਾ ਨਿਰਭਉ ਨੂੰ ਧਿਆਉਂਦਾ ਹੈ, ਉਹਦਾ ਭੈ ਖਤਮ ਹੋ ਜਾਏ-

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*

*ਅੰਗ - ੧੪੨੭*

ਨਾ ਕਿਸੇ ਨੂੰ ਭੈ ਦੇਣਾ ਹੈ, ਨਾ ਕਿਸੇ ਦਾ ਭੈ ਮੰਨਣਾ ਹੈ, ਸੱਚ ਦੇ ਉਤੇ ਰਹਿਣਾ ਹੈ -

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥*

*ਅੰਗ - ੮੪*

ਉਹ ਨਾਟਕ ਹੀ ਅਜੀਬ ਸੀ। ਉਨ੍ਹਾਂ ਨੇ ਮਨੁੱਖਾਂ ਵਾਂਗੂੰ ਨਾਟਕ ਕਰਿਆ। ਇਤਿਹਾਸ 'ਚ ਆਉਂਦਾ ਹੈ ਕਿ ਇੱਕ ਬਾਣ ਮਾਰਿਆ ਮਹਾਰਾਜ ਨੇ ਦੱਸ ਹਜ਼ਾਰ ਬੰਦਾ ਗਿਰ ਗਿਆ ਉਥੇ ਹੀ। ਇੱਕ ਮਾਰ ਲਿਆ ਫੇਰ ਪੰਜ ਸੱਤ ਹੋਰ ਚਲਾ ਦਿੰਦੇ, ਫੇਰ ਖਹਿੜਾ ਹੀ ਛੁੱਟਦਾ। ਨਹੀਂ ਉਹ ਇੱਕ ਬੜੀ ਭਾਰੀ ਚੀਜ਼ ਹੋ ਰਹੀ ਸੀ। ਮਾਤਾ ਜੀਤੋ ਜੀ ਜਦੋਂ ਭਜਨ ਕਰਦੇ ਨੇ, ਅੰਮ੍ਰਿਤ ਵੇਲੇ ਉਨ੍ਹਾਂ ਨੇ ਵੀਜ਼ਨ (ਦ੍ਰਿਸ਼) ਦੇਖੇ, ਮਹਾਰਾਜ ਜੀ ਕੋਲ ਉਠ ਕੇ ਆ ਗਏ। ਦੁਬਾਰਾ ਬਿਰਤੀ ਨਾ ਲੱਗੀ। ਮਹਾਰਾਜ ਜੀ ਕਹਿੰਦੇ ਕੀ ਗੱਲ, ਤੁਸੀਂ ਅੱਜ ਜਲਦੀ ਆ ਗਏ? ਕਹਿਣ ਲੱਗੇ ਕਿ ਮਹਾਰਾਜ ਮੈਂ ਦੇਖਦੀ ਹਾਂ ਕਿ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਹੈ, ਸਿੰਘਾਂ ਦਾ ਨੁਕਸਾਨ ਹੋ ਗਿਆ। ਛੱਡਣਾ ਪੈ ਗਿਆ, ਮਾਤਾ ਵੱਡੇ ਸਰਸੇ 'ਤੇ ਵਿਛੜ ਗਏ। ਛੋਟੇ ਸਾਹਿਬਜ਼ਾਦਿਆਂ ਦਾ ਆਹ ਹੋਇਆ, ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੇ ਅੰਦਰ ਆਹ ਹੋਇਆ, ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਇਹ ਸਭ ਕੁਛ ਏਸੇ ਤਰ੍ਹਾਂ ਹੋਏਗਾ? ਮਹਾਰਾਜ ਕਹਿੰਦੇ, ਹਾਂ ਇਸੇ ਤਰ੍ਹਾਂ ਹੋਏਗਾ। ਕਹਿਣ ਲੱਗੇ ਕਿ ਪਾਤਸ਼ਾਹ! ਟਾਲ ਦਿਓ। ਕਹਿੰਦੇ, ਟਾਲਣ 'ਤੇ ਕੀ ਹੋਏਗਾ, ਇਥੇ ਸੰਸਾਰ 'ਤੇ ਕੋਈ ਰਹਿੰਦਾ ਹੈ, ਅੱਜ ਤੱਕ ਕੋਈ ਰਿਹਾ ਹੈ? ਇਹ ਤਾਂ ਚਲੋ-ਚਲੀ ਦਾ ਡੇਰਾ ਹੈ, ਇਥੇ ਤਾਂ ਇੱਕ ਨਾਟਕ ਹੋ ਰਿਹਾ ਹੈ। ਆਪਣਾ-ਆਪਣਾ ਰੋਲ ਕਰਕੇ ਚਲੇ ਜਾਂਦੇ ਨੇ। ਕਹਿਣ ਲੱਗੇ, ਮੇਰੇ ਤੋਂ ਤਾਂ ਮਹਾਰਾਜ ਸਹਿ ਨਹੀਂ ਹੋਣਾ। ਕਹਿੰਦੇ, ਤੁਸੀਂ ਯੋਗੀ ਓਂ, ਦਸਵੇਂ ਦੁਆਰ 'ਚੋਂ ਪ੍ਰਾਣ ਕੱਢ ਲਓ। ਜਿਹੜੇ ਦਸਵੇਂ ਦੁਆਰ ਦੀ ਨਾੜੀ ਹੈ, ਰੁਦਰ ਨਾੜੀ ਉਹਨੂੰ ਕਹਿੰਦੇ ਨੇ, ਪਰੈਸ਼ਰ ਪਾਓ, ਤੁਸੀਂ ਜਾਣਦੇ ਓਂ ਚੰਗੀ ਭਲੇ। ਜਦੋਂ ਸਭ ਕੁਛ ਦੇਖ ਲਿਆ, ਉਵੇਂ ਜਿਵੇਂ ਸਭ ਕੁਛ ਹੋਣਾ ਹੀ ਹੋਣਾ ਸੀਗਾ। ਇਹ ਤਾਂ ਮਹਾਰਾਜ ਨੇ ਇੱਕ ਕੌਤਕ ਸਾਨੂੰ ਦਿਖਾਇਆ, ਉਹਦੇ ਵਿੱਚ ਸ਼ਕਤੀਆਂ ਦੀ ਗੱਲ ਨਹੀਂ ਆਉਂਦੀ ਹੈ। ਸ਼ਕਤੀ ਸਭ ਤੋਂ ਵੱਡੀ ਮਹਾਰਾਜ ਨੇ ਮੰਨੀ ਹੈ ਜੇ ਹਿਰਦੇ ਵਿੱਚ ਨਾਮ ਵਸ ਜਾਵੇ। ਇਸ ਤੋਂ ਵੱਡੀ ਦੁਨੀਆਂ ਵਿੱਚ ਕੋਈ ਸ਼ਕਤੀ ਨਹੀਂ ਹੈ। ਬਾਕੀ ਸ਼ਕਤੀਆਂ ਜਿਹੜੀਆਂ ਨੇ ਉਹਨੂੰ ਤਾਂ ਮਹਾਰਾਜ ਨੇ ਮੰਨਿਆ ਨਹੀਂ ਹੈ। ਉਹਦੇ ਬਾਰੇ ਤਾਂ ਐਸਾ ਫੁਰਮਾਨ ਆਉਂਦਾ ਹੈ -

*ਧਾਰਨਾ - ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕੋ ਆਵਤ ਲਾਜਾ।*

ਸ਼ਕਤੀ ਦਾ ਸਵਾਲ ਨਹੀਂ ਹੁੰਦਾ, ਮਹਾਰਾਜ ਦਾ ਕੌਣ ਮੁਕਾਬਲਾ ਕਰਦਾ ਜੇ ਸ਼ਕਤੀ ਦਿਖਾਉਂਦੇ, ਕੋਈ ਹੈ ਦੁਨੀਆਂ 'ਚ? ਉਸ ਵੇਲੇ ਮਹਾਰਾਜ ਜੀ ਗੜ੍ਹੀ ਦੇ ਅੰਦਰ ਚਲੇ ਜਾਂਦੇ ਨੇ, ਦੇਖਦੇ-ਦੇਖਦੇ ਘੇਰਾ ਪੈ ਗਿਆ। ਬਹੁਤ ਹੀ ਭਿਆਨਕ ਯੁੱਧ ਹੋਇਆ। ਗਿਣਤੀ-ਮਿਣਤੀ ਤੋਂ ਬਾਹਰ ਜਾਨਾਂ ਗਈਆਂ ਬਾਹਰਲਿਆਂ ਦੀਆਂ। ਹੌਲੀ-ਹੌਲੀ ਐਸੀ ਅਵਸਥਾ ਆ ਗਈ ਕਿ ਤੀਰ ਖਤਮ ਹੋ ਗਏ, ਹੱਥ ਨਾਲ ਚਲਾਉਣ ਵਾਲੇ ਹਥਿਆਰ ਹੀ ਰਹਿ ਗਏ, ਤਲਵਾਰ ਰਹਿ ਗਈ, ਬਰਛੇ ਰਹਿ ਗਏ, ਕਟਾਰਾਂ ਰਹਿ ਗਈਆਂ। ਉਸ ਵੇਲੇ ਮਹਾਰਾਜ ਜੀ ਦੇ ਹਜ਼ੂਰ ਭਾਈ ਮੁਹਕਮ ਸਿੰਘ ਜੀ ਆਉਂਦੇ ਨੇ, ਪੰਜ ਪਿਆਰਿਆਂ 'ਚੋਂ। ਕਹਿੰਦੇ, ਸੱਚੇ ਪਾਤਸ਼ਾਹ! ਆਹ ਗਲੀ ਵਿੱਚ ਵੱਢਦੇ ਆਉਂਦੇ ਨੇ, ਜੇ ਹੁਕਮ ਹੋਵੇ ਤਾਂ ਮੈਂ ਬਾਹਰ ਨਿਕਲ ਕੇ ਆਪਣਾ ਤਨ ਤੁਹਾਡੇ ਅਰਪਣ ਕਰਾਂ? ਮਹਾਰਾਜ ਜੀ ਕਹਿੰਦੇ ਸ਼ਾਬਾਸ਼! ਕਹਿੰਦੇ, ਭਾਈ ਮੋਹਕਮ ਸਿੰਘ! ਜਿਹੜਾ ਅਸੀਂ ਬਚਨ ਕਰਿਆ ਹੈ ਕਿ ਸਵਾ ਲਾਖ ਸੇ ਏਕ ਲੜਾਊਂ। ਇਹ ਤਾਂ ਬੇਅੰਤ ਨੇ ਲੱਖਾਂ ਹੀ ਨੇ, ਸ਼ਾਬਾਸ਼! ਤੁਸੀਂ ਜਾਓ। ਉਸ ਵੇਲੇ ਭਾਈ ਮੋਹਕਮ ਸਿੰਘ ਦਾ ਜੰਗ ਬਹੁਤ ਲਿਖਿਆ ਹੈ। ਉਨ੍ਹਾਂ ਨੇ ਕਹਿ ਦਿੱਤਾ ਕਿ ਇੱਕਲੇ ਨਾਲ ਇਕੱਲਾ ਲੜੋ। ਇਤਿਹਾਸ ਵਿਚ ਤਾਂ ਐਉਂ ਆਉਂਦਾ ਹੈ ਕਿ ਜਦੋਂ ਪੰਜ ਸੌ ਬੰਦਾ ਮਰ ਗਿਆ ਤਾਂ ਫੇਰ ਵਜ਼ੀਰਖਾਨ ਨੇ ਕਿਹਾ ਕਿ ਕਿੰਨੇ ਕੁ ਮਰਵਾ ਲਵਾਂਗੇ ਹੋਰ। ਇਹ ਤਾਂ ਵੱਢੀ ਜਾਂਦਾ ਹੈ ਜਿਵੇਂ ਫਸਲ ਵੱਢਦੇ ਨੇ। ਸਾਡੇ ਜਵਾਨ ਤਾਂ ਇਹਦੇ ਸਾਮ੍ਹਣੇ ਖੜ੍ਹਦੇ ਹੀ ਨਹੀਂ। ਪਤਾ ਨਹੀਂ ਗੁਰੂ ਇਹਦਾ ਕਰਾਮਾਤ ਦਿਖਾ ਰਿਹਾ ਹੈ, ਜਾਂ ਇਹ ਕਰਾਮਾਤ ਦਿਖਾ ਰਿਹਾ ਹੈ। ਸਾਰੇ ਇਕੱਠੇ ਆਵੋ, ਸਾਰਿਆਂ ਨੇ ਇਕੱਠੇ ਹੋ ਕੇ 40 ਰਾਈਫਲਾਂ ਇੱਕਠੀਆਂ ਆਈਆਂ, ਸਰੀਰ ਛਾਨਣੀ-ਛਾਨਣੀ ਕਰ ਦਿੱਤਾ, ਖ਼ੂਨ ਨਿਕਲਣਾ ਸ਼ੁਰੂ ਹੋ ਗਿਆ, ਪਰ ਇਹ ਬੈਠਿਆਂ ਨਹੀਂ ਖੜ੍ਹਾ ਉਵੇਂ ਜਿਵੇਂ ਫੇਰ ਯੁੱਧ ਕਰੀ ਜਾਂਦਾ ਹੈ। ਅਖੀਰ ਜਾ ਕੇ ਧਰਤੀ 'ਤੇ ਲੰਮੇ ਪੈ ਗਏ। ਸੋ ਐਸੇ ਯੁੱਧ ਦੇ ਬਾਰੇ ਹੀ ਕਹਿੰਦੇ ਨੇ ਕਿ-

*ਪੁਰਜਾ-ਪੁਰਜਾ ਕੱਟ ਮਰੇ, ਕਬਹੂੰ ਚ ਛਾਡੈ ਖੇਤ।*
*ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਉ।*

ਆਹ ਜਿਹੜਾ ਸ਼ਬਦ ਹੈ ਇਹਦਾ ਮਤਲਬ ਤਾਂ ਹੋਰ ਹੈ, ਆਪਾਂ ਜਿਵੇਂ ਲਾਵਾਂ ਨੂੰ ਦੁਨੀਆਂ 'ਚ ਲੈ ਲੈਂਦੇ ਹਾਂ, ਉਹ ਵੀ ਰੂਹਾਨੀ ਗੱਲ ਹੈ, ਇਹ ਵੀ ਰੂਹਾਨੀ ਗੱਲ ਹੈ। ਜਦੋਂ ਦਸਵੇਂ ਦੁਆਰ ਦੇ ਵਿੱਚ ਅਨਹਦ ਸ਼ਬਦ ਵੱਜਿਆ, ਉਸ ਵੇਲੇ ਸਮਝ ਲੈ ਕਿ ਹੁਣ ਪਹੁੰਚਣ ਦੀ ਗੱਲ ਹੋ ਗਈ।

*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*

*ਅੰਗ - ੧੧੦੫*

ਜਿਹਨੇ ਭਗਤੀ ਕੀਤੀ, ਨਾਮ ਜਪਿਆ, ਤਪ ਕਰਿਆ ਤੇ ਹੁਣ ਜਦ ਦਸਵੇਂ ਦੁਆਰ ਦੇ ਖੁਲ੍ਹਣ ਵਾਸਤੇ ਸਮਾਂ ਆਇਆ, ਹੁਣ ਜੂਝਣ ਦਾ ਦਾਉ ਹੈ -

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*

*ਅੰਗ - ੧੧੦੫*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਭਾਈ ਮੋਹਕਮ ਸਿੰਘ ਜੀ ਸ਼ਹੀਦੀ ਪਾ ਗਏ ਤਾਂ ਪੰਜ ਪਿਆਰਿਆਂ ਦੇ ਵਿਚੋਂ ਦੋ ਸਿੰਘ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਨੇ ਮਹਾਰਾਜ ਜੀ ਕੋਲ ਆ ਕੇ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਕ੍ਰਿਪਾ ਕਰੋ, ਅੱਜ ਤੱਕ ਬੇਅੰਤ ਰਹਿਮਤਾਂ ਤੇਰੀਆਂ ਸਾਡੇ ਉੱਤੇ ਨੇ। ਉਸ ਵੇਲੇ ਦੋਵੇਂ ਸਿੰਘ ਅੰਦਰੋਂ ਦਰਵਾਜ਼ਾ ਖੁਲ੍ਹਦਾ ਹੈ, ਨਿਕਲਦੇ ਨੇ। ਬਹੁਤ ਦੇਰ ਤੱਕ ਦੋਨੋਂ ਸਿੰਘ ਯੁੱਧ ਕਰਦੇ ਨੇ। ਬਹੁਤ ਸ਼ਸਤਰ ਲੱਗੇ, ਉਸ ਤੋਂ ਬਾਅਦ ਇੱਕੋ ਹੀ ਸਾਰਿਆਂ ਦੇ ਮਨਾਂ ਦੇ ਵਿੱਚ ਭਾਵਨਾ ਹੈ ਕਿ ਮੇਰਾ ਸਰੀਰ ਪਹਿਲਾਂ ਲੱਗੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਤੇ ਹਰੇਕ ਦੇ ਮਨ ਵਿੱਚ ਲੋਚਾ ਹੈ, ਐਉਂ ਪੜ੍ਹ ਲਓ –

*ਧਾਰਨਾ – ਸੀਸ ਲਗ ਜਾਏ ਗੁਰੂ ਜੀ ਤੇਰੇ ਲੇਖੇ,*
*ਲੋਚਾ ਪੂਰੀ ਕਰ ਦੇ ਮਾਲਕਾ।*

*ਸੋ ਸੇਵਕੁ ਹਰਿ ਆਖੀਐ*
*ਜੋ ਹਰਿ ਰਾਖੈ ਉਰਿ ਧਾਰਿ ॥*
*ਮਨੁ ਤਨੁ ਸਉਪੇ ਆਗੈ ਧਰੇ*
*ਹਉਮੈ ਵਿਚਹੁ ਮਾਰਿ ॥*
*ਧਨੁ ਗੁਰਮੁਖਿ ਸੋ ਪਰਵਾਣੁ ਹੈ*
*ਜਿ ਕਦੇ ਨ ਆਵੈ ਹਾਰਿ ॥* *ਅੰਗ – ੨੮*

ਜਿਹਨੇ ਆਪਣਾ ਆਪਾ ਗੁਰੂ ਨੂੰ ਅਰਪਣ ਕਰ ਦਿੱਤਾ, ਉਹ ਪਰਵਾਣ ਹੈ –

*ਪੰਚ ਪਰਵਾਣ ਪੰਚ ਪਰਧਾਨੁ ॥*
*ਪੰਚੇ ਪਾਵਹਿ ਦਰਗਹਿ ਮਾਨੁ ॥* *ਅੰਗ – ੩*

ਸ੍ਰੇਸ਼ਟ ਪੁਰਸ਼ ਆਖਿਆ ਜਾਂਦਾ ਹੈ ਉਹਨੂੰ। ਅਸੀਂ ਹੋਰ ਅਰਥ ਲੈ ਲੈਂਦੇ ਹਾਂ। ਸ੍ਰੇਸ਼ਟ ਪੁਰਸ਼ ਨੇ ਜਿਨ੍ਹਾਂ ਨੇ ਆਪਣਾ ਤਨ ਮਨ ਗੁਰੂ ਨੂੰ ਅਰਪਣ ਕਰ ਦਿੱਤਾ। ਦੋ ਤਰ੍ਹਾਂ ਦੇ ਸ਼ਹੀਦ ਹੁੰਦੇ ਨੇ, ਇੱਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਨੇ ਆਪਣਾ ਪੰਜ ਭੂਤਕ ਸਰੀਰ ਕਿਸੇ ਕਾਰਜ ਵਾਸਤੇ ਅਰਪਣ ਕਰ ਦਿੱਤਾ, ਉਹਨੂੰ ਅਸੀਂ ਸ਼ਹੀਦ ਕਹਿੰਦੇ ਹਾਂ, ਇੱਕ ਉਹ ਸ਼ਹੀਦ ਹੈ ਜਿਹੜਾ ਸਾਰੀ ਜ਼ਿੰਦਗੀ ਸੱਚ 'ਤੇ ਜੀਉਂ ਕੇ ਆਪਣਾ ਜੀਵਨ ਪੂਰਾ ਕਰਕੇ ਸੰਸਾਰ ਤੋਂ ਜਾਂਦਾ ਹੈ। ਉਹ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਆਪ ਗੁਰਸਿੱਖੀ ਦੀ ਰਹੁਰੀਤ ਵਿੱਚ ਰਹਿੰਦਾ ਹੈ। ਦੂਸਰਿਆ ਨੂੰ ਪ੍ਰਕਾਸ਼ ਦਿੰਦਾ ਹੈ ਤੇ ਗਤੀ ਕੀ ਹੁੰਦੀ ਹੈ ਸਾਧਸੰਗਤ ਜੀ। ਚਾਰ ਕਿਸਮ ਦੀਆਂ ਮੁਕਤੀਆਂ ਹੁੰਦੀਆਂ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ। ਪੜ੍ਹੋ ਪਿਆਰ ਨਾਲ –

*ਧਾਰਨਾ – ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ*
*ਗੁਰਾਂ ਨਾਲ ਰੱਤਿਆਂ।*

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਅੰਗ – ੫੧੭*

ਜਿਹੜੇ ਹਰ ਵਕਤ ਵਾਹਿਗੁਰੂ–ਵਾਹਿਗੂਰੂ ਕਰਦੇ ਨੇ, ਰਸਨਾ ਦੇ ਨਾਲ ਤੇ ਗੁਰੂ ਦੀ ਆਰਾਧਨਾ ਅੰਦਰ ਕਰਦੇ ਨੇ।

*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਅੰਗ – ੫੧੭*

ਦਰਗਾਹ ਦੀ ਮੈਂ ਬੇਨਤੀ ਕਰਦਾ ਹਾਂ, ਦਰਗਾਹ ਨੇੜੇ ਜਿਹੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਆਹ ਜਿਹੜਾ ਮਾੜਾ ਜਿਹਾ ਵੀ ਪੁੰਨ ਕਰਦਾ ਹੈ ਨਾ ਉਹ ਵੀ ਦਰਗਾਹ 'ਚ ਜਾਂਦਾ ਹੈ। ਜੇ ਪਾਪ ਕਰਦਾ ਹੈ ਤਾਂ ਦੋਵੇਂ ਮਿਲਦੇ ਨੇ, ਪਾਪਾਂ ਦਾ ਫਲ ਨਰਕ ਮਿਲਦਾ ਹੈ, ਪੁੰਨਾਂ ਦਾ ਫਲ ਦਰਗਾਹ ਦੇ ਵਿੱਚ ਵਾਸਾ ਮਿਲਦਾ ਹੈ। ਹੁਣ ਦਰਗਾਹ ਕੀ ਹੋਈ? ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ। ਪਹਿਲੀ ਜਿਹੜੀ ਦਰਗਾਹ ਹੈ ਉਹ ਦੇਵਤਿਆਂ ਦੀ ਹੈ, ਉਹਨੂੰ ਗੰਦਰਬ ਲੋਕ ਕਹਿੰਦੇ ਨੇ। ਇੱਥੇ ਦੇ ਬਾਦਸ਼ਾਹ ਨਾਲੋਂ ਸੌ ਗੁਣਾਂ ਸੁਖ ਉਹਨੂੰ ਵੱਧ ਹੋਇਆ ਕਰਦਾ ਹੈ, ਉਹਦੇ ਉਤੇ ਦੇਵ ਗੰਧਰਬ ਲੋਕ ਹੈ, ਉਸ ਨਾਲੋਂ ਸੌ ਗੁਣਾ ਸੁਖ ਹੁੰਦਾ ਹੈ, ਸੌ ਨਾਲ ਗੁਣਾਂ ਕਰੀ ਜਾਓ। ਇਹਦੇ ਉਤੇ ਪਿਤਰ ਲੋਕ ਹੈ, ਪਿੱਤਰ ਲੋਕ ਤੋਂ ਉੱਤੇ ਸਵਰਗ ਲੋਕ ਹੈ, ਸਵਰਗ ਲੋਕ ਤੋਂ ਉੱਤੇ ਇੰਦਰ ਲੋਕ ਹੈ, ਇਸ ਤੋਂ ਬਾਅਦ ਕਰਮ ਦੇਵ ਲੋਕ, ਅਜਾਨ ਦੇਵ ਲੋਕ ਹੈ, ਪਰਜਾ ਪਤ ਲੋਕ ਹੈ, ਇੱਥੇ ਤੱਕ ਕਰੋੜ ਖਰਬ ਗੁਣਾਂ ਸੁਖ ਹੁੰਦਾ ਹੈ ਇੱਥੇ ਨਾਲੋਂ। ਫੇਰ ਬ੍ਰਹਮ ਦੇਵ ਲੋਕ ਹੈ, ਸ਼ਿਵ ਲੋਕ ਹੈ ਤੇ ਸਾਰਿਆਂ ਤੋਂ ਅਖੀਰ ਹੈ ਬੈਕੁੰਠ ਧਾਮ; ਇੱਥੇ ਤੱਕ ਤਾਂ ਜਾਂਦੇ ਨੇ ਪੁੰਨ ਕਰਮ ਕਰਨ ਵਾਲੇ।

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*
*ਅੰਗ – ੧੪੧੪*

ਜਿਥੇ ਮੈਂ ਗੱਲ ਕਰਦਾ ਹਾਂ ਉਥੇ ਧਰਮਰਾਜ ਦਾ ਰਸਤਾ ਹੋਰ ਹੈ। ਇਹ ਰਸਤਾ ਹੋਰ ਹੈ। ਇਹ ਜਾਂਦੇ ਨੇ ਸਿੱਧੇ ਹੀ ਨਿਰੰਕਾਰ ਦੀ ਦਰਗਾਹ 'ਚ –

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥*
*ਤਿਥੈ ਖੰਡ ਮੰਡਲ ਵਰਭੰਡ ॥*
*ਜੇ ਕੋ ਕਥੈ ਤ ਅੰਤ ਨ ਅੰਤ ॥*
*ਤਿਥੈ ਲੋਅ ਲੋਅ ਆਕਾਰ ॥* *ਅੰਗ – ੮*

ਇੱਥੇ ਭਗਤ ਜਾਂਦੇ ਨੇ, ਨਾਮ ਜਪਣ ਵਾਲੇ ਜਾਂਦੇ ਨੇ, ਜਿਨ੍ਹਾਂ ਨੇ ਆਪਣਾ ਸਰੀਰ ਕਿਸੇ ਲੇਖੇ 'ਚ ਲਾਇਆ ਹੈ, ਉਹ ਗੁਰੂ ਲੋਕ 'ਚ ਜਾਂਦੇ ਨੇ। ਇਹਨੂੰ ਗੁਰੂ ਲੋਕ ਕਹਿੰਦੇ ਨੇ। ਇੱਥੇ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ, ਇਹ ਦੁਬਾਰਾ ਨਹੀਂ ਆਇਆ ਕਰਦੇ ਇੱਕ ਵਾਰੀ ਜਾ ਕੇ। ਲੇਕਿਨ ਇਨ੍ਹਾਂ 'ਚ ਸ਼ਕਤੀ ਹੁੰਦੀ ਹੈ, ਜੇ ਜੀਅ 'ਚ ਆਏ ਤਾਂ ਦੀਵਾਨ 'ਚ ਆ ਕੇ ਬਹਿ ਜਾਣਗੇ। ਨਿਸ਼ਾਨੀ ਇਹ ਹੋਏਗੀ, ਜਿੱਥੇ ਇਨ੍ਹਾਂ ਦਾ ਵਾਸਾ ਹੋਏਗਾ, ਉਥੇ ਇੱਕ ਪੂਰਨ ਸ਼ਾਂਤੀ (pin drop silence) ਹੋਵੇਗੀ, ਕੋਈ ਬੰਦਾ ਨਹੀਂ ਬੋਲਦਾ ਹੋਏਗਾ। ਸਮਝ ਲਓ ਕਿ ਦਰਗਾਹ ਤੋਂ ਫਰਿਸ਼ਤੇ ਆ ਕੇ ਬੈਠ

ਗਏ। ਸ਼ਹੀਦ ਸਿੰਘ ਆ ਕੇ ਬੈਠ ਗਏ। ਅੱਖਾਂ ਨਾਲ ਦੇਖੇ ਨੇ ਜਿਨ੍ਹਾਂ ਨੇ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਮਹਾਰਾਜ ਰਾੜਾ ਸਾਹਿਬ) ਦਸਦੇ ਸੀ ਕਿ ਫਤਹਿਗੜ੍ਹ ਸਾਹਿਬ ਦੀਵਾਨ ਵਿੱਚ ਬੈਠੇ ਸੀ, ਉਸ ਵੇਲੇ ਤਿੰਨੋ ਮੁੱਖ ਦੇਵਤੇ ਆ ਕੇ ਬੈਠ ਗਏ। ਮਹਾਰਾਜ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਉਹ ਕੌਣ ਹੋਏ ਜਿਹੜੇ ਚਾਦਰ ਦੇ ਉੱਤੇ ਆ ਕੇ ਬੈਠ ਗਏ। ਮਹਾਰਾਜ ਜੀ ਕਹਿੰਦੇ ਕਿ ਗੁਪਤ ਰੱਖੀਦੀਆਂ ਨੇ ਇਹ ਗੱਲਾਂ। ਇਹ ਤਿੰਨੋ ਵੱਡੇ ਦੇਵ ਆਏ ਸੀ ਅੱਜ, ਗੁਰੂ ਦਰਬਾਰ 'ਚ। ਕਿਉਂ? ਕਿਉਂਕਿ ਉਥੇ ਇਹ ਚੀਜ਼ਾਂ ਹੈ ਨਹੀਂ ਇਉਂ ਪੜ੍ਹ ਲਓ -

*ਧਾਰਨਾ -ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਮਹਾਰਾਜ ਜੀ ਕਹਿੰਦੇ ਕਿ ਜਿਹੜਾ ਬੈਕੁੰਠ ਧਾਮ ਹੈ ਨਾ, ਉਹਦੇ ਸਾਰੇ ਹੀ ਦੇਵਤੇ ਆ ਜਾਇਆ ਕਰਦੇ ਨੇ। ਕਿੱਥੇ? ਜਿੱਥੇ ਤੁਸੀਂ ਬੈਠੇ ਓਂ ਆਹ ਸਤਿਸੰਗ 'ਚ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਜਿੱਥੇ ਕੋਈ ਵੀ ਰਾਗ ਦਵੈਸ਼ ਦੀ ਗੱਲ ਨਾ ਹੁੰਦੀ ਹੋਵੇ, ਨਾਮ ਦੀ ਗੱਲ ਹੁੰਦੀ ਹੋਵੇ, ਉਥੇ ਬੈਕੁੰਠ ਪਤੀ ਸਾਰੇ ਦੇਵਤਿਆਂ ਸਮੇਤ ਆ ਜਾਂਦਾ ਹੈ।

*ਹਰਿ ਕੀ ਕਥਾ ਹੋਤ ਹੈ ਜਹਾਂ,*
*ਗੰਗਾ ਭੀ ਚਲ ਆਵਤ ਤਹਾਂ।*

ਇੱਕ ਵਾਰੀ ਰਤਨਗੜ੍ਹ ਦੀਵਾਨ ਲੱਗਿਆ ਹੋਇਆ ਸੀ। ਸਹਿਜ ਨਾਲ ਹੀ ਮੇਰੇ ਮੂੰਹ 'ਚੋਂ ਨਿਕਲ ਗਿਆ ਮੈਂ ਕਿਹਾ ਪਿਆਰਿਓ! ਐਸ ਵੇਲੇ ਦੇਵਤੇ ਬੈਠੇ ਨੇ ਇੱਥੇ, ਤੀਰਥ ਬੈਠੇ ਨੇ, ਉਨ੍ਹਾਂ ਨੇ ਆਪਣੀਆਂ-ਆਪਣੀਆਂ ਸਾਰਿਆਂ ਨੇ ਜਿਵੇਂ ਦੁਕਾਨ ਲਾਈਦੀ ਹੈ, ਐਉਂ ਆਪਣਾ ਸਮਾਨ ਖੋਲ੍ਹ ਕੇ ਰੱਖਿਆ ਹੋਇਆ ਹੈ। ਇੱਕ-ਇੱਕ ਫਲ ਉਨ੍ਹਾਂ ਕੋਲ -

*ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।*
*ਇਥੇ ਤੱਕ ਕਿ ਬੈਕੁੰਠ ਪਤੀ ਵੀ ਆਏ ਹੋਏ ਨੇ।*

*ਕਹੁ ਕਬੀਰ ਇਹ ਕਹੀਐ ਕਾਹਿ ॥*
*ਸਾਧਸੰਗਤਿ ਬੈਕੁੰਠੈ ਆਹਿ ॥ ਅੰਗ - ੩੨੫*

ਜਿੱਥੇ ਪ੍ਰਮੇਸ਼ਰ ਦੀ ਕਥਾ ਵਾਰਤਾ ਚਲਦੀ ਹੋਏਗੀ ਉਥੇ ਬੈਕੁੰਠ ਬਣ ਜਾਂਦਾ ਹੈ। ਉਥੇ ਬੈਕੁੰਠਪਤੀ ਆ ਜਾਂਦਾ ਹੈ। ਐਸਾ ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯੀਆਂ 'ਚ ਲਿਖਿਆ ਹੈ ਕਿ ਹੇ ਨਾਰਦਮੁਨ! ਮੈਨੂੰ ਕਹਿੰਦੇ ਨੇ ਕਿ ਮੇਰਾ ਕੋਈ ਘਰ ਨਹੀਂ, ਮੇਰੇ ਕੋਈ ਬੱਚੇ ਨਹੀਂ ਮੇਰਾ ਕੋਈ ਪਰਿਵਾਰ ਨਹੀਂ; ਪਰ ਦੁਨੀਆਂ ਨਹੀਂ ਜਾਣਦੀ ਜਿਥੇ ਹਰੀ ਦੀ ਕਥਾ ਹੁੰਦੀ ਹੈ, ਉਹ ਮੇਰੇ ਬੱਚੇ ਨੇ ਮੈਂ ਉਨ੍ਹਾਂ ਵਿੱਚ ਜਾ ਕੇ ਬਹਿੰਦਾ ਹਾਂ, ਓਹੀ ਮੇਰਾ ਘਰ ਹੈ।

ਮੈਂ ਕਿਹਾ ਕਿ ਮੰਗੋ ਕੀ ਮੰਗਦੇ ਓਂ, ਐਵੇਂ ਨਿਕਲ ਗਿਆ ਮੂੰਹ 'ਚੋਂ। ਚੁੱਪ ਕਰ ਗਏ, ਕੀਹਨੂੰ ਪਤਾ ਲਗਦਾ ਹੈ ਕਿ ਕੀ ਮੰਗਣਾ ਹੈ। ਮਹੀਨੇ ਬਾਅਦ ਇੱਕ ਮਾਈ ਆਈ ਉਥੇ, ਰੁਮਾਲਾ ਲਿਆ ਹੋਇਆ ਹੈ, ਪੰਜਾਹ ਰੁਪਏ ਮੱਥਾ ਟੇਕ ਦਿੱਤਾ ਮਹਾਰਾਜ ਨੂੰ ਆ ਕੇ। ਮੈਂ ਕਿਹਾ, ਮਾਤਾ! ਅਸੀਂ ਤਾਂ ਆਪਣਾ ਅਸੂਲ ਬਣਾਇਆ ਹੋਇਆ ਹੈ, ਕਿਉਂਕਿ ਮੈਂ ਘਰ 'ਚ ਰਹਿੰਦਾ ਹਾਂ, ਇਸ ਕਰਕੇ ਨਾ ਪੈਸੇ ਘਰ 'ਚ ਵਾੜਦੇ ਹਾਂ, ਨਾ ਰੁਮਾਲੇ ਕਿਤੇ ਰੱਖ ਸਕਦੇ ਹਾ। ਤੂੰ ਕਿਸੇ ਗੁਰਦੁਆਰੇ ਟੇਕ ਦਿੰਦੀ ਤਾਂ ਚੰਗਾ ਸੀ। ਇਹ ਕੀ ਗੱਲ ਹੈ? ਉਹ ਕਹਿੰਦੀ ਕਿ ਮੈਂ ਰਤਨਗੜ੍ਹ ਤੋਂ ਆਈ ਹਾਂ, ਮੈਨੂੰ ਕਿੰਨੇ ਸਾਲਾਂ ਦਾ ਦਮਾ ਸੀ ਕਿਸੇ ਤਰੀਕੇ ਨਾਲ ਹਟਦਾ ਨਹੀਂ ਸੀ, ਕਹਿੰਦੀ ਜਦ ਤੁਸੀਂ ਕਿਹਾ ਕਿ ਇੱਥੇ ਸਾਰੇ ਦੇਵਤੇ ਬੈਠੇ ਨੇ, ਮੰਗੋ ਕੀ ਮੰਗਦੇ ਓਂ? ਮੈਂ ਕਿਹਾ, ਮੇਰਾ ਦਮਾ ਹਟ ਜਾਵੇ। ਇਕੱਲੀ ਨੂੰ ਰਿਹਾ ਇਸ ਗੱਲ ਦਾ ਖਿਆਲ, ਚਾਰ-ਪੰਜ ਹਜ਼ਾਰ ਬੰਦਿਆਂ ਵਿਚੋਂ, ਇੱਕ ਨੂੰ ਸੋਝੀ ਆਈ। ਬਾਕੀਆਂ ਨੂੰ ਤਾਂ ਆਈ ਨਾ ਕਿਸੇ ਨੂੰ। ਕਹਿੰਦੀ ਮੇਰਾ ਦਮਾ ਉਸੇ ਵਕਤ ਹਟ ਗਿਆ, ਕੋਈ ਵੀਹ ਸਾਲ ਪੁਰਾਣਾ ਦਮਾ ਸੀ।

ਜਿਹੜੀ ਇਹ ਸੰਗਤ ਹੁੰਦੀ ਹੈ ਨਾ ਇੱਥੇ ਦ੍ਰਿਸ਼ਟੀ ਹੁੰਦੀ ਹੈ ਗੁਰੂਆਂ ਦੀ। ਸੋ ਜਿਹੜੇ ਆਪਣਾ ਜੀਵਨ ਇੱਥੇ ਸਹੀ ਤਰੀਕੇ ਨਾਲ ਚਲਾ ਕੇ ਜਾਂਦੇ ਨੇ, ਉਨ੍ਹਾਂ ਨੂੰ ਦਰਗਾਹ ਵਿੱਚ ਥਾਂ ਮਿਲਿਆ ਕਰਦਾ ਹੈ। ਦਰਗਾਹ 'ਚ ਕਿੰਨਾ ਸੁਖ ਹੈ, ਪਹਿਲਾਂ ਮੈਂ ਗਿਣ ਚੁੱਕਿਆ ਹਾਂ। ਇਨ੍ਹਾਂ ਸਾਰਿਆਂ ਦੇ ਉੱਤੇ ਸਚਖੰਡ ਹੈ, ਸਚਖੰਡ ਦੇ ਵਿੱਚ ਗਿਆ ਹੋਇਆ ਬੰਦਾ, ਫੇਰ ਨਹੀਂ ਆਉਂਦਾ, ਬੈਕੁੰਠ ਧਾਮ 'ਚ ਗਿਆ ਹੋਇਆ ਵਾਪਸ ਆ ਜਾਂਦਾ ਹੈ। ਉਹ ਪੁੰਨ ਮੁੱਕ ਜਾਂਦਾ ਹੈ, ਮੁੱਕਣ ਤੋਂ ਬਾਅਦ ਫੇਰ ਇੱਥੇ ਮੁੜ ਕੇ ਆਉਣਾ ਪੈਂਦਾ ਹੈ। ਜਿਹੜੀ ਸੱਚੀ ਦਰਗਾਹ ਹੈ ਗੁਰੂਆਂ ਦੀ, ਉਥੇ ਗਿਆ ਹੋਇਆ ਫੇਰ ਨਹੀਂ ਆਇਆ ਕਰਦਾ। ਉਹ ਭੇਜਦੇ ਨੇ, ਐਉਂ ਨਹੀਂ ਆਉਂਦਾ ਕਿ ਕਰਮਾਂ ਦਾ ਬੰਨ੍ਹਿਆ ਆਉਂਦਾ। ਉਹਨੂੰ ਭੇਜਿਆ ਜਾਂਦਾ ਹੈ, ਸ਼ਕਤੀਆਂ ਮੰਗਦਾ ਹੈ, ਸ਼ਕਤੀਆਂ ਦੇ ਕੇ ਭੇਜਦੇ ਨੇ, ਗੁਣ ਦੇ ਕੇ ਭੇਜਦੇ ਨੇ ਕਿ ਜਾਹ, ਸੰਸਾਰ ਦੇ ਵਿੱਚ ਜਾ ਕੇ ਆਹ ਕੰਮ ਕਰਕੇ ਆ। ਉਹਦਾ ਆਉਣਾ ਸੰਸਾਰ 'ਤੇ ਧਰਮ ਕਰਦਾ ਹੈ, ਉਹਨੇ ਆ ਕੇ ਸੰਸਾਰ 'ਤੇ ਆਪਣਾ ਕੰਮ ਕਰਨਾ ਹੈ, ਉਹ ਭੇਜੇ ਹੋਏ ਆਉਂਦੇ ਨੇ ਤੇ ਜਿਸ ਦਿਨ ਆ ਜਾਵੇ ਸੰਦੇਸ਼ਾ, ਫੇਰ ਨਹੀਂ ਅਰਦਾਸ ਕਰਦੇ ਕਿ ਮਹਾਰਾਜ! ਮੈਨੂੰ ਰਹਿਣ ਦੇ ਹੋਰ ਥੋੜ੍ਹਾ ਜਿਹਾ ਚਿਰ। ਆਗਿਆ ਆ ਗਈ ਹੁਣ ਚੱਲੀਏ, ਉਡੀਕਦੇ ਰਹਿੰਦੇ ਨੇ। ਉਨ੍ਹਾਂ ਨੂੰ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ ਪਹਿਲੀ ਹੁੰਦੀ ਹੈ 'ਸਾ-ਲੋਕ', ਓਸ ਲੋਕ ਦੇ ਵਿੱਚ ਜਾ ਕੇ ਵਸਣ ਲਗ ਜਾਂਦਾ ਹੇ। ਦੂਸਰੀ ਹੁੰਦੀ ਹੈ 'ਸਮੀਪ', ਲੋਕ ਦੇ ਵਿੱਚ ਤਾਂ ਜਾ ਕੇ ਤਾਂ ਕਿਸੇ ਮਹੱਲੇ 'ਚ ਦੂਰ ਵਸਦਾ ਹੈ, ਜਿਹੜਾ

ਸਾਮੀਪ ਹੁੰਦਾ ਹੈ, ਉਹ ਬਿਲਕੁਲ ਨੇੜੇ ਵਸਦਾ ਹੈ ਗੁਰੂ ਦੇ। ਤੀਸਰੀ ਹੁੰਦੀ ਹੈ 'ਸਰੂਪ' ਜਿਹੋ ਜਿਹਾ ਰੱਬ ਦਾ ਸਰੂਪ, ਉਹਦਾ ਹੀ ਸਰੂਪ ਹੋ ਜਾਂਦਾ ਹੈ, ਲੀਨ ਹੋਇਆ ਹੁੰਦਾ ਹੈ। ਚੌਥੀ ਹੁੰਦੀ ਹੈ, ਸਾਜੱਸ, ਸਾਜਸ ਹੋਇਆ ਕਰਦਾ ਹੈ ਕਿ ਰੱਬ ਹੀ ਬਣ ਜਾਂਦਾ ਹੈ-

*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥* *ਅੰਗ - ੧੩੬੯*

ਸੋ ਇਹ ਗੁਰੂ ਦੇ ਜਿਹੜੇ ਪਿਆਰੇ ਨੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਅਸੀਂ ਆਪਣੇ ਘਰ ਨੂੰ ਜਾ ਰਹੇ ਹਾਂ, ਇੱਥੇ ਤਾਂ ਨਾਟਕ ਚੇਟਕ ਹੈ। ਸਾਡੇ ਵਰਗਾ ਨਹੀਂ ਹੁੰਦੇ ਉਹ, ਸਾਡੇ ਨਾਲੋਂ ਨਿਆਰੇ ਹੁੰਦੇ ਨੇ ਉਹ। ਸੋ ਐਸਾ ਭਿਆਨਕ ਯੁੱਧ ਹੋ ਰਿਹਾ ਹੈ ਉੱਥੇ। ਇਕੱਲੇ-ਇਕੱਲੇ ਸਿੰਘ, ਫੇਰ ਦੋ, ਫੇਰ ਪੰਜ ਸਿੰਘ ਗਏ। ਭਾਈ ਦੇਵਾ ਸਿੰਘ ਵਰਗੇ, ਪੰਜ ਮੁਕਤੇ ਜਿਹੜੇ ਸੀ, ਭਾਈ ਈਸ਼ਰ ਸਿੰਘ ਵਗੈਰਾ, ਇਹ ਜਾਂਦੇ ਨੇ ਤੇ ਫੇਰ ਸਾਹਿਬ ਅਜੀਤ ਸਿੰਘ ਜੀ ਨੇ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਆਗਿਆ ਦੇਵੋ, ਮਹਾਰਾਜ! ਕਹਿੰਦੇ ਧੰਨ, ਤੂੰ ਕਸ਼ਤਰੀ ਧਰਮ ਦੀ ਪਾਲਣਾ ਕਰੀ ਹੈ। ਉਹ ਯੁੱਧ ਕਰਿਆ ਇਤਿਹਾਸ ਦੇ ਵਿੱਚ ਆਉਂਦਾ ਹੈ ਕਿ ਐਸਾ ਕਿਸੇ ਨੇ ਕਰਿਆ ਹੀ ਨਹੀਂ। ਐਨੀ ਫੁਰਤੀ ਕਿ ਸਾਮ੍ਹਣੇ ਨਹੀਂ ਕੋਈ ਖੜ੍ਹਾ ਰਹਿ ਸਕਿਆ। ਤਿੰਨ ਘੰਟੇ ਯੁੱਧ ਕਰਦਿਆਂ ਨੂੰ ਜਦ ਲੰਘ ਗਏ, ਫੇਰ ਜਾ ਕੇ ਸਰੀਰ ਛਾਲਣੀ-ਛਾਲਣੀ ਹੋ ਗਿਆ, ਦੂਰ ਨਿਕਲ ਗਏ ਤੇ ਉਥੇ ਜਾ ਕੇ ਆਪ ਦਾ ਸਰੀਰ ਅਲੋਪ ਹੋ ਗਿਆ। ਉਸ ਤੋਂ ਬਾਅਦ ਸਾਹਿਬ ਜੁਝਾਰ ਸਿੰਘ ਜੀ ਛੋਟੀ ਉਮਰ ਹੈ, ਦੇਖ ਰਹੇ ਨੇ ਸਾਰੇ। ਉਨ੍ਹਾਂ ਦੇ ਯੁੱਧ ਨਾਲ ਸ਼ਾਮ ਪੈ ਗਈ। ਜਦੋਂ ਇਹ ਹੋਇਆ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਰਦਾਸ ਕਰੀ ਕਿ ਹੇ ਪ੍ਰਭੂ! ਤੂੰ ਅਮਾਨਤ ਦਿੱਤੀ ਸੀ, ਤੇਰੀ ਅਮਾਨਤ ਤੇਰੇ ਕੋਲ ਪਹੁੰਚ ਗਈ, ਮੈਂ ਸੁਰਖਰੂ ਹੋ ਗਿਆ। ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਉਹ ਕਰਨੀ ਇਹ ਪਿਆਰੇ ਕਰ ਗਏ, ਜਿਹਨੂੰ ਯਾਦ ਕਰ-ਕਰ ਕੇ ਸੰਸਾਰ ਨੂੰ ਸੂਰਮਤਾਈ ਪ੍ਰਾਪਤ ਹੋਏਗੀ ਤੇ ਜਸ ਗਾਉਣਗੇ ਸਾਰੇ।

*ਧਾਰਨਾ - ਵਾਹਵਾ-ਵਾਹਵਾ ਬਈ*
*ਜਸ ਗਾਉ ਸਾਰੀ ਦੁਨੀਆਂ।*
*ਐਸੀ ਕਰਨੀ ਕਰ ਗਏ ਪਿਆਰੇ -੨*

ਸਾਰੇ ਸਿੰਘਾਂ 'ਚ ਸ਼ਕਤੀਆਂ ਸੀਗੀਆਂ। ਜੇ ਭਾਈ ਮਤੀ ਦਾਸ ਕਹਿੰਦੇ ਨੇ ਕਿ ਮੈਂ ਦਿੱਲੀ ਗਰਕ ਕਰ ਦਿੰਦਾ ਹਾਂ, ਲਾਹੌਰ ਗਰਕ ਕਰ ਦਿੰਦਾ ਹਾਂ। ਉਹ ਐਵੇਂ ਨਹੀਂ ਸੀ ਕਹਿੰਦੇ, ਸ਼ਕਤੀ ਸੀ ਉਨ੍ਹਾਂ ਵਿੱਚ। ਇਹ ਸਾਰੇ ਸਿੰਘਾਂ 'ਚ ਸ਼ਕਤੀ ਸੀ, ਕਿਉਂਕਿ ਸਾਰੇ ਹੀ ਬ੍ਰਹਮਗਿਆਨੀ ਸੀਗੇ। ਬ੍ਰਹਮਗਿਆਨੀ ਦਾ ਕੋਈ ਅੰਤ ਨਹੀਂ ਹੁੰਦਾ, ਕੋਈ ਪਾਰਾਵਾਰ ਨਹੀਂ ਹੁੰਦਾ, ਉਹ ਵਾਹਿਗੁਰੂ ਦਾ ਸਰੂਪ ਹੋਇਆ ਕਰਦੇ ਨੇ। ਉਨ੍ਹਾਂ ਬ੍ਰਹਮਗਿਆਨੀਆਂ ਨੇ ਸੰਕੋਚ ਰੱਖਿਆ ਕਿ ਕੋਈ ਸ਼ਕਤੀ ਨਾ ਦਿਖਾਈ ਜਾਵੇ। ਅਕਾਲ ਪੁਰਖ ਦਾ ਹੁਕਮ ਮੰਨਿਆ, ਹਰਖ, ਸੋਗ ਤੋਂ ਨਿਆਰੇ ਰਹਿ ਕੇ ਖੇਲ੍ਹ ਕਰਦੇ ਰਹੇ, ਅਜਰ ਨੂੰ ਜਰਦੇ ਰਹੇ। ਇਹ ਜੋ ਚਮਕੌਰ ਸਾਹਿਬ ਦਾ ਸਾਕਾ ਹੈ ਇਹ ਦੁਨੀਆਂ ਨੂੰ ਇੱਕ ਮਿਸਾਲ ਹੈ ਸਾਧਸੰਗਤ ਜੀ।

ਇੱਕ ਤਾਂ ਹੁੰਦਾ ਹੈ ਕਿ ਆਦਮੀ ਅੜਿੱਕੇ ਆਇਆ ਹੋਇਆ ਲੜਦਾ ਹੈ। ਇੱਕ ਹੁੰਦਾ ਹੈ ਕਿ ਸਾਰੀਆਂ ਹੀ ਸ਼ਕਤੀਆਂ ਨੇ ਉਹਦੇ ਵਿੱਚ, ਲੇਕਿਨ ਉਹ ਸਬਰ ਵਿੱਚ ਹੈ।

ਇੱਕ ਵਾਰੀ ਈਰਾਨ ਦੇ ਬਾਦਸ਼ਾਹ ਸੁਣ ਰਹੇ ਸੀ ਕਿ ਸਬਰ ਕੀ ਹੁੰਦਾ ਹੈ? ਸ਼ੁਕਰ ਕੀ ਹੁੰਦਾ ਹੈ? ਉਹਦੇ ਮਨ ਨੂੰ ਲੱਗੀ ਨਾ ਗੱਲ, ਜਿਹੜੇ ਅਰਥ ਕਰ ਰਹੇ ਸੀ। ਤਾਂ ਉਸ ਵੇਲੇ ਇੱਕ ਪੀਰ ਨੇ ਦੱਸਿਆ ਕਿ ਜੇ ਤੂੰ ਸਹੀ ਅਰਥ ਜਾਨਣੇ ਨੇ, ਤਾਂ ਇਸ ਵੇਲੇ ਸੁਰਮੱਦ ਔਰੰਗਜ਼ੇਬ ਦੀ ਕੈਦ ਵਿੱਚ ਹੈ, ਉਹਨੂੰ ਮਿਲ, ਆਪਣਾ ਵਕੀਲ ਭੇਜ। ਆਪਣੇ ਵਕੀਲ ਨੂੰ ਭੇਜ ਦਿੱਤਾ। ਇਜਾਜ਼ਤ ਲੈ ਲਈ। ਜਦ ਸੁਰਮੱਦ ਨੂੰ ਮਿਲਣ ਗਿਆ ਤਾਂ ਉਹ ਕਈ ਮਹੀਨਿਆਂ ਦਾ ਜੇਲ੍ਹ ਵਿੱਚ ਕੈਦ ਸੀ, ਸੂਰਜ ਦੀ ਰੋਸ਼ਨੀ ਸੀ ਉਥੇ ਜਾਂਦੀ, ਉਸ ਵੇਲੇ ਦਰਵਾਜ਼ੇ ਦੇ ਅੱਗੇ ਆ ਗਿਆ, ਜਿੰਦਰਾ ਬਾਹਰ ਔਹ ਗਿਆ ਤੇ ਦਰਵਾਜ਼ਾ ਖੁਲ੍ਹ ਗਿਆ। ਦੂਸਰਾ ਦਰਵਾਜ਼ਾ, ਤੀਸਰਾ ਦਰਵਾਜ਼ਾ, ਸੱਤ ਦਰਵਾਜ਼ਿਆਂ ਦੇ ਅੰਦਰ ਕੈਦ ਸੀ। ਸੱਤ ਹੀ ਖੋਲ੍ਹ ਦਿੱਤੇ। ਉਹ ਵੀ ਬਾਹਰ ਨਿਕਲ ਆਇਆ। ਕਹਿਣ ਲੱਗੇ, ਕਿਵੇਂ ਆਏ ਓਂ ਤੁਸੀਂ? ਕਹਿਣ ਲੱਗੇ, ਮੇਰੇ ਬਾਦਸ਼ਾਹ ਨੇ ਮੈਨੂੰ ਭੇਜਿਆ ਹੈ, ਮੈਂ ਸਬਰ ਤੇ ਸ਼ੁਕਰ ਦੇ ਅਰਥ ਪੁੱਛਣ ਆਇਆ ਹਾਂ। ਕਹਿੰਦੇ, ਫੇਰ ਸਵੇਰੇ ਇੱਕ ਮਸ਼ਕ ਲਿਆਈਂ ਪਾਣੀ ਦੀ ਤੇ ਦੋ ਗਜ਼ ਲਿਆਈਂ ਕੱਪੜਾ, ਕਿਉਂਕਿ ਮੈਂ ਬਰੈਹਨਾ (ਨੰਗਾ) ਹਾਂ, ਕੱਪੜਾ ਕੋਈ ਨਹੀਂ ਦਿੱਤਾ ਇਨ੍ਹਾਂ ਨੇ। ਦੂਸਰੇ ਦਿਨ ਉਹ ਮਸ਼ਕ ਪਾਣੀ ਦੀ ਲੈ ਗਿਆ, ਦੋ ਗਜ਼ ਕੱਪੜਾ ਲੈ ਗਿਆ, ਇਸ਼ਨਾਨ ਕਰਿਆ ਸਰਮੱਦ ਨੇ, ਕੱਪੜਾ ਪਹਿਨਿਆ ਤੇ ਬੈਠ ਗਿਆ। ਅਜੇ ਬਹਿੰਦੇ ਹੀ ਨੇ ਕਿ ਉਸੇ ਵੇਲੇ ਕੋਰੜੇ ਮਾਰਨ ਵਾਲਾ ਆ ਗਿਆ। ਪੰਜਾਹ ਕੋਰੜੇ ਮਾਰੇ, ਸਰੀਰ 'ਚੋਂ ਖੂਨ ਦੀਆਂ ਧਾਰਾਂ ਚਲਦੀਆਂ ਨੇ। ਲੇਕਿਨ ਉਹ ਉਪਰ ਨੂੰ ਦੇਖ ਕੇ ਉਂਗਲੀ ਹਿਲਾਈ ਜਾਂਦੇ ਨੇ। ਫ਼ਕੀਰ ਦੇ ਸਮਝ 'ਚ ਨਾ ਆਈ ਗੱਲ। ਕਹਿੰਦੇ, ਕੁਛ ਸਮਝਿਆ? ਜਿਹੜਾ ਕੋਰੜੇ ਮਾਰਨ ਵਾਲਾ ਸੀ ਉਹਨੇ ਇਕ ਸੌ ਇਕ ਕੋਰੜੇ ਮਾਰਨੇ ਸੀ, ਉਹ ਆਰਾਮ ਕਰਨ ਬਹਿ ਗਿਆ। ਫ਼ਕੀਰ ਕਹਿਣ ਲੱਗਿਆ, ਨਾ ਮਹਾਰਾਜ! ਮੇਰੇ ਤਾਂ ਸਮਝ 'ਚ ਨਹੀਂ ਆਈ। ਕਹਿੰਦਾ, ਮੈਂ ਤਾਂ ਤੈਨੂੰ ਪਰਤੱਖ ਦਿਖਾ ਰਿਹਾ ਸੀ। ਕਹਿੰਦੇ ਚੱਲ ਮੈਂ ਤੇਰੀ ਦ੍ਰਿਸ਼ਟੀ ਖੋਲ੍ਹਦਾ ਹਾਂ। ਜਦ ਉਹ ਫੇਰ ਕੋਰੜੇ ਮਾਰਨ ਲੱਗਿਆ ਤਾਂ ਕੀ ਦੇਖਦਾ ਹੈ ਸਾਰੇ ਫਰਿਸ਼ਤੇ ਹੱਥ ਬੰਨ੍ਹੀਂ ਖੜ੍ਹੇ ਨੇ, ਕਹਿੰਦੇ ਪੀਰ ਜੀ, ਸਾਨੂੰ ਹੁਕਮ ਕਰ, ਅਸੀਂ ਇਹਦਾ ਰਾਜ ਗਰਕ ਕਰੀਏ। ਇਹਨੂੰ ਮਾਰ ਦੇਈਏ, ਪਰ ਉਹ ਉੱਗਲੀ ਹਿਲਾ ਕੇ ਮਨ੍ਹਾ ਕਰੀ ਜਾਂਦੇ ਨੇ। ਜਦ ਪੰਜਾਹ ਕੋਰੜੇ ਹੋਰ ਲਗ ਗਏ, ਕਹਿੰਦੇ ਤੇਰੇ ਹੁਣ ਸਮਝ ਵਿੱਚ ਆਇਆ? ਕਹਿੰਦਾ ਨਾ ਮਹਾਰਾਜ! ਮੈਂ ਤਾਂ ਹੈਰਾਨ ਹੋਇਆ ਪਿਆ ਹਾਂ।

*(ਬਾਕੀ ਪੰਨਾ 45 'ਤੇ)*

# ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-25)*

ਸ੍ਰੀ ਗੁਰੂ ਨਾਨਕ ਪਾਤਸ਼ਾਹ ਤੁਰੇ ਜਾ ਰਹੇ ਨੇ। ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਤੁਸੀਂ ਬਹੁਤ ਖੋਲ੍ਹ ਕੇ ਵਰਨਣ ਕਰਦੇ ਹੋ ਨਾਮ ਦੀ ਬਾਤ। ਹਰ ਥਾਂ ਦੇ ਉਤੇ ਆਪ ਨੇ ਨਾਮ ਦੀ ਬਾਤ ਕਰੀ ਹੈ। ਸੱਚੇ ਪਾਤਸ਼ਾਹ! ਹਰ ਥਾਂ ਦੇ ਉਤੇ ਆਪ ਦੀ ਗੱਲ ਮੰਨੀ ਗਈ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਨੌਆਂ ਖੰਡਾਂ, ਸੱਤਾਂ ਦੀਪਾਂ 'ਚ ਹਰ ਥਾਂ 'ਤੇ ਜਾ ਕੇ ਨਾਮ ਦੀ ਬਾਤ ਕਰੀ ਹੈ। ਦੂਜੀ ਬਾਤ ਕਿਉਂ ਨਹੀਂ ਕਰੀ? ਦੂਜੇ ਕੀ ਕਰਦੇ ਸੀ, ਉਹ ਰਿੱਧੀਆਂ-ਸਿੱਧੀਆਂ ਸ਼ਕਤੀਆਂ ਦਿਖਾਲਦੇ ਸੀ। ਚਾਹੇ ਪੀਰ ਸੀਗੇ, ਚਾਹੇ ਸਾਧੂ ਸੀਗੇ। ਤੰਤਰ ਵਿਦਿਆ ਦੇ ਵਿਚ ਮਾਹਿਰ ਸੀਗੇ। ਤਾਂਤਰੀਆਂ ਵਾਲੀਆਂ ਗੱਲਾਂ ਕਰਨੀਆਂ, ਮੰਤਰ ਸਿੱਧ ਕਰਨੇ, ਆਪਣੀ ਮਾਨਤਾ ਕਰਾਉਣ ਵਾਸਤੇ ਫੇਰ ਸ਼ਕਤੀਆਂ ਦਿਖਾਉਣੀਆਂ। ਪੀਰ ਵੀ ਇਹ ਗੱਲਾਂ ਕਰਦੇ ਸੀ। ਸਾਧੂ ਵੀ ਇਹ ਗੱਲ 'ਚ ਪੈ ਜਾਂਦੇ ਸੀ। ਉਸ ਸਮੇਂ ਵਿਚ ਸਭ ਤੋਂ ਜ਼ਿਆਦਾ ਸ਼ਕਤੀਆਂ ਜਿਨ੍ਹਾਂ ਵਿਚ ਸੀ, ਉਹਨਾਂ ਨੂੰ ਸਿੱਧ ਤੇ ਨਾਥ ਆਖਿਆ ਜਾਂਦਾ ਸੀ। ਗੋਰਖਨਾਥ ਦਾ ਜਿਹੜਾ ਪੰਥ ਸੀ ਉਹਦੇ ਵਿਚ ਸ਼ਕਤੀਆਂ ਹੀ ਸ਼ਕਤੀਆਂ ਸੀ। ਐਨੀ ਸ਼ਕਤੀ ਹੋਰ ਕਿਸੇ ਕੋਲ ਹੈ ਨਹੀਂ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸ੍ਰਿਸ਼ਟੀ ਨੂੰ ਸੋਧਦੇ-ਸੋਧਦੇ ਵਿਚਾਰਿਆ ਕਿ ਜੇ ਇਹਨਾਂ ਨਾਲ ਗੱਲ ਨਾ ਕੀਤੀ ਗਈ, ਇਹਨਾਂ ਨੂੰ ਇਸ ਰਸਤੇ ਤੋਂ ਨਾ ਹਟਾਇਆ ਗਿਆ ਤਾਂ ਫੇਰ ਸੰਸਾਰ ਦਾ ਭਲਾ ਕਿਵੇਂ ਹੋਵੇਗਾ। ਸ਼ਕਤੀ ਤਾਂ ਮੈਂ ਦਿਖਾਉਂਦਾਂ। ਮੈਂ ਇਥੇ ਜਾ ਕੇ ਸਟੇਜ ਛੱਡ ਜਾਵਾਂ, ਅੱਧ ਵਿਚਾਲੇ ਜਿਹੇ ਬੈਠ ਕੇ ਬੋਲੀ ਜਾਵਾਂ, ਦੱਸੋ ਮੇਰਾ ਤਾਂ ਹੋਏਗਾ ਕੁਛ, ਤੁਹਾਨੂੰ ਤਾਂ ਕੋਈ ਫਾਇਦਾ ਨਾ ਹੋਇਆ। ਤੁਸੀਂ ਤਮਾਸ਼ਾ ਦੇਖੀ ਜਾਂਦੇ ਹੋਂ। ਤਮਾਸ਼ੇ ਦੇਖ ਕੇ ਗੱਲ ਨਹੀਂ ਬਣਦੀ। ਮਹਾਰਾਜ ਨੇ ਜੀਵਾਂ ਦਾ ਉਧਾਰ ਕਰਨਾ ਸੀ। ਆਪ ਨੇ ਇਰਾਦਾ ਕਰ ਲਿਆ ਤੇ ਪਹਾੜਾਂ 'ਤੇ ਚੜ੍ਹਾਈ ਚੜ੍ਹਨੀ ਸੁਰੂ ਕਰ ਦਿਤੀ। ਪਹਾੜਾਂ 'ਤੇ ਚੜ੍ਹਨ ਵਾਲਿਆਂ ਵਰਗੇ ਕੱਪੜੇ ਪਹਿਨ ਲਏ, ਹੱਥ ਵਿਚ ਬਰਛੇ ਲੈ ਲਏ ਨੋਕਾਂ ਵਾਲੇ, ਕਿ ਪਹਾੜ ਕਿੱਦਾਂ ਚੜ੍ਹਨੈ। ਉਹੋ ਜਿਹੇ ਜੋੜੇ ਲੈ ਲਏ, ਉਹਾ ਜਿਹਾ ਹੀ ਆਪਣੇ ਆਲੇ-ਦੁਆਲੇ ਗਰਮ ਝਮਾਲ ਕਰ ਲਿਆ। ਆਪ ਪਹਾੜ ਦੀ ਚੜ੍ਹਾਈ ਚੜ੍ਹਦੇ-ਚੜ੍ਹਦੇ ਬਹੁਤ ਉੱਚੇ ਲੰਘ ਗਏ ਕਿਉਂਕਿ 14000 ਫੁੱਟ 'ਤੇ ਜੇ ਕੋਈ ਬੰਦਾ ਜਾਂਦੈ। ਉਥੇ ਸਾਹ ਲੈਣਾ ਔਖਾ ਹੋ ਜਾਂਦੈ।

ਸਵਾਮੀ ਰਾਮ ਜੀ ਦਸਦੇ ਸੀ ਕਿ ਅਸੀਂ ਆਪਣੇ ਜੀਵਨ ਵਿਚ 18,000 ਫੁੱਟ ਦੀ ਬੁਲੰਦੀ ਦੀ ਗੁਫਾ 'ਚ ਰਹਿੰਦੇ ਹੁੰਦੇ ਸੀ। ਸਾਹ ਲੈਣਾ ਤਾਂ ਔਖਾ ਸੀ, ਪਰ ਹੌਲੀ-ਹੌਲੀ ਗਿੱਝ ਜਾਂਦੇ ਸੀ। ਮਹਾਰਾਜ ਜੀ ਇਸ ਤੋਂ ਵੀ ਉਪਰ ਚਲੇ ਗਏ, ਕੈਲਾਸ਼ ਪਰਬਤ 'ਤੇ। ਉਥੇ ਸਿੱਧਾਂ ਦੀ ਜਮਾਤ ਨਜ਼ਰ ਆਈ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਪਹਾੜਾਂ 'ਤੇ ਚੜ੍ਹੀ ਜਾਂਦੇ ਹੋਂ, ਚੜ੍ਹੀ ਜਾਂਦੇ ਹੋਂ, ਬਰਫਾਨੀ ਪਹਾੜਾਂ 'ਤੇ ਚੜ੍ਹੇ ਹੋਂ, ਕਿਤੇ ਜਾਣੈ?

ਮਹਾਰਾਜ ਕਹਿੰਦੇ, ਮਰਦਾਨਿਆਂ! ਭਾਰਤ ਵਰਸ਼ ਦੀ ਜਿਹੜੀ ਸਭ ਤੋਂ ਮਜ਼ਬੂਤ ਸਾਧੂਆਂ ਦੀ ਮੰਡਲੀ ਹੈ, ਆਪਾਂ ਉਹਨਾਂ ਦੇ ਦਰਸ਼ਨ ਕਰਨੇ ਨੇ। ਨਿਰੰਕਾਰ ਆਪਾਂ ਨੂੰ ਉਥੇ ਲਈਂ ਜਾ ਰਿਹੈ। ਅਖੀਰ ਮਹਾਰਾਜ ਜੀ ਉਸ ਪਹਾੜੀ 'ਤੇ ਪਹੁੰਚ ਗਏ ਜਿਸ ਥਾਂ 'ਤੇ ਸਿੱਧ ਰਹਿੰਦੇ ਸੀ ਸਾਰੇ। ਗੋਰਖਨਾਥ ਵੀ ਹੈ, ਦੂਸਰੇ ਵੀ ਨੇ ਸਾਰੇ, ਜਦੋਂ ਗੁਰੂ ਮਹਾਰਾਜ ਜੀ ਉਥੇ ਪਹੁੰਚਦੇ ਨੇ, ਉਥੇ ਬਹੁਤ ਵੱਡੀ ਬਾਤਚੀਤ ਹੋਈ ਕਿਉਂਕਿ ਉਹ ਫਿਲਾਸਫਰ ਵੀ ਨਾਲ ਸੀਗੇ। ਉਹ ਤਿੰਨ ਚੀਜ਼ਾਂ ਮੰਨਦੇ ਸੀ। ਇਥੇ ਮੈਂ ਵਿਸਥਾਰ ਨਹੀਂ ਜ਼ਿਆਦਾ ਦੇਣਾ। ਕਿਉਂਕਿ ਪ੍ਰਸੰਗ ਤੋਂ ਬਾਹਰਲੀ ਬਾਤ ਹੈ। ਉਹ ਕਹਿੰਦੇ ਸੀ ਇਕ ਤਾਂ ਪ੍ਰਕ੍ਰਿਤੀ ਹੈ, ਇਕ ਜੀਵ ਤੇ ਇਕ ਪ੍ਰਮੇਸ਼ਰ ਹੈ। ਮਹਾਰਾਜ ਕਹਿੰਦੇ ਸੀ ਕਿ ਪ੍ਰਮੇਸ਼ਰ ਹੀ ਹੈ, ਨਾ ਇਥੇ ਕੋਈ ਜੀਵ ਹੈ ਲੇਕਿਨ ਬਣੇ ਹੋਏ ਨਜ਼ਰ ਆ ਰਹੇ ਨੇ ਗਲਤੀ ਨਾਲ। ਉਹ ਕਹਿੰਦੇ, ਹੇ ਨਾਨਕ! ਜੇ ਰੱਬ ਹੈ ਤਾਂ ਦੁੱਖ ਕਿੱਥੋਂ ਆ ਗਿਆ? ਮਹਾਰਾਜ ਕਹਿੰਦੇ, ਦੁੱਖ ਤਾਂ ਹਉਮੈ ਨੇ ਪੈਦਾ ਕੀਤਾ ਹੈ। ਜੋ ਬਚਨ ਹੋਏ ਉਹ ਇਸ ਤਰ੍ਹਾਂ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥* *ਅੰਗ - ੯੪੬*

ਜਦੋਂ ਰੱਬ ਹੈਗਾ ਫੇਰ ਸੰਸਾਰ ਕਿੱਥੋਂ ਬਣ ਗਿਆ। ਜੀਵ ਕਿੱਥੋਂ ਬਣ ਗਿਆ। ਮਹਾਰਾਜ ਕਹਿੰਦੇ, ਇਕ ਤੱਤ ਪ੍ਰਮੇਸ਼ਰ ਨੇ ਪੈਦਾ ਕਰਿਆ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਅੰਗ- ੯੯੯*

ਉਹਨੇ ਹਉਮੈ ਤੱਤ ਰਚ ਦਿਤਾ। ਉਹ ਹਉਮੈ ਤੱਤ ਨੇ ਰੱਬ ਨੂੰ ਤਿੰਨ ਹਿੱਸਿਆਂ ਵਿਚ ਦਿਖਾ ਦਿਤਾ। ਇਕ ਪ੍ਰਮੇਸ਼ਰ ਹੈ, ਸੰਸਾਰ ਹੈ ਤੇ ਇਕ ਜੀਵ ਹੈ। ਕੀ ਇਹ ਵੀ ਕਦੇ ਹੋ ਸਕਦੈ? ਹਾਂ ਹੋ ਸਕਦੈ। ਅੱਖ ਦੇ ਕੋਏ

ਵਿਚ ਉਂਗਲੀ ਦੇ ਕੇ ਚੰਨ ਵੱਲ ਨੂੰ ਦੇਖੋ। ਕੀ ਦੇਖੇਗਾ ਦੋ ਚੰਦਰਮਾ ਨਜ਼ਰ ਆਉਣ ਲਗ ਜਾਣਗੇ। ਨਿਆਣੇ ਕੋਠਿਆਂ 'ਤੇ ਪੈ ਕੇ ਬਥੇਰੀਆਂ ਇਹੋ ਜਿਹੀਆਂ ਗੱਲਾਂ ਕਰਦੇ ਹੁੰਦੇ। ਚੰਨ ਤਾਂ ਇਕ ਹੈ ਪਰ ਅੱਖਾਂ 'ਚ ਦੋਸ਼ ਪੈ ਗਿਆ। ਇਵੇਂ ਜਿਵੇਂ ਵਾਹਿਗੁਰੂ ਤਾਂ ਸਾਰੇ ਪ੍ਰੀਪੂਰਨ ਹੈ ਪਰ ਹਉਮੈ ਤੱਤ ਨੇ ਇਹਨੂੰ ਅੱਡ-ਅੱਡ ਕਰ ਦਿਤਾ। ਮਹਾਰਾਜ ਕਹਿੰਦੇ ਹਉਮੈ ਕਰਕੇ ਸੰਸਾਰ ਬਣ ਗਿਆ ਤੇ ਹਉਮੈ ਜਦੋਂ ਆਈ ਤਾਂ ਨਾਮ ਨੂੰ ਭੁੱਲ ਗਿਆ। ਨਾਮ ਭੁੱਲ ਕੇ ਦੁੱਖ ਹੋ ਗਿਆ। ਜੇ ਨਾਮ ਆ ਜਾਵੇ ਤਾਂ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦੈ।

ਸੋ ਇਸ ਤਰ੍ਹਾਂ ਦੇ ਬਚਨ ਜਦੋਂ ਮਹਾਰਾਜ ਜੀ ਸਿੱਧਾਂ ਨੂੰ ਦਸਦੇ ਨੇ ਤਾਂ ਉਹ ਦੁਨੀਆਂਦਾਰੀ 'ਚ ਆ ਕੇ ਕਹਿਣ ਲੱਗੇ ਹੇ ਨਾਨਕ! ਤੂੰ ਹੁਣ ਤਾਜ਼ਾ-ਤਾਜ਼ਾ ਹੀ ਆਇਆ ਹੈਂ ਭਾਰਤ ਵਰਸ਼ ਵਿਚੋਂ ਜਿਹਨੂੰ ਮਾਤ ਲੋਕ ਕਹਿੰਦੇ ਸੀ। ਹੁਣ ਦਸ ਤਾਂ ਸਹੀ ਪਰਜਾ ਦਾ ਕੀ ਹਾਲ ਹੈ ਕਿਵੇਂ ਜਿਉਂਦੇ ਜਾਗਦੇ ਨੇ, ਹਿੰਦੂ ਧਰਮ ਬਚਿਆ ਹੋਇਐ ਕਿ ਨਹੀਂ? ਮਹਾਰਾਜ ਕਹਿੰਦੇ, ਕੀ ਪੁੱਛਦੇ ਹੋਂ ਸਿੱਧੋ! ਕਾਲ ਪੈ ਗਿਆ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥* *ਅੰਗ - ੧੪੫*

ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਧਰਮ ਲੱਭ ਜਾਏ, ਮੈਂ ਤੁਹਾਡੇ ਕੋਲ ਵੀ ਦੇਖਣ ਆਇਆ ਹਾਂ ਕਿ ਤੁਹਾਡੇ ਵਿਚ ਸਤਿ ਲੱਭ ਜਾਵੇ। ਪਰ ਪਿਆਰਿਓ -

*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*
*ਅੰਗ - ੧੪੫*

ਹੁਣ ਗਤੀ ਕਿਵੇਂ ਹੋਏਗੀ ਸੰਸਾਰ ਦੀ? ਹਉਮੈ ਆ ਗਈ ਤੇ ਦੁਖੀ ਹੋ ਰਿਹਾ। ਜਿਹੜੀ ਮਾਤਲੋਕ ਦੀ ਬਾਤ ਪੁੱਛਦੇ ਹੋਂ? ਉਥੇ ਅਨਾੜੀ ਸਾਧ ਰਹਿ ਗਏ। ਕੋਈ ਗੁਰੂ ਪਦਵੀ ਦਾ ਨਹੀਂ ਰਿਹਾ -

*ਥੰਮੈ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗੁ ਵਿਚ ਕੋਆ।*
*ਭਾਈ ਗੁਰਦਾਸ ਜੀ*

ਸਾਧ ਨਜ਼ਰ ਹੀ ਨਹੀਂ ਆਉਂਦਾ ਜਿਹੜਾ ਧਰਤੀ ਨੂੰ ਇਸ ਵੇਲੇ ਸਾਂਭ ਲਵੇ। ਸੋ ਪਿਆਰਿਓ! ਉਥੇ ਤਾਂ ਹਨ੍ਹੇਰਾ ਪਿਆ ਹੋਇਐ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਗੁਰ ਬਿਨ ਡੁੱਬਦੀ ਜਾਵੇ*
*ਦੁਨੀਆਂ ਗੁਰ ਬਿਨੁ ਡੁੱਬਦੀ ਜਾਵੇ।*
*ਵਿਚ ਚੌਰਾਸੀ ਖਾਵੇ ਗੋਤੇ।*

*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* *ਅੰਗ- ੧੩੮*

ਨਾਥ ਜੀ! ਦੁਨੀਆਂ ਦਾ ਹਾਲ ਪੁੱਛਦੇ ਹੋਂ। ਸੋ ਗੁਰੂ ਕੋਈ ਨਹੀਂ ਰਿਹਾ। ਪਾਖੰਡੀ ਗੁਰੂ ਹੋ ਗਏ, ਭੇਖੀ ਗੁਰੂ ਹੋ ਗਏ, ਅੰਨ੍ਹੇ ਗੁਰੂ ਹੋ ਗਏ। ਪੰਡਤ ਗੁਰੂ ਹੋ ਗਏ, ਵਿਦਵਾਨ ਗੁਰੂ ਹੋ ਗਏ। ਸਮਰੱਥ ਗੁਰੂ ਨਹੀਂ ਕੋਈ ਵੀ ਰਿਹਾ। ਗੁਰੂ ਉਹ ਹੁੰਦੈ ਜਿਹੜਾ ਅੰਦਰ ਪ੍ਰਮੇਸ਼ਰ ਦਿਖਾ ਦੇਵੇ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ- ੧੨੯੧*

ਅੰਦਰ ਵਸਦੇ ਵਾਹਿਗੁਰੂ ਨੂੰ ਦਿਖਾਉਣ ਵਾਲਾ ਕੋਈ ਰਿਹਾ ਨਹੀਂ ਹੈ। ਕਿਉਂਕਿ ਵਾਹਿਗੁਰੂ ਅੰਦਰ ਵਸਦੈ, ਦੂਰ ਨਹੀਂ ਵਸਦਾ। ਪਰ ਦਿਖਾਏ ਬਿਨਾਂ ਤਾਂ ਦਿਸਦਾ ਨਹੀਂ ਹੈ। ਐਸਾ ਫੁਰਮਾਨ ਹੈ ਮਹਾਰਾਜ ਦਾ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥* *ਅੰਗ- ੯੫੭*

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ੨ ॥*
*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*
*ਅੰਗ- ੧੦੩੩*

ਅੰਦਰ ਬੈਠੈ ਡੇਰਾ ਲਾਈ ਐਡਾ ਕਰੋੜਾਂ ਬ੍ਰਹਿਮੰਡਾਂ ਦਾ ਮਾਲਿਕ। ਕਈ ਪ੍ਰੇਮੀਆਂ ਦਾ ਖਿਆਲ ਹੁੰਦੈ ਕਿ ਉਹ ਆ ਕਿਵੇਂ ਗਿਆ ਸਰੀਰ 'ਚ। ਸੂਰਜ ਧਰਤੀ ਨਾਲੋਂ ਕਰੋੜਾਂ ਗੁਣਾਂ ਵੱਡਾ ਹੈ। ਧਰਤੀ ਜਿਹੜੀ ਹੈ ਇਹਦਾ ਘੇਰਾ 25000 ਮੀਲ ਦਾ ਹੈ। ਇਕ ਪਾਣੀ ਦਾ ਨਿੱਕਾ ਜਿਹਾ ਬਰਤਨ, ਕੋਈ ਕੌਲੀ ਰੱਖ ਦਿਆ, ਚੂੰਘੜਾ ਜਿਹਾ, ਉਹ ਸੂਰਜ ਦੇ ਸਾਮ੍ਹਣੇ ਰੱਖ ਦਿਓ, ਹੇਠਾਂ ਨੂੰ ਦੇਖੋ ਵਿਚ ਸੂਰਜ

ਨਜ਼ਰ ਆਉਂਦੈ ਉਹਦੇ। ਉਸ ਚੂੰਘੜੇ 'ਚ ਕਿਵੇਂ ਆ ਗਿਆ ਸੂਰਜ। ਇਕ ਸੀਸ਼ਾ ਲੈ ਲਓ, ਹਥੌੜਾ ਮਾਰ ਕੇ ਉਹਦੇ ਟੁਕੜੇ-ਟੁਕੜੇ ਕਰ ਦਿਓ। ਐਨੇ ਛੋਟੇ ਕਰ ਦਿਓ ਕਿ ਹੱਥ ਵਿਚ ਚੁੱਕਿਆ ਹੋਇਆ ਨਾ ਚੁੱਕ ਹੋਵੇ। ਉਹਨੂੰ ਨਿਵੇਕਲਾ ਕੱਢ ਕੇ ਇਕ ਥਾਂ ਧੁੱਪ ਵਿਚ ਰੱਖ ਦਿਓ। ਵਿਚ ਨੂੰ ਦੇਖੋ, ਉਹਦੇ ਵਿਚ ਸੂਰਜ ਨਜ਼ਰ ਆਉਂਦੈ। ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਹਰੇਕ ਘਟ ਦੇ ਅੰਦਰ ਸਮਾਇਆ ਹੋਇਆ ਹੈ। ਪਰ ਤਾਲਾ ਲੱਗਿਆ ਹੋਇਐ ਹੈ ਖੁਲ੍ਹਦਾ ਨਹੀਂ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਮਹਾਰਾਜ ਕਹਿਣ ਲੱਗੇ, ਸਿੱਧੋ! ਇਸ ਵੇਲੇ ਅਜਿਹਾ ਗੁਰੂ ਸੰਸਾਰ 'ਤੇ ਨਹੀਂ ਹੈ ਜਿਹੜਾ ਸੰਸਾਰ ਨੂੰ ਪਾਰ ਉਤਾਰ ਦੇਵੇ। ਗੁਰੂ ਅੰਨ੍ਹੇ ਨੇ, ਗੁਰੂ ਕੱਚੇ ਨੇ। ਗੁਰੂ ਜਾਂ ਫੇਰ ਪੜ੍ਹੇ ਲਿਖੇ ਨੇ ਉਹਨਾਂ ਦੇ ਅਧਿਕਾਰ ਕੋਈ ਨਹੀਂ, ਗੁਰੂ ਬੈਠੇ ਨੇ। ਸੋ ਇਸ ਕਰਕੇ ਗੁਰੂ ਤੋਂ ਬਗੈਰ ਸੰਸਾਰ ਡੁੱਬ ਰਿਹੈ। ਹਰ ਥਾਂ ਦੇ ਉਤੇ ਜਿੰਨੇ ਧਰਮ ਮੰਦਰ ਨੇ, ਕੂੜ ਦਾ ਪਸਾਰਾ ਹੈ। ਚਲਾਕ ਬੰਦਿਆਂ ਨੇ ਆ ਕੇ ਕਬਜ਼ੇ ਕਰ ਲਏ। ਪੈਸੇ ਨੂੰ ਆਪ ਖਾਂਦੇ ਨੇ। ਲੋਕਾਂ ਨੂੰ ਵਹਿਮ-ਪ੍ਰਸਤੀ ਵਿਚ ਪਾਈ ਜਾਂਦੇ ਨੇ ਤੇ ਆਪਣੇ ਔਗੁਣਾਂ ਨੂੰ ਛੁਪਾਈ ਜਾਂਦੇ ਨੇ, ਭੇਖ ਦੇ ਉਹਲੇ। ਇਥੇ ਤਾਂ ਸਾਰੇ ਕੂੜ ਹੀ ਕੂੜ ਨਜ਼ਰ ਆਉਂਦੈ -

*ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥*

*ਅੰਗ- ੪੬੮*

ਕਹਿਣ ਲੱਗੇ, ਨਾਥ ਜੀ! ਉਥੇ ਤਾਂ ਸਾਰੇ ਕੂੜ ਹੀ ਕੂੜ ਹੋ ਗਿਆ। ਸਾਰੀ ਨਗਰੀ ਦੂਸ਼ਿਤ ਹੋ ਗਈ। ਆਪਣਾ ਧਰਮ ਛੱਡ ਦਿਤਾ ਸਾਰਿਆਂ ਨੇ। ਕੋਈ ਵਰਨ ਸਾਬਤ ਨਹੀਂ ਹੈ, ਕੋਈ ਜਾਤ ਸਾਬਤ ਨਹੀਂ ਹੈ। ਪਾਖੰਡੀ ਆਦਮੀ ਅੱਗੇ ਆ ਗਏ, ਮੰਤਵ ਕੇਵਲ ਪੈਸੇ ਕਮਾਉਣਾ ਹੈ ਆਪਣੀ ਐਸ਼ ਪੂਰੀ ਕਰਨ ਲਈ। ਸੋ ਕੌਣ ਜਗਤ ਨੂੰ ਲੰਘਾਵੇ -

*ਫਿਰਿ ਪੁਛਣਿ ਸਿਧ ਨਾਨਕਾ!*
*ਮਾਤ ਲੋਕ ਵਿਚਿ ਕਿਆ ਵਰਤਾਰਾ?*
*ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।*
*ਬਾਬੇ ਆਖਿਆ: ਨਾਥ ਜੀ! ਸਚੁ ਚੰਦ੍ਰਮਾ ਕੂੜੁ ਅੰਧਾਰਾ।*
*ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।*

*ਭਾਈ ਗੁਰਦਾਸ ਜੀ ਵਾਰ, ੧/੨੯*

ਉਥੇ ਤਾਂ ਮੱਸਿਆ ਵਰਤੀ ਪਈ ਹੈ। ਸੱਚ ਦਾ ਤਾਂ ਨਾਂ ਨਹੀਂ ਕਿਤੇ। ਧਰਤੀ ਦੇ ਉਤੇ ਐਨਾ ਬੋਝ ਹੋ ਗਿਆ ਕਿ -

*ਪਾਪ ਗਿਰਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।*

*ਭਾਈ ਗੁਰਦਾਸ ਜੀ ਵਾਰ, ੧/੨੯*

ਕੂਕਾਂ ਮਾਰ-ਮਾਰ ਕੇ ਕਹਿੰਦੈ ਕਿ ਹੇ ਪ੍ਰਭੂ! ਤੂੰ ਮੇਰੀ ਵੀ ਸੁਣ ਲੈ। ਭੇਜ ਕਿਸੇ ਨੂੰ ਜਿਹੜਾ ਮੇਰੇ ਉਤੋਂ ਬੋਝ ਲਾਹੇ -

*ਸਿਧ ਛਪਿ ਬੈਠੇ ਪਰਬਤੀ*
*ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।*

*ਭਾਈ ਗੁਰਦਾਸ ਜੀ ਵਾਰ, ੧/੨੯*

ਤੁਸੀਂ ਤਾਂ ਬਹਿ ਗਏ ਇਥੇ ਕੰਦਰਾਂ 'ਚ।

*ਜੋਗੀ ਗਿਆਨ ਵਿਹੂਣਿਆ*
*ਨਿਸਦਿਨਿ ਅੰਗਿ ਲਗਾਇਨਿ ਛਾਰਾ।*

*ਭਾਈ ਗੁਰਦਾਸ ਜੀ ਵਾਰ, ੧/੨੯*

ਹੁਣ ਸੰਤ ਕੀ ਕਰਦੇ ਨੇ ਭੇਖ ਧਾਰੀਂ ਫਿਰਦੇ ਨੇ। ਅੰਦਰ ਕੋਈ ਗਿਆਨ ਨਹੀਂ ਹੈ, ਕੋਈ ਅੰਦਰਲੇ ਅਨੁਭਵ ਨੂੰ ਪਹੁੰਚਦਾ ਨਹੀਂ ਹੈ। ਪੈਸੇ ਕਮਾਉਣ ਵਾਸਤੇ ਨਾਟਕ ਚੇਟਕ ਕਰੀ ਜਾਂਦੇ ਨੇ, ਗੱਲਾਂ ਕੋਈ ਹਾਸੇ ਦੀਆਂ ਸੁਣਾਂ ਦਿੰਦੈ, ਕੋਈ ਦੂਜੀਆਂ ਸੁਣਾ ਦਿੰਦੈ -

*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥*

*ਅੰਗ- ੪੬੯*

ਉੱਚੀ-ਉੱਚੀ ਕੂਕਦੇ ਨੇ, ਯੋਧਿਆਂ ਦੀਆਂ ਗੱਲਾਂ ਸੁਣਾਉਂਦੇ ਨੇ। ਪ੍ਰਮੇਸ਼ਰ ਦੀ ਤਾਂ ਗੱਲ ਕੋਈ ਨਹੀਂ ਕਰਦਾ। ਸੋ -

*ਬਾਝੁ ਗੁਰੂ ਡੁਬਾ ਜਗੁ ਸਾਰਾ॥*

*ਭਾਈ ਗੁਰਦਾਸ ਜੀ ਵਾਰ, ੧/੨੯*

ਸਾਰਾ ਸੰਸਾਰ ਡੁੱਬ ਗਿਆ। ਉਸ ਵੇਲੇ ਗੋਰਖਨਾਥ ਨੇ ਕਿਹਾ ਕਿ ਇਹ ਤਾਂ ਬਹੁਤ ਹੀ ਜ਼ਹੀਨ ਹੈ। ਇਹ ਤਾਂ ਗੁਰੂ ਨਾਨਕ ਅਵਤਾਰ ਹੈ ਓਹੀ। ਜਿਹਦੇ ਬਾਰੇ ਸੁਣਦੇ ਆਏ ਸੀ ਕਿ ਕਲਜੁਗ ਆ ਕੇ ਸੰਸਾਰ ਦਾ ਉਧਾਰ ਕਰਨਗੇ। ਇਹ ਜੇ ਕਿਸੇ ਤਰੀਕੇ ਨਾਲ ਸਾਡੇ ਮੱਤ ਵਿਚ ਆ ਜਾਵੇ ਤਾਂ ਫੇਰ ਬਹੁਤ ਵੱਡੀ ਬਾਤ ਹੈ। ਉਸ ਵੇਲੇ ਉਹਨਾਂ ਨੇ ਆਪਣੇ ਮੱਤ ਦੀ ਗੱਲ ਸੁਣੀ। ਕਹਿਣ ਲੱਗੇ, ਹੇ ਨਾਨਕ! ਤੂੰ ਗ੍ਰਿਹਸਤ ਵਿਚ ਰੱਖਦੈਂ। ਉਹਨਾਂ ਨੂੰ ਕਹਿੰਦੈ ਕਿ ਗ੍ਰਿਹਸਤ ਵਿਚ ਰਹੋ। ਗ੍ਰਿਹਸਤ ਵਿਚ ਵੀ ਕੋਈ ਪਾਰ ਲੰਘਦਾ ਹੁੰਦੈ? ਗ੍ਰਿਹਸਤੀ ਦੇ ਮਨ ਵਿਚ ਹਰ ਵਕਤ ਤੋਟਾ ਪਿਆ ਰਹਿੰਦੈ। ਵੈਰ ਇਹਦੇ ਅੰਦਰ ਹੈ, ਈਰਖਾ ਇਹਦੇ ਅੰਦਰ ਹੈ, ਤ੍ਰਿਸ਼ਨਾ ਇਹਦੇ ਅੰਦਰ ਹੈ, ਚੁਗਲੀਆਂ ਇਹ ਕਰਦੇ ਨੇ। ਲੋੜ ਇਹਨੂੰ ਹਰ ਵਕਤ ਪਈ ਰਹਿੰਦੀ ਹੈ। ਇਕੱਠਾ ਹੋ ਕੇ ਟੱਬਰ ਵੀ ਕਦੇ ਇਕ ਰਸ ਚੱਲਿਐ? ਤੂੰ ਕਿਵੇਂ ਪਾਰ ਲੰਘਾ ਦੇਵੇਂਗਾ, ਕੋਈ ਹੈ ਤੇਰੇ ਕੋਲ ਤਰੀਕਾ? ਮਹਾਰਾਜ ਕਹਿੰਦੇ, ਹਾਂ। ਪੂਰਾ

ਸਤਿਗੁਰੂ ਹੋਵੇ, ਪੂਰੀ ਜੁਗਤ ਹੋਵੇ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ੨ ॥* *ਅੰਗ- ੫੨੨*

ਹਸਦੇ, ਖੇਲ੍ਹਦੇ, ਕੰਮ ਕਰਦੇ ਹੋਏ, ਬੱਚਿਆਂ ਨੂੰ ਪਾਲਦੇ ਹੋਏ ਮੁਕਤ ਹੋ ਜਾਂਦੇ ਨੇ ਜੇ ਜੁਗਤੀ ਹੋਵੇ ਕਿਸੇ ਕੋਲ। ਗੁਰੂ ਘਰ 'ਚ ਜੁਗਤੀ ਹੈ, ਨਾਮ ਦੀ ਜੁਗਤੀ ਹੈ, ਸੰਤਾਂ ਕੋਲ ਹੋਇਆ ਕਰਦੀ ਹੈ। ਸੰਤ ਹੌਲੀ-ਹੌਲੀ ਉਹਨੂੰ ਕਲਜੁਗ 'ਚੋਂ ਬਚਾ ਦਿੰਦੇ ਨੇ। ਜੁਗਤੀ ਦੱਸੀ ਜਾਂਦੇ ਨੇ ਕਿ ਇਸ ਤਰ੍ਹਾਂ ਭਜਨ ਕਰ ਲੈ ਭਾਈ, ਇਸ ਤਰ੍ਹਾਂ ਕਰ ਲੈ। ਹੌਲੀ-ਹੌਲੀ ਸਮਾਂ ਆ ਜਾਂਦੈ, ਜਦੋਂ ਕੱਢ ਦਿੰਦੇ ਨੇ।

ਕਹਿੰਦੇ, ਜਦੋਂ ਤੁਸੀਂ ਚਲੇ ਜਾਓਗੇ, ਫੇਰ ਕੀ ਹੋਏਗਾ?

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਅਸੀਂ ਗੁਰਮੁਖ ਪੈਦਾ ਕਰ ਜਾਵਾਂਗੇ, ਸੰਤ ਪੈਦਾ ਕਰ ਜਾਵਾਂਗੇ।

ਸੰਤ ਭੇਖ ਨਾਲ ਨਹੀਂ ਹੁੰਦਾ ਸਾਧਸੰਗਤ ਜੀ। ਇਹਦਾ ਭੁਲੇਖਾ ਕਦੇ ਨਾ ਖਾਓ। ਸੰਤ ਕੀ ਹੁੰਦੈ? ਸੰਤ ਅਵਸਥਾ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*

24 ਘੰਟੇ ਜਿਨ੍ਹਾਂ ਦੇ ਧਿਆਨ 'ਚੋਂ ਵਾਹਿਗੁਰੂ ਦੂਰ ਨਹੀਂ ਹੁੰਦਾ -

*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ- ੩੧੯*

ਉਹ ਸੰਤ ਹੁੰਦੈ। ਮਹਾਰਾਜ ਕਹਿੰਦੇ, ਅਸੀਂ ਉਹਨੂੰ ਗੁਰਮੁਖ ਦੀ ਪਦਵੀ ਦਿਤੀ ਹੈ। ਉਹ ਗੁਰਮੁਖ ਜਿਹੜੇ ਨੇ ਦੂਸਰੇ ਸਿੱਖਾਂ ਨੂੰ ਸਤਿਸੰਗ ਕਰਕੇ ਹੌਲੀ-ਹੌਲੀ ਲੰਘਾ ਦੇਣਗੇ। ਨਾ ਆਪ ਦਾ ਘਰ ਛੱਡਣ ਦੀ ਲੋੜ ਹੈ ਸਾਡੇ ਮਾਰਗ ਦੇ ਅੰਦਰ। ਸਾਡਾ ਨਾਮ ਮਾਰਗ ਹੈ। ਕਹਿਣ ਲੱਗੇ, ਤੁਸੀਂ ਸਾਡਾ ਮਾਰਗ ਅਪਣਾਅ ਲਓ। ਦੇਖੋ, ਨਾਨਕ ਜੀ! ਸਾਡੇ ਵਿਚ ਕਿੰਨੀਆਂ ਸ਼ਕਤੀਆਂ ਨੇ। ਤੁਸੀਂ ਤਾਂ ਤੁਰ ਕੇ ਆਏ ਹੋਂ ਨਾ ਪਹਾੜ 'ਤੇ। ਅਸੀਂ ਤੁਰ ਕੇ ਨਹੀਂ ਆਉਂਦੇ, ਅਸੀਂ ਉਡਾਰੀ ਮਾਰ ਕੇ ਇਥੇ ਆ ਜਾਂਦੇ ਹਾਂ।

ਮਹਾਰਾਜ ਕਹਿੰਦੇ, ਤੁਸੀਂ ਫੇਰ ਖੱਟਿਆ ਤਾਂ ਕੁਛ ਨਾ। ਇਹ ਪੰਛੀਆਂ ਵਿਚ ਵੀ ਤੁਹਾਡੇ ਨਾਲੋਂ ਜ਼ਿਆਦਾ ਤਾਕਤ ਹੈ। ਤੁਸੀਂ ਤਾਂ ਉਡਾਰੀ ਮਾਰ ਕੇ ਇਕ ਪਹਾੜ 'ਤੇ ਜਾਂਦੇ ਹੋਂ। ਆਹ ਜਿਹੜੀ ਕੂੰਜ ਹੈ। ਸਰਦੀਆਂ ਦੇ ਮਹੀਨੇ, ਉਹ ਬਾਰ੍ਹਾਂ ਮੀਲ ਦੀ ਉਡਾਰੀ ਇਕੱਠੀ ਲਾ ਦਿੰਦੀਆਂ ਨੇ। ਸਮੁੰਦਰ ਪਾਰ ਲੰਘ ਜਾਂਦੀਆਂ ਨੇ। ਸਮੁੰਦਰੋਂ ਆਪਣੇ ਕੰਢੇ ਤੋਂ ਉਡਾਰੀ ਮਾਰੇ, ਅਫਰੀਕਾ 'ਚ ਜਾ ਕੇ ਉਤਰਦੀ ਹੈ। ਕਹਿੰਦੇ, ਇਹ ਕਿਹੜੀ ਕੌਂਟੀ ਕੱਟ ਲਈ ਤੁਸੀਂ। ਗੁਰੂ ਮਹਾਰਾਜ ਨੇ ਚਰਚਾ ਦੇ ਵਿਚ ਬੜਾ ਉਹਨਾਂ ਨੂੰ ਸਮਝਾਉਣ ਦਾ ਯਤਨ ਕੀਤਾ। ਮਹਾਰਾਜ ਕਹਿੰਦੇ, ਦੇਖੋ ਤੁਹਾਡੇ ਮੱਤ 'ਚ ਮੈਂ ਨੁਕਸ ਦਸਦਾਂ। ਪਹਿਲਾਂ ਤਾਂ ਇਹ ਹੈ ਕਿ ਤੁਸੀਂ ਪ੍ਰਾਣਾਯਾਮ ਕਰਾਉਂਦੇ ਹੋਂ। ਅੱਜ ਇਕ ਹਜ਼ਾਰ ਬੰਦਾ ਪ੍ਰਾਣਾਯਾਮ ਕਰਨ ਲੱਗੇ, 999 ਬੰਦੇ ਪਾਗਲਖਾਨੇ ਚਲੇ ਜਾਣਗੇ। ਕੋਈ ਨਹੀਂ ਪ੍ਰਾਣਾਯਾਮ 'ਚ ਸਿਰੇ ਲੰਘ ਸਕਦਾ। ਕਿਉਂਕਿ ਪ੍ਰਾਣਾਯਾਮ ਪਹਿਲਾਂ ਹੁੰਦੈ ਸਾਹ ਖਿੱਚਣਾ ਅੰਦਰੋਂ। ਫੇਰ ਰੋਕਣਾ। ਫੇਰ ਛੱਡਣਾ ਹੌਲੀ-ਹੌਲੀ। ਜਿਹੜਾ ਪਹਿਲੇ ਦਰਜੇ ਦਾ ਪ੍ਰਾਣਾਯਾਮ ਹੈ 42 ਵਾਰੀ, ਵਾਹਿਗੁਰੂ-ਵਾਹਿਗੁਰੂ ਕਰਕੇ ਸਾਹ ਖਿੱਚ ਲਓ। 84 ਵਾਰੀ ਰੋਕ ਲਓ, 42 ਵਾਰੀ ਵਾਹਿਗੁਰੂ-ਵਾਹਿਗੁਰੂ ਕਹਿ ਕੇ ਜਦੋਂ ਛੱਡ ਦਿਓਗੇ, 168 ਵਾਰੀ ਇਕ ਸਾਹ 'ਚ ਵਾਹਿਗੁਰੂ ਕਹਿਣੈ। ਇਹਦੇ ਨਾਲ ਹੋਏਗਾ ਕੀ? ਪਹੁੰਚ ਤਾਂ ਜਾਂਦੈ ਬੰਦਾ ਇਥੇ ਤੱਕ, ਲੇਕਿਨ ਸਿਰ ਘੁੰਮਣ ਲਗ ਜਾਂਦੈ, ਪਾਗ਼ਲ ਹੋ ਜਾਂਦੈ। ਉਹ ਐਸਾ ਪਾਗ਼ਲ ਹੁੰਦੈ, ਲੋਕ ਕਹਿੰਦੇ ਨੇ ਕਿ ਜੀ ਇਹ ਤਾਂ ਬਣ ਗਿਆ ਪੂਰਾ ਸੰਤ ਜੀ। ਹੁੰਦਾ ਪਾਗ਼ਲ ਹੋਇਆ ਹੋਇਆ। ਮਸਤਾਨਾ ਕਹਿਣ ਲੱਗ ਜਾਂਦੇ ਨੇ। ਮਹਾਰਾਜ ਕਹਿੰਦੇ, ਇਹ ਫੇਰ ਦੁਨੀਆਂ ਨੂੰ ਐਸਾ ਬਣਾ ਦੇਈਏ ਅਸੀਂ। ਸਾਰੇ ਪਾਗ਼ਲ ਹੀ ਨਜ਼ਰ ਆਉਣਗੇ। ਇਹ ਭਾਈ ਔਖਾ ਹੈ ਪ੍ਰਾਣਾਯਾਮ। ਇਸ ਤੋਂ ਬਾਅਦ ਪ੍ਰਾਣਾਯਾਮ ਦੀ ਗਰਮੀ ਪੈਂਦੀ ਹੈ ਅੰਦਰ। ਗਰਮੀ ਦੇ ਨਾਲ ਕੀ ਹੁੰਦੈ, ਉਹ ਖਾਸ ਪੁਆਇੰਟ ਦੇ ਉਤੇ ਉਹਨੂੰ ਕੇਂਦਰਤ ਕਰਦੇ ਨੇ। ਸਭ ਤੋਂ ਪਹਿਲਾਂ ਰੀੜ ਦੀ ਹੱਡੀ ਦਾ ਹੇਠਲਾਂ ਹਿੱਸਾ, ਉਥੇ ਭੁਜੰਗਾ ਨਾੜੀ ਹੁੰਦੀ ਹੈ ਉਹਦਾ ਮੂੰਹ ਖੋਲ੍ਹਦੇ ਨੇ। ਉਹਦੇ ਵਿਚੀਂ ਇਲੈਕਟ੍ਰਾਨਿਕ ਦਾ ਭੰਡਾਰ ਹੈ, ਜਿਹਨੂੰ ਕੁੰਡਲਨੀ ਕਹਿੰਦੇ ਨੇ। ਕੁੰਡਲਨੀ ਦੀ ਮਦਦ ਦੇ ਨਾਲ ਫੇਰ ਰੀੜ੍ਹ ਦੀ ਹੱਡੀ ਦੇ ਵਿਚ ਉਪਰ ਨੂੰ ਸਵਾਸ ਚੜ੍ਹਦੈ, ਸਭ ਤੋਂ ਪਹਿਲਾਂ ਜਿਹੜਾ ਆਉਂਦੈ ਉਹ ਮੂਲਧਾਰ ਚੱਕਰ ਆਉਂਦੈ। ਫੇਰ ਸਵਾਧਿਸ਼ਠਾਨ ਦੂਸਰਾ ਨਾਭੀ ਦਾ ਚੱਕਰ ਆਉਂਦੈ। ਤੀਸਰਾ ਹਿਰਦੇ ਦਾ ਚੱਕਰ ਆਉਂਦੈ। ਚੌਥਾ ਅਨਾਹਦ ਕੰਠ ਦਾ ਚੱਕਰ ਆਉਂਦੈ, ਪੰਜਵਾਂ ਆਗਿਆ ਚੱਕਰ, ਤ੍ਰਿਕੁਟੀ ਹੁੰਦੀ ਹੈ, ਸਹੰਸਰਾਰ ਦਲ ਕਮਲ ਦਾ ਚੱਕਰ ਹੁੰਦੈ, ਫੇਰ ਜਾ ਕੇ ਦਸਵੇਂ ਦੁਆਰ 'ਚ ਸੁਆਸ ਚਲਦੈ। ਪਿਆਰਿਆ! ਐਨੀ ਮਿਹਨਤ ਅਸੀਂ ਨਹੀਂ ਕਰਾਉਣੀ। ਅਸੀਂ ਮੰਤਰ ਦੇ ਕੇ ਸੁਰਤ ਲਾ ਦੇਣੀ ਹੈ ਸ਼ਬਦ ਦੇ ਨਾਲ। ਸੁਰਤ ਦੇ ਸ਼ਬਦ ਨੂੰ ਚੁੱਕ ਕੇ ਦਸਵੇਂ ਦੁਆਰ 'ਚ ਲੈ ਜਾਣੈ। ਨਾ ਕੋਈ ਚੱਕਰ ਤੋੜਨ ਦੀ ਲੋੜ ਸਾਡੇ ਸਿੱਖਾਂ ਨੂੰ। ਕੰਮ ਕਰਨਗੇ, ਬਾਲ ਬੱਚੇ ਪਾਲਣਗੇ, ਸਭ ਕੁਝ ਕਰਦੇ ਹੋਏ, ਅੰਮ੍ਰਿਤ ਵੇਲੇ ਜਾਗ ਕੇ ਯੋਗੀਆਂ ਵਾਲਾ ਕੰਮ ਕਰਨਗੇ -

*(ਬਾਕੀ ਪੰਨਾ 35 ਤੇ)*

# ਰਤਵਾੜਾ ਸਾਹਿਬ

## ਮਿਤੀ 30-31 ਅਕਤੂਬਰ ਅਤੇ 1-2 ਨਵੰਬਰ 2022
## ਨੂੰ ਹੋਏ
## ਮਹਾਨ ਗੁਰਮਤਿ ਰੂਹਾਨੀ ਸਮਾਗਮ
## ਦੇ ਅਦਭੁਤ ਦ੍ਰਿਸ਼ - ਤਸਵੀਰਾਂ ਦੀ ਜੁਬਾਨੀ



ਸੱਚਖੰਡਵਾਸੀ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ
ਰਤਵਾੜਾ ਸਾਹਿਬ



ਸੱਚਖੰਡਵਾਸੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

### ਮਹਾਨ ਗੁਰਮਤਿ ਸਮਾਗਮ

ਗੁਰਮਤਿ ਪ੍ਰਚਾਰ ਤੇ ਪਰਉਪਕਾਰ ਦੇ
ਕੇਂਦਰ ਰਤਵਾੜਾ ਸਾਹਿਬ ਵਿਖੇ
ਚਾਰ ਰੋਜ਼ਾ ਮਹਾਨ ਗੁਰਮਤਿ ਸਮਾਗਮ
ਆਰੰਭਤਾ

ਪ੍ਰਣਾਮ ਸ਼ਹੀਦਾਂ ਨੂੰ
ਜਿਨ੍ਹਾਂ ਨੇ ਜਿੰਦ ਧਰਮ ਤੋਂ ਵਾਰੀ

ਨਿਊ ਚੰਡੀਗੜ੍ਹ ਰਤਵਾੜਾ ਸਾਹਿਬ ਵਿਖੇ ਅੱਜ ਮਿਤੀ 30-10-2022 ਨੂੰ ਚਾਰ ਰੋਜ਼ਾ ਗੁਰਮਤਿ ਰੂਹਾਨੀ ਸਮਾਗਮ ਦਾ ਪਹਿਲਾ ਦਿਨ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ਵੱਖ-ਵੱਖ, ਬੁਲਾਰਿਆਂ, ਜਥਿਆਂ ਰਾਗੀ, ਢਾਡੀ ਸਿੰਘਾਂ ਤੇ ਸੰਤਾਂ ਮਹਾਂਪੁਰਸ਼ਾਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਅੱਜ ਦੇ ਸਮਾਗਮ ਸਮੂਹ ਸ਼ਹੀਦਾਂ ਦੀ ਯਾਦ ਦੇ ਸਬੰਧ ਵਿਚ ਸਨ। ਅੱਜ ਦੇ ਸਮਾਗਮ ਵਿਚ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ ਦੇ ਬੱਚਿਆਂ ਵਲੋਂ, ਢਾਡੀ ਸੁਖਜਿੰਦਰ ਸਿੰਘ ਨੂਰ, ਗਿਆਨੀ ਰਤਨ ਸਿੰਘ, ਗਿਆਨੀ ਵਿਰਸਾ ਸਿੰਘ ਮੱਖਣ, ਭਾਈ ਮਨਜੀਤ ਸਿੰਘ, ਆਲ ਇੰਡੀਆ ਰੇਡੀਓ, ਭਾਈ ਡਾ. ਸੁਖਵਿੰਦਰ ਸਿੰਘ ਰਤਵਾੜਾ ਸਾਹਿਬ, ਮਹਾਂਪੁਰਸ਼ਾਂ ਦੇ ਬੇਟੇ ਸ. ਮਨਜੀਤ ਸਿੰਘ ਯੂ.ਐਸ.ਏ, ਭਾਈ ਜਸਵਿੰਦਰ ਸਿੰਘ (ਘੋਲਾ), ਬਾਬਾ ਸਤਨਾਮ ਸਿੰਘ ਯੂ.ਪੀ, ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਹਾਜ਼ਰੀ ਭਰੀ। ਬਾਬਾ ਹਰਪਾਲ ਸਿੰਘ ਜੀ ਨੇ ਰਾੜਾ ਸਾਹਿਬ ਸੰਪਰਦਾ ਵਲੋਂ ਦੇਸ਼, ਧਰਮ ਵਾਸਤੇ ਦਿਤੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਅਖੀਰ ਵਿਚ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਸਿੰਘ ਵਲੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਦਸਿਆ ਹੈ ਕਿ ਸ਼ਹੀਦ ਕੌਮ ਦਾ ਅਮੋਲਕ ਸਰਮਾਇਆ ਹੁੰਦੇ ਹਨ। ਸ਼ਹੀਦਾਂ ਦੇ ਪਾਏ ਪੂਰਨੇ ਕੌਮ ਲਈ, ਦੇਸ਼ ਲਈ ਚਾਨਣ ਮੁਨਾਰਾ ਹਨ। ਆਮ ਅੱਗ ਪਾਣੀ ਨਾਲ ਬੁਝ ਜਾਂਦੀ ਹੈ ਪਰ ਜ਼ੁਲਮ ਦੀ ਅੱਗ ਨੂੰ ਸ਼ਹੀਦ ਆਪਣੇ ਖੂਨ ਨਾਲ ਸ਼ਾਂਤ ਕਰਦੇ ਹਨ। ਸਿੱਖ ਕੌਮ ਦੇ ਇਤਿਹਾਸ ਦਾ ਪੰਨਾ-ਪੰਨਾ ਸ਼ਹੀਦਾਂ ਦੇ ਖੂਨ ਨਾਲ ਰੰਗਿਆ ਹੋਇਆ ਹੈ। ਸਾਨੂੰ ਸ਼ਹੀਦਾਂ ਦੀ ਯਾਦ ਵਿਚ ਰਹਿ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। ਰਾਤ ਦੇ ਸਮਾਗਮ ਨਿਰੰਤਰ ਜਾਰੀ ਰਹੇ। ਕੱਲ ਦੇ ਸਮਾਗਮ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੋਣਗੇ। 2 ਨਵੰਬਰ 2022 ਨੂੰ ਅੰਮ੍ਰਿਤ ਸੰਚਾਰ ਹੋਣਗੇ ਦਸਤਾਰ ਸਿਖਲਾਈ ਕੈਂਪ ਵੀ ਲਗਾਇਆ ਜਾਵੇਗਾ। ਫਰੀ ਮੈਡੀਕਲ ਕੈਂਪ ਜਾਰੀ ਹਨ। ਅੱਖਾਂ ਦੇ ਅਪ੍ਰੇਸ਼ਨ ਕੈਂਪ ਅੱਜ ਸਮਾਪਤ ਹੋ ਚੁੱਕੇ ਹਨ। ਅੱਜ ਪਹਿਲੇ ਦਿਨ ਹੀ ਸੰਗਤਾਂ ਦਾ ਵੱਡਾ ਇਕੱਠ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਹੋਇਆ। ਆਉਣ ਵਾਲੇ ਤਿੰਨ ਦਿਨਾਂ 'ਚ ਵੱਡੇ ਇਕੱਠ 'ਚ ਸੰਗਤਾਂ ਦੇਸਾਂ-ਵਿਦੇਸ਼ਾਂ ਤੋਂ ਲਾਹੇ ਪ੍ਰਾਪਤ ਕਰਨਗੀਆਂ। ਲਾਇਵ ਟੈਲੀਕਾਸਟ ਰਤਵਾੜਾ ਸਾਹਿਬ ਯੂ.ਟਿਊਬ ਚੈਨਲ 'ਤੇ ਦਿਤੇ ਜਾ ਰਹੇ ਹਨ। ਅੱਜ ਦੇ ਸਮਾਗਮ ਵਿਚ ਸ. ਹਰਭਜਨ ਸਿੰਘ ਦੇਸੂਮਾਜਰਾ, ਸੰਤ ਬਾਬਾ ਲੱਖਾ ਸਿੰਘ ਨਾਨਕਸਰ ਚੰਡੀਗੜ੍ਹ ਵਾਲਿਆਂ ਨੇ ਵੀ ਹਾਜ਼ਰੀ ਭਰੀ।

### ਗੁਰਮਤਿ ਸਮਾਗਮ ਦਾ ਦੂਜਾ ਦਿਨ - 31-10-2022

**ਸ਼ਬਦ ਗੁਰੂ ਨਾਲ ਜੁੜੋ ਤੇ ਜੋੜਿਆ, ਆਪ ਤਰੇ ਜਗ ਤਾਰਿਆ - ਬਾਬਾ ਲਖਬੀਰ ਸਿੰਘ ਜੀ**

ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ) ਵਿਖੇ ਚੱਲ ਰਹੇ ਗੁਰਮਤਿ ਸਮਾਗਮਾਂ ਦੇ ਦੂਜੇ ਦਿਨ, ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਨੇ ਗੁਰਮਤਿ ਵੀਚਾਰਾਂ ਸੰਗਤਾਂ ਨਾਲ ਸਾਂਝੀਆਂ ਕਰਦਿਆਂ ਫੁਰਮਾਨ ਕੀਤਾ ਕਿ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਉਨ੍ਹਾਂ ਵਲੋਂ ਮਾਨਵਤਾ ਲਈ ਕੀਤੇ ਪਰਉਪਕਾਰੀ ਕਾਰਜਾਂ ਕਰਕੇ ਸਦਾ ਅਮਰ ਰਹਿਣਗੇ। ਸਮਾਜਿਕ, ਧਾਰਮਿਕ, ਵਿਦਿਅਕ, ਸਾਹਿਤਕ ਖੇਤਰ ਵਿਚ ਉਨ੍ਹਾਂ ਵਲੋਂ ਵਡਮੁੱਲਾ ਯੋਗਦਾਨ ਪਾਇਆ ਗਿਆ। ਉਨ੍ਹਾਂ ਵਲੋਂ ਆਰੰਭੀਆਂ ਪਰਉਪਕਾਰੀ ਸੇਵਾਵਾਂ ਅੱਜ ਵੀ ਜਾਰੀ ਹਨ। ਅੱਜ ਦੇ ਸਮਾਗਮ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਯਾਦ ਦੇ ਸਬੰਧ ਵਿਚ ਹਨ। ਬਾਬਾ ਲਖਬੀਰ ਸਿੰਘ ਜੀ ਵਲੋਂ ਉਨ੍ਹਾਂ ਦੀ ਘਾਲਣਾ ਕਮਾਈਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਮਾਨਵਤਾ ਨੂੰ ਪਿਆਰ ਕਰਨਾ ਸਿਖਾਇਆ, ਮਾਨਵਤਾ ਨੂੰ ਰੱਬ ਦਾ ਰੂਪ ਸਮਝ ਕੇ ਸੇਵਾਵਾਂ ਨਿਭਾਉਣੀਆਂ ਹਨ। ਅੱਜ ਰਤਵਾੜਾ ਸਾਹਿਬ ਵਿਚ ਇਕੱਠੀਆਂ ਹੋਈਆਂ ਸੰਗਤਾਂ

ਦੇ ਚਿਹਰਿਆਂ ਤੇ ਮਹਾਂਪੁਰਸ਼ਾਂ ਦੇ ਵਿਛੋੜੇ ਦਾ ਅਸਰ ਪ੍ਰਤੱਖ ਨਜ਼ਰ ਆ ਰਿਹਾ ਸੀ। ਸਾਰਾ ਦੀਵਾਨ ਹਾਲ ਵੈਰਾਗ ਦੇ ਵਾਤਾਵਰਣ ਵਿਚ ਸ਼ਾਂਤ ਸੀ। ਸਾਰੇ ਬੁਲਾਰਿਆਂ ਨੇ ਪਿਆਰ ਵੈਰਾਗ ਦੇ ਬਚਨ ਸਾਂਝੇ ਕਰਦਿਆਂ ਗੁਰਮਤਿ ਵੀਚਾਰਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਅੱਜ ਦੇ ਸਮਾਗਮ ਅੰਮ੍ਰਿਤ ਵੇਲੇ ਆਸਾ ਦੀ ਵਾਰ ਭਾਈ ਰਾਜਵੀਰ ਸਿੰਘ ਖਡੂਰ ਸਾਹਿਬ ਦੇ ਜਥੇ ਵਲੋਂ ਆਰੰਭ ਹੋਏ। ਉਪਰੰਤ ਰਤਵਾੜਾ ਸਾਹਿਬ ਦੇ ਨਰਸਿੰਗ ਕਾਲਜ ਅਤੇ ਬੀ.ਐਡ ਕਾਲਜ ਦੇ ਬੱਚਿਆਂ ਵਲੋਂ, ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਤੋਂ ਭਾਈ ਕਾਰਜ ਸਿੰਘ ਜੀ, ਭਾਈ ਇੰਦਰਜੀਤ ਸਿੰਘ, ਸਿੰਘ ਸ਼ਹੀਦਾਂ ਸੋਹਾਣਾ, ਭਾਈ ਪ੍ਰੀਤਮ ਸਿੰਘ ਯੂ.ਪੀ, ਬਾਬਾ ਗੁਰਦੇਵ ਸਿੰਘ ਬਨੂੜ, ਬਾਬਾ ਗੁਰਪਾਲ ਸਿੰਘ ਯੂ.ਪੀ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਸਤਨਾਮ ਸਿੰਘ ਯੂ.ਪੀ, ਸ. ਬਲਵਿੰਦਰ ਸਿੰਘ ਚਾਹਲ ਆਸਟਰੇਲੀਆ, ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ, ਸ. ਮਨਜੀਤ ਸਿੰਘ ਯੂ.ਐਸ.ਏ, ਅਤੇ ਭੈਣ ਰੁਪਿੰਦਰ ਕੌਰ (ਰੂਪੀ) ਯੂ.ਐਸ.ਏ, ਬਾਬਾ ਮੋਹਨ ਸਿੰਘ ਹਜ਼ੂਰ ਸਾਹਿਬ ਵਲੋਂ ਸੰਗਤਾਂ ਨਾਲ ਵੀਚਾਰ ਸਾਂਝੇ ਕੀਤੇ ਗਏ। ਬਾਬਾ ਹਰਪਾਲ ਸਿੰਘ ਨੇ ਪ੍ਰਵਚਨ ਕਰਦਿਆਂ ਦਸਿਆ ਕਿ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਵਲੋਂ ਚਲਾਈਆਂ ਸੇਵਾਵਾਂ ਵਿਚੋਂ 'ਆਤਮ ਮਾਰਗ' ਮੈਗਜ਼ੀਨ ਦਾ ਪ੍ਰਕਾਸ਼ਿਤ ਹੋਣਾ ਜਗਿਆਸੂਆਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਭੈਣ ਰੁਪਿੰਦਰ ਕੌਰ ਵਲੋਂ ਮਹਾਂਪੁਰਸ਼ਾਂ ਵਲੋਂ ਦਰਸਾਈ ਜੁਗਤਿ ਅਨੁਸਾਰ ਨਾਮ ਸਿਮਰਨ ਕਰਵਾਇਆ ਗਿਆ। ਅੱਖਾਂ ਦੇ ਆਪ੍ਰੇਸ਼ਨ ਕੈਂਪ ਵਿਚ 849 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ ਅਤੇ 236 ਮਰੀਜ਼ਾਂ ਦੇ ਫਰੀ ਓਪਰੇਸ਼ਨ ਕੀਤੇ ਗਏ। 1-2 ਨਵੰਬਰ ਨੂੰ ਮਹਾਨ ਅੰਮ੍ਰਿਤ ਸੰਚਾਰ ਹੋਣਗੇ। ਗੁਰੂ ਕੇ ਲੰਗਰਾਂ ਦੀ ਸੇਵਾ ਬਾਬਾ ਕਰਨੈਲ ਸਿੰਘ ਸ੍ਰੀ ਮਾਨ ਜੀ ਸੰਭਾਲ ਰਹੇ ਹਨ। ਸਟੇਜ ਸੈਕਟਰੀ ਦੀ ਸੇਵਾ ਸ. ਜਸਵੰਤ ਸਿੰਘ ਅਤੇ ਪ੍ਰੋਫੈਸਰ ਗੁਰਦੇਵ ਸਿੰਘ ਨੇ ਬਾਖੂਬੀ ਨਿਭਾਈ। ਫਰੀ ਮੈਡੀਕਲ ਕੈਂਪ ਐਲੋਪੈਥਿਕ ਅਤੇ ਹੋਮਿਓਪੈਥਿਕ ਵੀ ਚਲ ਰਹੇ ਹਨ। ਵੱਡੀ ਤਦਾਦ ਵਿਚ ਸੰਗਤਾਂ ਨੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕੀਤੇ।

ਸ. ਇੰਦਰਜੀਤ ਸਿੰਘ ਰੰਧਾਵਾ ਨੇ ਹਾਜ਼ਰੀ ਭਰੀ। ਰਾਤ ਦੇ ਸਮਾਗਮ ਵਿਚ ਬੀਬੀ ਜਸਪ੍ਰੀਤ ਕੌਰ ਸੰਗਰੂਰ, ਗਿਆਨੀ ਇਕਬਾਲ ਸਿੰਘ ਲੁਧਿਆਣਾ, ਕਵੀਸ਼ਰ ਭਾਈ ਮਹਿਲ ਸਿੰਘ, ਭਾਈ ਹਰਪਾਲ ਸਿੰਘ ਸਨੇਹੀ, ਭਾਈ ਮੱਖਣ ਸਿੰਘ ਮਨੀਲਾ, ਭਾਈ ਸੁਖਜੀਤ ਸਿੰਘ ਸੰਗਰੂਰ ਵਾਲਿਆਂ ਨੇ ਹਾਜ਼ਰੀ ਭਰੀ। ਕੱਲ੍ਹ ਨੂੰ ਦਿਨ ਦੇ ਸਮਾਗਮ ਰਤਵਾੜਾ ਸਾਹਿਬ ਦੇ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਨਿੱਘੀ ਯਾਦ ਅਤੇ ਸਿੱਖ ਇਤਿਹਾਸ ਵਿਚ ਬੀਬੀਆਂ ਦੇ ਵਡਮੁੱਲੇ ਯੋਗਦਾਨ ਨੂੰ ਸਮਰਪਿਤ ਹੋਣਗੇ। ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ। ਇਸ ਸਮਾਗਮ ਦੀ ਵਡੱਤਣ ਇਸ ਗੱਲ ਵਿਚ ਹੈ ਕਿ ਇਹ ਕੋਈ ਮੇਲਾ ਨਾ ਹੋ ਕੇ ਜਗਿਆਸੂਆਂ





ਲਈ ਰਾਹ ਦਸੇਰਾ ਸਿਧ ਹੋ ਰਿਹਾ ਹੈ। ਚਾਨਣ ਮਾਰਗ ਹੈ। ਅਖੀਰ ਅਰਦਾਸ ਦੀ ਸੇਵਾ ਭਾ. ਭਾਈ ਸੁਖਵਿੰਦਰ ਸਿੰਘ ਵਲੋਂ ਨਿਭਾਈ ਗਈ।

## ਤੀਜਾ ਮਹਾਨ
## ਗੁਰਮਤਿ ਸਮਾਗਮ - 1-11-2022

**ਸਿੱਖ ਇਤਿਹਾਸ ਦੀ ਤਵਾਰੀਖ ਬੀਬੀਆਂ ਦੇ ਯੋਗਦਾਨ ਅਤੇ ਕੁਰਬਾਨੀਆਂ ਨਾਲ ਹੀ ਪੂਰੀ ਹੁੰਦੀ ਹੈ - ਬਾਬਾ ਲਖਬੀਰ ਸਿੰਘ**

ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ) ਵਿਖੇ ਚਲ ਰਹੇ ਚਾਰ ਰੋਜ਼ਾ ਗੁਰਮਤਿ ਸਮਾਗਮ ਦਾ ਅੱਜ ਤੀਸਰਾ ਦਿਨ ਸੀ। ਅੱਜ ਦੇ ਸਮਾਗਮ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਯਾਦ ਅਤੇ ਸਿੱਖ ਇਤਿਹਾਸ ਵਿਚ ਬੀਬੀਆਂ ਵਲੋਂ ਕੀਤੀਆਂ ਕੁਰਬਾਨੀਆਂ ਅਤੇ ਯੋਗਦਾਨ ਨੂੰ ਸਮਰਪਿਤ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਬੀਬੀ ਚਰਨਜੀਤ ਕੌਰ ਦੇ ਜਥੇ ਵਲੋਂ, ਉਪਰੰਤ ਦਿੱਲੀ ਤੋਂ ਬੀਬੀਆਂ ਦਾ ਜੱਥਾ, ਬੀਬੀ ਜਸਪ੍ਰੀਤ ਕੌਰ, ਰਾਗੀ ਗੁਰਚਰਨ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ, ਬਾਬਾ ਸੁਖਜੀਤ ਸਿੰਘ ਸੰਗਰੂਰ, ਭਾਈ ਹਰਵਿੰਦਰ ਸਿੰਘ, ਜਥੇਦਾਰ ਇਕਬਾਲ ਸਿੰਘ ਪਟਨਾ ਸਾਹਿਬ, ਸੰਤ ਕਸ਼ਮੀਰਾ ਸਿੰਘ ਅਲਹੋਰਾਂ, ਸੰਤ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ, ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸ. ਇੰਦਰਜੀਤ ਸਿੰਘ ਰੰਧਾਵਾ, ਸ. ਮਨਜੀਤ ਸਿੰਘ ਯੂ.ਐਸ.ਏ ਅਤੇ ਭੈਣ ਰੁਪਿੰਦਰ ਕੌਰ (ਰੂਪੀ) ਯੂ.ਐਸ.ਏ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਅਤੇ ਵਿਚਾਰਾਂ ਦੁਆਰਾ ਨਿਹਾਲ ਕੀਤਾ। ਦਿਨ ਦੇ ਸਮਾਗਮ ਦੀ ਸੰਪੂਰਨਤਾ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਵਿਚਾਰਾਂ ਅਤੇ ਕੀਰਤਨ ਰਾਹੀਂ ਹੋਈ। ਆਪ ਜੀ ਨੇ ਫੁਰਮਾਇਆ ਕਿ ਬੀਬੀਆਂ ਦੀਆਂ ਕੁਰਬਾਨੀਆਂ, ਸੇਵਾਵਾਂ ਦੇ ਜ਼ਿਕਰ ਤੋਂ ਬਿਨਾਂ ਸਿੱਖ ਇਤਿਹਾਸ ਦੀ ਤਵਾਰੀਖ ਅਧੂਰੀ ਹੀ ਰਹੇਗੀ। ਜਿਥੇ ਸਿੰਘਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਮਿਲਦਾ ਹੈ ਉਥੇ ਨਾਲੋਂ ਨਾਲ ਸਿੰਘਣੀਆਂ ਦਾ ਯੋਗਦਾਨ ਵੀ ਕਿਸੇ ਪੱਖ ਤੋਂ ਘੱਟ ਨਹੀਂ। ਸਾਨੂੰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ ਸਿਧਾਂਤ ਤੇ ਪਹਿਰਾ ਦਿੰਦਿਆਂ ਭਰੂਣ ਹੱਤਿਆ ਵਰਗੇ ਘਿਨਾਉਣੇ ਪਾਪ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਸਮਾਨਤਾ ਤੇ ਬਰਾਬਰਤਾ ਦਾ ਹੱਕ ਤੇ




ਅਧਿਕਾਰ ਬੀਬੀਆਂ ਨੂੰ ਵੀ ਉਤਨਾ ਹੀ ਹੈ ਜਿਤਨਾ ਭਾਈਆਂ ਨੂੰ। ਰਤਵਾੜਾ ਸਾਹਿਬ ਸੰਸਥਾ ਦੀ ਚੜ੍ਹਦੀ ਕਲਾ ਲਈ ਮਾਤਾ ਰਣਜੀਤ ਕੌਰ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਮਹਾਂਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰੀ ਕਾਰਜਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਮਾਤਾ ਰਣਜੀਤ ਕੌਰ ਜੀ ਨੇ ਅਨੇਕਾਂ ਬੀਬੀਆਂ ਨੂੰ ਪ੍ਰਚਾਰ ਰਾਹੀਂ ਸ਼ਬਦ ਗੁਰੂ ਨਾਲ ਜੋੜਿਆ। 'ਆਤਮ ਮਾਰਗ' ਮੈਗਜ਼ੀਨ ਵੀ 1995 ਦੀ ਵੈਸਾਖੀ ਨੂੰ ਮਾਤਾ ਜੀ ਰਾਹੀਂ ਹੀ ਰੀਲੀਜ਼ ਹੋਇਆ। ਇਸ ਤਰ੍ਹਾਂ ਰਤਵਾੜਾ ਸਾਹਿਬ ਸੰਸਥਾ ਦੇ ਸਮੂਹ ਕਾਰਜਾਂ ਵਿਚ ਮਾਤਾ ਜੀ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ। ਅੱਜ ਦੇ ਸਮਾਗਮ ਵਿਚ ਰਤਵਾੜਾ ਸਾਹਿਬ ਵਿਖੇ ਚਲ ਰਹੇ ਬੀ.ਐਡ ਕਾਲਜ ਤੇ ਨਰਸਿੰਗ ਕਾਲਜ ਦੇ ਵਿਦਿਆਰਥ ਅਤੇ ਹੋਰ ਖੇਤਰਾਂ ਵਿਚ ਵੱਡੀਆਂ ਮੱਲਾਂ ਮਾਰਨ ਵਾਲੀਆਂ ਬੱਚੀਆਂ ਨੂੰ ਵਿਸ਼ੇਸ਼ ਸਨਮਾਨ ਦਿਤੇ ਗਏ। ਨਾਲੋਂ ਨਾਲ ਤੇਰਾ-ਤੇਰਾ ਸੰਸਥਾ ਦੇ ਮੁਖੀ ਡਾ. ਸਭਰਵਾਲ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ, ਗੁਰੂ ਕੇ ਲੰਗਰ, ਮੈਡੀਕਲ ਕੈਂਪ, ਆਤਮ ਮਾਰਗ ਮੈਗਜ਼ੀਨ, ਦਸਤਾਰ ਸਿਖਲਾਈ ਕੈਂਪ, ਮਹਾਨ ਅੰਮ੍ਰਿਤ ਸੰਚਾਰ ਭਾਵ ਸਾਰੀਆਂ ਸੇਵਾਵਾਂ ਚੜ੍ਹਦੀ ਕਲਾ ਨਾਲ ਸਪੰਨ ਹੋਈਆਂ।

## ਮਹਾਨ ਗੁਰਮਤਿ ਸਮਾਗਮ ਦਾ ਚੌਥਾ ਦਿਨ - 2-11-2022

### ਪੰਥਕ ਸਿਧਾਂਤਾਂ ਦੀ ਪਹਿਰੇਦਾਰੀ ਅਜੋਕੇ ਸਮੇਂ ਦੀ ਮੰਗ - ਬਾਬਾ ਲਖਬੀਰ ਸਿੰਘ ਜੀ

ਪੰਥ ਨੂੰ ਦਰਪੇਸ਼ ਚੁਣੌਤੀਆਂ ਸਵੀਕਾਰਨੀਆਂ ਅਤੇ ਪੰਥਕ ਏਕਤਾ ਦਾ ਸੁਨੇਹਾ ਦਿੰਦਾ ਹੋਇਆ ਰਤਵਾੜਾ ਸਾਹਿਬ ਦਾ ਸਮਾਗਮ ਮਿਤੀ 2-11-2022 ਨੂੰ ਸੰਪੰਨ ਹੋਇਆ। ਅੱਜ ਆਖਰੀ ਦਿਨ ਦਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਨੂੰ ਸਮਰਪਿਤ ਸੀ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਜਥੇਦਾਰ ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਨੇ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਿਤ ਹੁੰਦਿਆਂ ਪੁਰਜ਼ੋਰ


ਵਾਹਿਗੁਰੂ

# ਗੁਰੂ ਕੇ ਲੰਗਰਾਂ ਵਿੱਚ ਸੇਵਾਵਾਂ



ਅਪੀਲ ਕੀਤੀ ਕਿ ਹੁਣ ਸਮਾਂ ਮੰਗ ਕਰਦਾ ਹੈ ਕਿ ਸਿਆਸੀ ਧੜੇਬੰਦੀ ਤੋਂ ਉੱਪਰ ਉੱਠ ਕੇ ਕੌਮ ਦੀ ਚੜ੍ਹਦੀ ਕਲਾ ਲਈ ਨਲਾਇਕ ਲੀਡਰਸ਼ਿਪ ਤੋਂ ਸਿੱਖ ਸੰਸਥਾਵਾਂ ਨੂੰ ਮੁਕਤ ਕਰਵਾ ਕੇ ਕੌਮੀ ਹਿਤਾਂ ਦੀ ਪਹਿਰੇਦਾਰੀ ਕੀਤੀ ਜਾਵੇ। ਜੇਕਰ ਅਸੀਂ ਇਸ ਸਮੇਂ 'ਤੇ ਅਵੇਸਲੇ ਰਹੇ ਤਾਂ ਦਸਮ ਪਿਤਾ ਦੇ ਦੋਸ਼ੀ ਬਣ ਜਾਵਾਂਗੇ। ਅੱਜ ਸਾਡਾ ਇਤਿਹਾਸਿਕ ਸਰਮਾਇਆ ਮਲੀਆਮੇਟ ਕੀਤਾ ਜਾ ਰਿਹਾ ਹੈ। ਗੁਰਬਾਣੀ ਵਿਚ ਮਿਲਾਵਟ ਕਰਨ ਦੇ ਕੋਝੇ ਯਤਨ ਹੋ ਰਹੇ ਹਨ। ਬਰਗਾੜੀ ਕਾਂਡ ਦਾ ਇਨਸਾਫ ਸਰਕਾਰਾਂ ਦੇਣ ਦੀ ਬਜਾਏ ਸੌੜੀ ਸਿਆਸਤ ਕਰ ਰਹੀਆਂ ਹਨ। ਸਾਨੂੰ ਸੁਚੇਤ ਹੋਣ ਦੀ ਲੋੜ ਹੈ।

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਅਜੋਕੇ ਯੁੱਗ ਵਿਚ ਸਾਡਾ ਬਚਾਅ ਕੇਵਲ ਤੇ ਕੇਵਲ ਗੁਰਮਤਿ ਸਿਧਾਂਤਾਂ ਨੂੰ ਅਪਣਾਅ ਕੇ ਹੀ ਹੋ ਸਕਦਾ ਹੈ। ਹਰ ਨਗਰ ਦੇ ਗੁਰਦੁਆਰਾ ਸਾਹਿਬ ਵਿਚ 24 ਘੰਟੇ ਪਹਿਰੇਦਾਰੀ ਯਕੀਨੀ ਬਣਾਈ ਜਾਵੇ ਤਾਂ ਜੋ ਪੰਥ ਦੋਖੀਆਂ ਦੀਆ ਚਾਲਾਂ ਸਫਲ ਨਾ ਹੋਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦਾ ਸੰਪੂਰਨ ਦਿਵਸ ਤੇ ਪ੍ਰਕਾਸ਼ ਦਿਵਸ ਹੀ ਮਨਾਏ ਜਾਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਂਝੀਵਾਲ ਦਾ ਸੰਦੇਸ਼ ਪੂਰੀ ਮਾਨਵਤਾ ਨੂੰ ਸੁੱਖ-ਸ਼ਾਂਤੀ ਦੇਣ ਦੇ ਸਮਰੱਥ ਹੈ। ਪਦਾਰਥਵਾਦੀ ਯੁੱਗ ਵਿਚ ਗੁਰਬਾਣੀ ਸਿਧਾਂਤਾਂ ਨੂੰ ਅਪਣਾਅ ਕੇ ਹੀ ਸਾਡਾ ਬਚਾਅ ਹੋ ਸਕਦਾ ਹੈ। ਇਸ ਤਰ੍ਹਾਂ ਇਹ ਸਮਾਗਮ ਪੰਥਕ ਸਿਧਾਂਤਾਂ ਦੀ ਪਹਿਰੇਦਾਰੀ ਦਾ ਸੁਨੇਹਾ ਦਿੰਦਾ ਸੰਪੰਨ ਹੋਇਆ। ਅੱਜ ਦੇ ਸਮਾਗਮ ਦੀ ਆਰੰਭਤਾ ਬੀਬੀ ਉਜਾਗਰ ਕੌਰ ਰਤਵਾੜਾ ਸਾਹਿਬ ਦੇ ਜਥੇ ਵਲੋਂ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਉਪਰੰਤ ਹਰਮਨਪ੍ਰੀਤ ਸਿੰਘ, ਰਾਗੀ ਬਲਵਿੰਦਰ ਸਿੰਘ ਪੱਟੀ, ਬਾਬਾ ਗੁਰਪਾਲ ਸਿੰਘ ਯੂ.ਪੀ, ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ, ਸੰਤ ਦਰਸ਼ਨ ਸਿੰਘ ਸ਼ਾਸਤਰੀ, ਮਹੰਤ ਸੰਤ ਗਿਆਨਦੇਵ ਸਿੰਘ ਹਰਿਦੁਆਰ, ਗਿਆਨੀ ਗੁਰਨਾਮ ਸਿੰਘ ਅੰਬਾਲਵੀ, ਬਾਬਾ ਗੁਲਜ਼ਾਰ ਸਿੰਘ

# ਅੱਖਾਂ ਦਾ ਫਰੀ ਅਪ੍ਰੇਸ਼ਨ ਕੈਂਪ




ਕਾਰ ਸੇਵਾ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸੰਤ ਬਾਬਾ ਸਰਬਜੀਤ ਸਿੰਘ ਬੇਦੀ ਊਨਾ ਸਾਹਿਬ, ਭਾਈ ਜਸਵਿੰਦਰ ਸਿੰਘ ਘੋਲਾ, ਸ. ਮਨਜੀਤ ਸਿੰਘ ਯੂ.ਐਸ.ਏ, ਭੈਣ ਰੁਪਿੰਦਰ ਕੌਰ (ਰੂਪੀ) ਯੂ.ਐਸ.ਏ ਅਤੇ ਜਥੇਦਾਰ ਰਣਜੀਤ ਸਿੰਘ ਪ੍ਰਧਾਨ ਪੰਥਕ ਅਕਾਲੀ ਲਹਿਰ, ਰਵਿੰਦਰ ਸਿੰਘ ਵਜੀਦਪੁਰ, ਗੁਰਮੀਤ ਸਿੰਘ ਸ਼ਾਟੂ, ਹਰਜਿੰਦਰ ਸਿੰਘ ਭੰਗੂ ਖੇੜਾ, ਰਵਿੰਦਰ ਸਿੰਘ ਬੈਂਸ ਸਿਆਲਵਾ, ਹਰਭਾਗ ਸਿੰਘ ਦੇਸੂ ਮਾਜਰਾ, ਇੰਦਰਜੀਤ ਸਿੰਘ ਰੰਧਾਵਾ, ਸ. ਜਗਮੋਹਨ ਸਿੰਘ ਕੰਗ, ਸਾਬਕਾ ਮੰਤਰੀ, ਅਰਵਿੰਦ ਪੁਰੀ ਮੁਲਾਂਪੁਰ, ਪ੍ਰਭਜੋਤ ਸਿੰਘ ਮਾਤਾ ਗੁਜਰੀ ਇਨਕਲੇਵ, ਅੰਮ੍ਰਿਤ ਸਿੰਘ, ਜਸਜੀਤ ਸਿੰਘ ਸਮੁੰਦਰੀ, ਜਗਦੇਵ ਸਿੰਘ ਮਲੋਆ, ਦਰਸ਼ਨ ਸਿੰਘ ਖੇੜਾ, ਬੀਬੀ ਜਸਵਿੰਦਰ ਕੌਰ ਪ੍ਰਧਾਨ ਪੰਜਾਬ ਕਿਸਾਨ ਯੂਨੀਅਨ, ਸੰਲਖੀਆਂ ਤੋਂ ਸੰਗਤਾਂ ਨੇ ਹਾਜ਼ਰੀ ਲਵਾਈ। ਸਟੇਜ ਸੈਕਟਰੀ ਦੀ ਸੇਵਾ ਸ. ਜਸਵੰਤ ਸਿੰਘ, ਪ੍ਰੋ. ਗੁਰਦੇਵ ਸਿੰਘ ਨੇ ਬਾਖੂਬੀ ਨਿਭਾਈ। ਲੰਗਰਾਂ ਦੀ ਸੇਵਾ ਬਾਬਾ ਕਰਨੈਲ ਸਿੰਘ ਸ੍ਰੀ ਮਾਨ ਜੀ ਨੇ ਸੰਭਾਲੀ। ਡਾ. ਭਾਈ ਸੁਖਵਿੰਦਰ ਸਿੰਘ ਵਲੋਂ ਅਰਦਾਸ ਕੀਤੀ ਗਈ। ਉਪਰੰਤ ਇਹ ਸਮਾਗਮ ਪੰਥਕ ਸੁਨੇਹੇ ਦਿੰਦਾ ਸੰਪੰਨ ਹੋਇਆ। ਗੁਰੂ ਕੇ ਲੰਗਰ ਅਤੁੱਟ ਵਰਤੇ। 'ਆਤਮ ਮਾਰਗ' ਦੀ ਮੈਂਬਰਸ਼ਿਪ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਪ੍ਰਾਪਤ ਕੀਤੀ। ਵੱਡੀ ਮਾਤਰਾ ਵਿਚ ਅੰਮ੍ਰਿਤ ਸੰਚਾਰ ਹੋਏ। ਮੈਡੀਕਲ ਕੈਂਪ ਵਿਚ ਹਜ਼ਾਰਾਂ ਮਰੀਜ਼ਾਂ ਦਾ ਫਰੀ ਚੈਕਅੱਪ ਕਰਕੇ ਫਰੀ ਦਵਾਈਆਂ ਦਿੱਤੀਆਂ ਗਈਆਂ। ਮਹਾਨ ਗੁਰਮਤਿ ਸਮਾਗਮਾਂ ਦੀ ਸੁਚੱਜੀ ਸਪੰਨਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਟਿ-ਕੋਟਿ ਨਮਸਕਾਰ।

# ਅਨੇਕਾਂ ਸੇਵਾਵਾਂ ਵਿਚ ਤੱਤਪਰ ਸੇਵਾਦਾਰ



*(ਪੰਨਾ 26 ਦੀ ਬਾਕੀ)*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*ਅੰਗ- ੩੦੫*

ਕਾਰੋਬਾਰ ਕਰਦੇ ਹੋਏ, ਅੰਮ੍ਰਿਤ ਵੇਲਾ ਸੰਭਾਲਣਗੇ। ਇਸ਼ਨਾਨ ਕਰਨਗੇ। ਫੇਰ ਪੰਜ ਪਿਆਰਿਆਂ ਨੇ ਜਿਹੜਾ ਸ਼ਬਦ ਦਿਤਾ ਹੈ ਉਹਦਾ ਜਾਪ ਕਰਨਗੇ। ਫੇਰ ਗੁਰੂ ਦੀ ਬਾਣੀ ਵਿਚ ਇਸ਼ਨਾਨ ਕਰਨਗੇ ਅੰਮ੍ਰਿਤ ਸਰੋਵਰ ਦੇ ਅੰਦਰ। ਫੇਰ ਬਹਿੰਦੇ-ਉਠਦੇ ਪ੍ਰਮੇਸ਼ਰ ਦਾ ਧਿਆਨ ਰੱਖਣਗੇ। ਇਸ ਤਰ੍ਹਾਂ ਜਦੋਂ ਪੁੱਗ ਜਾਣਗੇ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਫੇਰ ਉਹਨਾਂ ਨੂੰ ਉਪਦੇਸ਼ ਸੁਣਾ ਦਿਤਾ ਜਾਂਦੈ। ਜੀਵ ਤੇ ਬ੍ਰਹਮ ਦੀ ਏਕਤਾ ਕਰ ਦਿਤੀ ਜਾਂਦੀ ਹੈ। ਫੇਰ ਉਹ ਆਪ ਵੀ ਨਾਮ ਜਪਦੈ ਤੇ ਸੰਸਾਰ ਨੂੰ ਵੀ ਜਪਾਉਂਦੈ ਤੇ ਪਦਵੀ ਕਿੱਡੀ ਹੋ ਜਾਂਦੀ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਬਾਲ-ਬੱਚਿਆਂ 'ਚ ਰਹਿੰਦਾ ਹੋਇਆ, ਖੇਤੀ ਵਣਜ ਵਪਾਰ ਕਰਦਾ ਹੋਇਆ, ਨੌਕਰੀਆਂ ਚਾਕਰੀਆਂ ਕਰਦਾ ਹੋਇਆ ਪਾਰ ਲੰਘ ਜਾਂਦੈ ਨਾਥ ਜੀ! ਤੁਹਾਡੇ ਤਾਂ ਜਿਹੜੇ ਕਰਮ ਇਹ ਨੇਤੀ ਧੋਤੀ ਹੈ। ਪੰਦਰਾਂ ਹੱਥ ਦੀ ਹੁੰਦੀ ਹੈ, ਸਾਢੇ 22 ਫੁੱਟ ਦੀ, ਚਾਰ ਉਂਗਲ ਚੌੜੀ ਹੁੰਦੀ ਹੈ। ਉਹ ਬਹੁਤ ਨਰਮ ਕੱਪੜਾ ਹੁੰਦੈ। ਉਹਨੂੰ ਹੌਲੀ-ਹੌਲੀ ਰੋਜ਼ ਗਿੱਠ ਅੰਦਰ ਲੰਘਾਉਣੈ, ਮਹੀਨੇ ਦੇ ਅੰਦਰ ਉਹ ਸਾਰੀ ਅੰਦਰ ਲੰਘਾ ਲੈਂਦੇ ਨੇ। ਉਹ ਫੇਰ ਕੱਢੀਦੀ ਹੈ। ਮਿਹਦੇ ਦੀ ਜਿਹੜੀ ਮੈਲ ਹੈ, ਉਹਨੂੰ ਸਾਫ ਕਰੀਦੈ। ਇਸੇ ਤਰ੍ਹਾਂ ਨੇਤੀ ਹੈ, ਨੱਕ ਦੀ ਸਫਾਈ ਵਾਸਤੇ। ਫੇਰ ਤ੍ਰਾਟਕ ਹੈ, ਕਪਾਲੀ ਹੈ, ਸਾਧਨ ਨੇ ਬਹੁਤ। ਇਹਦੀ ਸਾਧਨਾਂ ਨੂੰ ਕਰਨ ਵਾਸਤੇ ਬੜਾ ਸਮਾਂ ਚਾਹੀਦਾ ਹੈ, ਇਕਾਂਤ ਜਗ੍ਹਾ ਚਾਹੀਦੀ ਹੈ। ਕਲਜੁਗ 'ਚ ਤਾਂ ਇਹ ਹੋ ਹੀ ਨਹੀਂ ਸਕਦੇ। ਫੇਰ ਬਸਤੀ ਹੈ, ਤ੍ਰਾਟਕ ਹੈ, ਕਪਾਲਭਾਤੀ ਹੈ। ਨਿਉਲੀ ਕਰਮ ਨੇ, ਸੋ ਇਹ ਗੱਲਾਂ ਕਿਤੇ ਕਲਜੁਗ 'ਚ ਕਰਨ ਵਾਲੀਆਂ ਨੇ? ਤੁਸੀਂ ਚਾਰ ਬੰਦੇ ਪਹਾੜਾਂ 'ਚ ਇਕੱਠੇ ਹੋ ਕੇ ਬਹਿ ਗਏ, ਸੰਸਾਰ ਦਾ ਉਧਾਰ ਕਿਵੇਂ ਹੋਏਗਾ? ਕਹਿੰਦੇ, ਨਾਥ ਜੀ! ਬਿਲਕੁਲ ਸੁਖਾਲਾ ਜਿਹੜਾ ਰਸਤਾ ਹੈ, ਉਹ ਕਲਜੁਗ ਦੇ ਅੰਦਰ ਪ੍ਰਮੇਸ਼ਰ ਦਾ ਨਾਮ ਹੈ -

*ਧਾਰਨਾ - ਨਾਨਕ ਨਾਮ ਸੁਖਾਲਾ,*
*ਕਲਜੁਗ ਨਾਨਕ ਨਾਮ ਸੁਖਾਲਾ।*

ਕਹਿਣ ਲੱਗੇ ਨਾਥ ਜੀ, ਜੇ ਕਿਤੇ ਇਹ ਸਾਡੇ ਪੰਥ ਵਿਚ ਆ ਜਾਏ। ਇਹਨੂੰ ਪ੍ਰੈਕਟੀਕਲੀ ਕਰਕੇ ਦਿਖਾਈਏ। ਹਾਲੇ ਤਾਂ ਬਾਤਚੀਤ ਹੀ ਦੇਖੀ ਹੈ ਇਹਨਾਂ ਨੇ। ਬਾਤਚੀਤ ਵਿਚ ਇਹ ਬਹੁਤ ਚਤੁਰ ਹੈ, ਗੱਲ ਆਉਣ ਨਹੀਂ ਦਿੰਦਾ। ਉਸ ਵੇਲੇ ਉਹਨਾਂ ਨੇ -

*ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।*

*ਭਾਈ ਗੁਰਦਾਸ ਜੀ, ਵਾਰ ੧/੩੧*

ਅੱਡ ਹੋ ਕੇ ਵਿਚਾਰ ਕਰਨ ਲੱਗੇ ਕਿ ਇਹਨੂੰ ਕਿਵੇਂ ਨਾਥਾਂ ਦੇ ਪੰਥ ਵਿਚ ਲਿਆਈਏ। ਜੇ ਕਿਤੇ ਇਹ ਆ ਗਿਆ, ਤਾਂ ਸਾਡਾ ਜਿਹੜਾ ਪੰਥ ਹੈ ਨਾ, ਥੱਲੇ ਨੂੰ ਢਾਹ ਲਗ ਗਈ, ਇਹ ਉਜਿਆਰਾ ਹੋ ਜਾਏਗਾ। ਮੁੜ ਕੇ ਫੇਰ ਸੁਰਜੀਤ ਹੋ ਜਾਏਗਾ -

*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।*

*ਭਾਈ ਗੁਰਦਾਸ ਜੀ, ਵਾਰ ੧/੩੧*

ਉਸ ਵੇਲੇ ਗੋਰਖਨਾਥ ਨੇ ਕਿਹਾ, ਨਾਨਕ ਜੀ! ਆਹ ਹੇਠਾਂ ਦੇਖੋ।

ਕਹਿੰਦੇ, ਹਾਂ ਨਾਥ ਜੀ! ਝੀਲ ਹੈ। ਕਹਿੰਦੇ, ਸਾਨੂੰ ਪਾਣੀ ਦੀ ਪਿਆਸ ਲੱਗੀ ਹੋਈ ਹੈ। ਆਹ ਫੜੋ ਸਾਡੀ ਚਿੱਪੀ, ਇਕ ਚਿੱਪੀ ਪਾਣੀ ਦੀ ਭਰ ਲਓ। ਮਹਾਰਾਜ ਜੀ ਉੱਠੇ, ਪਹਾੜ ਦੀ ਉਤਰਾਈ ਉਤਰੇ ਤੇ ਜਾ ਕੇ ਜਦੋਂ ਉਹਦੇ ਕੰਢੇ 'ਤੇ ਦੇਖਦੇ ਨੇ, ਕੀ ਦੇਖਿਆ! ਪਾਣੀ ਉਥੇ ਹੈ ਹੀ ਨਹੀਂ, ਹੀਰੇ ਲਾਲ ਜਵਾਹਰਾਤ ਪਏ ਨੇ। ਝਿਲਮਿਲ-ਝਿਲਮਿਲ ਕਰ ਰਹੇ ਨੇ। ਮਹਾਰਾਜ ਜੀ ਵਾਪਸ ਆ ਗਏ -

*ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।*

*ਭਾਈ ਗੁਰਦਾਸ ਜੀ, ਵਾਰ ੧/੩੧*

ਉਸ ਵੇਲੇ ਸਾਰਿਆਂ ਨੇ ਦੇਖ ਲਿਆ ਕਿ ਗੋਰਖਨਾਥ ਨੇ ਆਪਣੀ ਮਾਇਆ ਦਿਖਾਈ ਹੈ। ਪਾਣੀ ਤੋਂ ਬਗੈਰ ਇਹਨਾਂ ਦਾ ਗੁਜ਼ਾਰਾ ਕਿਵੇਂ ਚੱਲੂ। ਮਹਾਰਾਜ ਨੇ ਪਾਣੀ ਮੁਕਾ ਦਿਤਾ। ਕਹਿੰਦੇ, ਲਓ ਤੁਸੀਂ ਪੱਥਰਾਂ ਨੂੰ ਪੀ ਕੇ ਗੁਜ਼ਾਰਾ ਕਰਕੇ ਦਿਖਾਓ -

*ਸਤਿਗੁਰ ਅਗਮ ਅਗਾਧਿ ਪੁਰਖੁ*
*ਕੇਹੜਾ ਝਲੇ ਗੁਰੂ ਦੀ ਝਾਲਾ।*
*ਫਿਰਿ ਆਇਆ ਗੁਰ: ਨਾਥ ਜੀ*
*ਪਾਣੀ ਠਉੜ ਨਹੀ ਉਸਿ ਤਾਲਾ।*

*ਭਾਈ ਗੁਰਦਾਸ ਜੀ, ਵਾਰ ੧/੩੧*

ਉਥੇ ਤਾਂ ਪਾਣੀ ਹੈ ਹੀ ਨਹੀਂ। ਕਹਿਣ ਲੱਗਿਆ, ਨਾਥ ਜੀ! ਪਾਣੀ ਨਹੀਂ ਸੀ ਅਸੀਂ ਤੁਹਾਡੇ ਤੋਂ ਮੰਗਾਉਣਾ। ਅਸੀਂ ਤਾਂ ਤੁਹਾਨੂੰ ਦਿਖਾਉਣਾ ਸੀ ਕਿ ਇਕ ਫੁਰਨੇ ਦੇ ਨਾਲ ਸਾਰੀ ਝੀਲ ਜਿਹੜੀ ਹੈ ਉਹ ਹੀਰੇ ਲਾਲ

ਜਵਾਹਰਾਤ ਬਣਾ ਦਿਤੀ। ਮਹਾਰਾਜ ਕਹਿੰਦੇ, ਫੇਰ ਕੀ ਹੋਇਆ, ਪਾਣੀ ਬਿਨਾਂ ਤਾਂ ਗੁਜ਼ਾਰਾ ਹੀ ਨਹੀਂ ਹੁੰਦਾ। ਹੁਣ ਜੇ ਪਾਣੀ ਨਾ ਮਿਲੇ ਤੁਹਾਨੂੰ ਪੀਣ ਲਈ, ਪਾਣੀ ਤਾਂ ਇਹਦੇ ਨਾਲੋਂ ਜ਼ਿਆਦਾ ਕੀਮਤੀ ਹੈ ਨਾਥ ਜੀ। ਇਹ ਤਾਂ ਕੁਝ ਨਹੀਂ ਇੱਟਾਂ ਵੱਟੇ ਪਏ ਨੇ। ਕਹਿੰਦੇ, ਨਾਨਕ ਜੀ! ਅਸੀਂ ਤਾਂ ਤੁਹਾਨੂੰ ਇਹ ਦਿਖਾਉਣਾ ਸੀ ਕਿ ਸਾਡੇ ਯੋਗ ਵਿਚ ਐਨੀ ਤਾਕਤ ਹੈ ਕਿ ਇਕ ਫੁਰਨਾ ਕਰ ਦੇਈਏ ਆਹ ਦੇਖ ਲਓ ਸਾਰੀ ਝੀਲ ਭਰ ਦਿਤੀ ਨਾ। ਮਹਾਰਾਜ ਕਹਿੰਦੇ, ਨਾਥ ਜੀ! ਇਹ ਤਾਂ ਨਾਟਕ ਚੇਟਕ ਨੇ -

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਉ ਆਵਤ ਲਾਜਾ।* *ਪਾਤਸ਼ਾਹੀ ੧੦*

ਇਹ ਤਾਂ ਕੋਈ ਚੀਜ਼ ਹੀ ਨਹੀਂ ਹੈ ਨਾਮ ਦੇ ਮੁਕਾਬਲੇ 'ਤੇ। ਪੁਰਾਣੇ ਗੁਰਸਿੱਖ ਬੰਦਗੀ ਕਰਿਆ ਕਰਦੇ ਸੀ, ਹੁਣ ਹਟ ਗਿਆ ਰਿਵਾਜ। ਦਿਖਾਵੇ 'ਚ ਪੈ ਗਏ। ਸਾਡੇ ਜਿਹੜੇ ਮੁਖੀ ਨੇ ਉਹ ਵੀ ਨਾਮ ਨਹੀਂ ਜਪਦੇ। ਇਧਰਲੀਆਂ-ਉਧਰਲੀਆਂ ਗੱਲਾਂ ਕਰਕੇ ਸਾਰ ਦਿੰਦੇ ਨੇ। ਸਾਨੂੰ ਪਤਾ ਨਹੀਂ, ਅਸੀਂ ਉਥੇ ਹੀ ਰਹਿੰਦੇ ਹਾਂ ਕਿ ਪਤਾ ਨਹੀਂ ਆਹੀ ਗੱਲ ਠੀਕ ਹੋ ਰਹੀ ਹੈ।

ਗੁਰੂ ਛੇਵੇਂ ਪਾਤਸ਼ਾਹ ਨੇ ਭਾਈ ਗੜ੍ਹੀਏ ਨੂੰ ਬੁਲਾਇਆ ਕਹਿੰਦੇ, ਭਾਈ ਗੜ੍ਹੀਆ! ਕਸ਼ਮੀਰ ਤੋਂ, ਕਾਫੀ ਦੇਰ ਤੋਂ ਦਸਵੰਧ ਨਹੀਂ ਆਇਆ ਤੇ ਤੁਸੀਂ ਜਾਓ, ਨਾਲੇ ਤਾਂ ਉਥੇ ਪ੍ਰਚਾਰ ਕਰ ਆਓ। ਨਾਲੇ ਲੰਗਰ ਚਲਾਇਓ ਤੇ ਦਸਵੰਧ ਲੈ ਆਇਓ। ਸੋ ਭਾਈ ਗੜ੍ਹੀਆ ਜਾਂਦੇ-ਜਾਂਦੇ ਜਦੋਂ ਗੁਜਰਾਤ ਪਹੁੰਚੇ, ਉਥੇ ਪੀਰ ਦਉਲੇ ਸ਼ਾਹ ਬਹੁਤ ਉੱਚ ਕੋਟੀ ਦਾ ਪੀਰ ਸੀ। ਉਹਨੂੰ ਜਦੋਂ ਪਤਾ ਲੱਗਿਆ ਕਿ ਧਰਮਸਾਲ 'ਚ ਗੁਰੂ ਛੇਵੇਂ ਪਾਤਸ਼ਾਹ ਦੇ ਪਾਸੋਂ ਸਿੱਖ ਆਇਆ ਹੈ, ਉਹਨੇ ਬੜੇ ਪਿਆਰ ਨਾਲ ਸੰਦੇਸ਼ਾ ਭੇਜ ਕੇ ਬੁਲਾ ਲਿਆ। ਕਹਿਣ ਲੱਗੇ, ਗੁਰਸਿੱਖਾ! ਬੜੀ ਦੇਰ ਹੋ ਗਈ ਮੈਂ ਸੁਖਮਨੀ ਸਾਹਿਬ ਨਹੀਂ ਸੁਣੀ। ਤੂੰ ਕ੍ਰਿਪਾ ਕਰਕੇ ਮੈਨੂੰ ਸੁਖਮਨੀ ਸਾਹਿਬ ਸੁਣਾ ਦੇ ਤੇ ਹਫਤਾ ਠਹਿਰ ਮੇਰੇ ਕੋਲ। ਭਾਈ ਗੜ੍ਹੀਆ ਜੀ ਹਫਤਾ ਠਹਿਰੇ। ਰੋਜ਼ ਸੁਖਮਨੀ ਸਾਹਿਬ ਦਾ ਪਾਠ, ਨਾਲ ਵਿਚਾਰ ਕਰਦੇ ਨੇ। ਜਿਸ ਦਿਨ ਜਾਣ ਲੱਗੇ। ਉਹਨਾਂ ਨੂੰ ਹੋਇਆ ਕਿ ਮੈਂ ਛੱਡ ਕੇ ਆਵਾਂ ਕਿਉਂਕਿ ਚੰਗਾ ਸ਼ਿਸ਼ਟਾਚਾਰ ਇਹ ਹੁੰਦਾ ਹੈ ਕਿ ਸਾਧੂ ਆਇਆ ਹੈ, ਸਾਧੂ ਨੂੰ ਛੱਡਣ ਵੀ ਜਾਣਾ ਚਾਹੀਦਾ ਹੈ। ਨਾ ਜਾਣੋ ਤਾਂ ਆਦਮੀ ਅਭਿਮਾਨੀ ਗਿਣਿਆ ਜਾਂਦਾ ਹੈ ਤੇ ਉਹਦਾ ਤਪ ਨਾਸ਼ ਹੋ ਜਾਇਆ ਕਰਦੈ। ਇਸ ਕਰਕੇ ਜਾਣਾ ਪੈਂਦੈ ਨਾਲ, ਛੋਟਾ ਆਏ ਜਾਏ ਚਾਹੇ ਵੱਡਾ ਆ ਜਾਏ।

ਸੋ ਪੀਰ ਜੀ ਭਾਈ ਗੜ੍ਹੀਏ ਦੇ ਨਾਲ ਤੁਰ ਪਏ। ਜੂਹ ਤੋਂ ਬਾਹਰ ਗਏ ਕੱਚਾ ਰਸਤਾ ਸੀ, ਪੈਰਾਂ ਵਿਚ ਜੁੱਤੀ ਦੇਖੀ, ਮਿੱਟੀ ਉਡਾਉਂਦੀ ਜਾਂਦੀ ਹੈ, ਛਿੱਤਰ ਪਾਏ ਹੋਏ ਸੀ। ਅੱਡੀਆਂ ਮੁੜੀਆਂ ਹੋਈਆਂ ਸੀ। ਕਮੀਜ਼ ਵਲ ਧਿਆਨ ਨਾਲ ਦੇਖਿਆ, ਕਮੀਜ਼ ਕਈ ਥਾਂ ਤੋਂ ਸਿਉਂਤਾ ਹੋਇਆ ਸੀ। ਕਹਿਣ ਲੱਗੇ ਕਿ ਗੁਰੂ ਦੇ ਬਹੁਤੇ ਸਿੱਖ ਨੇ ਤੇ ਸਾਰਿਆਂ ਨੂੰ ਕੱਪੜਾ, ਲੀੜਾ, ਜੋੜਾ ਮਿਲਦਾ ਨਹੀਂ ਹੈ। ਹੋਵੇ ਨਾ ਤਾਂ ਮੈਂ ਇਸ ਨੂੰ ਕੁਛ ਦੇਵਾਂ।

ਕਹਿਣ ਲੱਗੇ, ਭਾਈ ਗੜ੍ਹੀਆ ਜੀ! ਤੁਸੀਂ ਮੈਨੂੰ ਸੁਖਮਨੀ ਸਾਹਿਬ ਸੁਣਾਈ ਹੈ। ਮੈਂ ਤੁਹਾਡੀ ਭੇਟਾ ਕੁਛ ਨਹੀਂ ਕਰ ਸਕਿਆ। ਕ੍ਰਿਪਾ ਕਰੋ, ਆਹ ਸਾਮ੍ਹਣੇ ਖੇਤ ਵਾਹਿਆ ਪਿਆ ਹੈ ਨਾ?

ਕਹਿੰਦੇ ਹਾਂ।

ਕਹਿੰਦੇ, ਔਹ ਡਲਾ ਚੁੱਕ ਲਓ।

ਭਾਈ ਗੜ੍ਹੀਏ ਨੇ ਜਦੋਂ ਡਲੇ ਵਲ ਨਿਗ੍ਹਾ ਕੀਤੀ, ਕੀ ਦੇਖਦੇ ਨੇ ਸੋਨੇ ਦਾ ਬਣਿਆ ਹੋਇਆ ਹੈ। ਸੋ ਕਹਿਣ ਲੱਗੇ ਕਿ ਪੀਰ ਨੂੰ ਭਰਮ ਹੋ ਗਿਆ ਕਿ ਸਿੱਖ ਗਰੀਬ ਹੁੰਦੇ ਨੇ। ਆਪਣੀ ਸ਼ਕਤੀ ਦੇ ਨਾਲ ਡਲੇ ਨੂੰ ਸੋਨੇ ਦਾ ਬਣਾ ਕੇ ਦੇ ਰਿਹਾ ਹੈ। ਭਾਈ ਗੜ੍ਹੀਏ ਨੇ ਖੇਤ 'ਤੇ ਨਿਗ੍ਹਾ ਕਰ ਦਿਤੀ, ਕਹਿੰਦੇ ਪੀਰ ਜੀ! ਕਿਹੜੇ ਡਲੇ ਦੀ ਗੱਲ ਕਰਦੇ ਹੋਂ। ਪੀਰ ਦੇਖਦਾ ਕੀ ਹੈ, ਝਿਲਮਿਲ-ਝਿਲਮਿਲ ਸਾਰਾ ਖੇਤ ਕਰ ਰਿਹੈ। ਉਸ ਵੇਲੇ ਚਰਨਾਂ 'ਤੇ ਢਹਿ ਪਿਆ। ਕਹਿਣ ਲੱਗਿਆ, ਗੁਰਸਿੱਖਾ! ਅਸੀਂ ਨਹੀਂ ਜਾਣ ਸਕਦੇ ਤੁਹਾਡੀਆਂ ਸ਼ਕਤੀਆਂ। ਐਨੀਆਂ ਸ਼ਕਤੀਆਂ ਦਾ ਮਾਲਕ ਇਸ ਤਰ੍ਹਾਂ ਫਟੇ ਹੋਏ ਕੱਪੜਿਆਂ 'ਚ ਤੁਰਿਆ ਫਿਰਦਾ ਹੈ। ਕਹਿੰਦੇ, ਪੀਰ ਜੀ! ਅਜੇ ਕੰਮ ਦਿੰਦੇ ਨੇ ਇਹ ਕੱਪੜੇ। ਇਹਨਾਂ ਨਾਲ ਹੀ ਗੁਜ਼ਾਰਾ ਹੋ ਜਾਂਦੈ। ਸੋ ਇਸ ਕਰਕੇ ਤੁਸੀਂ ਇਸ ਗੱਲ ਦਾ ਵਹਿਮ ਨਾ ਕਰੋ। ਉਹ ਤਾਂ ਗੁਰਸਿੱਖਾਂ ਵਿਚ ਵੀ ਇਹ ਤਾਕਤਾਂ ਸੀ।

ਸੰਤ ਬੁੱਧੂ ਸ਼ਾਹ ਹੋਏ ਨੇ ਸ਼ਾਹਪੁਰ ਦੇ ਪਾਕਿਸਤਾਨ 'ਚ। ਉਹਨਾਂ ਦੇ ਕੋਲ ਯੋਗੀ ਆ ਗਿਆ। ਉਹ ਚਾਂਦੀ ਬਣਾਉਣ ਦਾ ਨੁਸਖਾ ਜਾਣਦਾ ਸੀ। ਉਹਨੇ ਚਾਂਦੀ ਦਾ ਨੁਸਖਾ ਬਣਾਇਆ, ਕਹਿਣ ਲੱਗਿਆ, ਲਓ ਸੰਤ ਜੀ! ਤੁਹਾਡਾ ਲੰਗਰ ਬਹੁਤ ਜ਼ਿਆਦਾ ਚਲਦਾ ਹੈ। ਖਰਚਾ ਬਹੁਤ ਹੈ, ਆਹ ਨੁਸਖਾ ਹੈ - ਇਹਦੇ ਨਾਲ ਸਿੱਕੇ ਦੀ ਚਾਂਦੀ ਬਣ ਜਾਂਦੀ ਹੈ। ਸਿੱਕਾ ਲੈ ਆਇਆ ਕਰੋ, ਚਾਂਦੀ ਕਰਕੇ ਵੇਚ ਦਿਤਾ। ਉਹਦਾ ਰਾਸ਼ਨ ਲੈ ਆਂਦਾ। ਕਹਿੰਦੇ, ਕੀ ਲੋੜ ਹੈ ਸਾਨੂੰ। ਕੰਮ ਚੱਲੀ ਜਾਂਦੈ। ਕਹਿੰਦਾ, ਨਹੀਂ ਮਹਾਰਾਜ! ਇਹ ਤੁਸੀਂ ਲੈ ਲਓ। ਸੰਤਾਂ ਨੇ ਨਾਂਹ ਨਾ ਕਰੀ। ਉਹਨੇ ਕਿਹਾ, ਨਹੀਂ ਮਹਾਰਾਜ ਇਹ ਤਾਂ ਮੈਂ ਦੇਖ ਹੀ ਲੈਨੈ। ਅਲਮਾਰੀ ਵਿਚ ਮੈਂ ਨੁਸਖਾ ਰੱਖ ਦਿੰਦਾ ਹਾਂ ਤੇ ਤੁਸੀਂ ਬਣਾ ਦਿਓ। ਪਰ ਇਹ ਹੈ ਕਿ ਤਾਲਾ ਲਾ ਦਿਓ, ਕਿਸੇ ਹੋਰ ਦੇ ਹੱਥ ਵਿਚ ਨਾ ਆਵੇ। ਸੰਤ ਸੇਵਾ ਕਰਦੇ ਸੀ। ਦੋ ਢਾਈ ਮੀਲ 'ਤੇ ਜਾ ਕੇ ਖਿਆਲ

ਆਇਆ ਕਿ ਸੰਤਾਂ ਨੇ ਤਾਂ ਅਲਮਾਰੀ ਨੂੰ ਤਾਲਾ ਨਹੀਂ ਲਾਉਣਾ, ਹੋਰ ਹੀ ਨਾ ਕੋਈ ਨੁਸਖਾ ਚੁੱਕ ਕੇ ਲੈ ਜਾਏ। ਵਾਪਸ ਆਏ ਤਾਂ ਦੇਖਿਆ ਅਲਮਾਰੀ ਉਵੇਂ ਹੀ ਖੁੱਲ੍ਹੀ ਹੈ। ਕਹਿੰਦਾ, ਸੰਤ ਜੀ! ਮੈਂ ਤੁਹਾਨੂੰ ਕਿਹਾ ਸੀਗਾ ਕਿ ਤੁਸੀਂ ਉਹ ਨੁਸਖਾ ਸਾਂਭ ਲਓ। ਕਹਿੰਦੇ, ਕੀ ਲੋੜ ਹੈ ਸਾਨੂੰ ਗੁਰਮੁਖਾ, ਜਿੰਨੀ ਪਰਾਲਬਧ ਜੀਵਾਂ ਦੀ ਹੁੰਦੀ ਹੈ ਓਨਾਂ ਆ ਹੀ ਜਾਂਦੈ, ਅਸੀਂ ਪੁਗਾ ਦਿੰਦੇ ਹਾਂ। ਅਸੀਂ ਕਿਹੜਾ ਕੋਈ ਠੇਕਾ ਲਿਆ ਹੋਇਐ, ਜੀਵਾਂ ਦੀ ਪਰਾਲਬਧ ਆਉਂਦੀ ਹੈ, ਅਸੀਂ ਸੇਵਾ ਕਰਦੇ ਹਾਂ। ਅਸੀਂ ਤਾਂ ਸੇਵਾਦਾਰ ਹਾਂ। ਕਹਿੰਦਾ, ਨਹੀਂ ਮਹਾਰਾਜ! ਉਹਨਾਂ ਨੇ ਕਿਹਾ ਕਿ ਇਹਦੇ ਮਨ ਵਿਚ ਅਭਿਮਾਨ ਹੈ। ਥੋੜ੍ਹੀ ਜਿਹੀ ਚਾਂਦੀ ਬਣਾਉਣ ਇਹ ਜਾਣਦਾ ਹੈ, ਇਹਨੂੰ ਪਤਾ ਨਹੀਂ ਕਿ ਸੰਤਾਂ ਦੀ ਕੀ ਅਵਸਥਾ ਹੁੰਦੀ ਹੈ, ਕਿਹੜੀ ਅਵਸਥਾ 'ਚ ਸਾਧੂ ਰਹਿੰਦੇ ਨੇ। ਝਾੜੂ ਦਿੰਦੇ ਸੀ ਗੁਰਦੁਆਰਾ ਸਾਹਿਬ ਕਹਿੰਦੇ, ਲੈ ਫੇਰ ਨਾਥ ਜੀ! ਔਹ ਇੱਟ ਚੁੱਕ ਕੇ ਲਿਆ ਦੇ ਸਾਨੂੰ ਚੱਠੇ ਤੋਂ। ਉਹ ਜਦੋਂ ਚੁੱਕ ਕੇ ਵਾਪਸ ਆ ਰਿਹੈ, ਕੀ ਦੇਖਦੈ, ਕਹਿੰਦਾ ਇਹ ਤਾਂ ਸੋਨੇ ਦੀ ਇੱਟ ਹੈ। ਦੇਖੀ ਜਾਂਦੈ, ਝਿਲਮਿਲ-ਝਿਲਮਿਲ ਕਰਦੈ। ਕਹਿਣ ਲੱਗੇ, ਸੰਤਾਂ ਨੇ ਕਿਤੇ ਰੱਖੀ ਹੋਈ ਸੀ ਇਥੇ। ਇਹ ਤਾਂ ਬੜਾ ਅਮੀਰ ਸੰਤ ਹੈ। ਗੁਪਤ ਧਨ ਹੈ ਇਹਦੇ ਕੋਲ। ਇੱਟ ਦੇ ਦਿਤੀ। ਕਹਿੰਦੇ, ਇਸ ਤਰ੍ਹਾਂ ਕਰ ਪੰਜ-ਚਾਰ ਇੱਟਾਂ ਸਾਮ੍ਹਣੇ ਤੋਂ ਚੁੱਕ ਲਿਆ। ਜਦੋਂ ਚੱਠੇ ਕੋਲ ਗਿਆ, ਹੈਰਾਨ ਹੋ ਗਿਆ ਉਹ ਤਾਂ ਸਾਰਾ ਸੋਨੇ ਦਾ ਬਣਿਆ ਪਿਆ ਹੈ। ਇਧਰ ਧਿਆਨ ਦਿਤਾ ਗੁਰਦੁਆਰਾ ਸਾਹਿਬ। ਸਾਰਾ ਹੀ ਗੁਰਦੁਆਰਾ ਸਾਹਿਬ ਝਿਲਮਿਲ-ਝਿਲਮਿਲ ਕਰਦੈ। ਆ ਕੇ ਚਰਨ ਫੜ ਲਏ। ਕਹਿਣ ਲੱਗਿਆ, ਮਹਾਰਾਜ! ਮੈਂ ਤੁਹਾਡੀ ਗੱਦੀ ਨਹੀਂ ਸੀ ਜਾਣਦਾ। ਮੈਂ ਤਾਂ ਸਮਝਦਾ ਸੀ ਕਿ ਛੋਟਾ ਜਿਹਾ ਸੰਤ। ਵਿਚਾਰਾ ਖਰਚ ਜ਼ਿਆਦਾ ਕਰਦੈ, ਮੈਂ ਇਹਦੀ ਕੋਈ ਮਦਦ ਕਰ ਦੇਵਾਂ।

ਉਹ ਕਹਿਣ ਲੱਗੇ, ਨਾਥ ਜੀ! ਸਾਡੇ ਗੁਰੂ ਸਾਹਿਬ ਨੇ ਇਹਨਾਂ ਸ਼ਕਤੀਆਂ ਨੂੰ ਮਨ੍ਹਾ ਕਰ ਦਿਤਾ ਕਿਉਂਕਿ ਦੁਨੀਆਂ ਦੀ ਸਭ ਤੋਂ ਜ਼ਿਆਦਾ ਕੀਮਤੀ ਚੀਜ਼ ਹੈ ਉਹ ਹੈ ਪ੍ਰਮੇਸ਼ਰ ਦਾ ਨਾਮ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

ਪਹਿਲਾਂ ਤੁਸੀਂ ਚਿਲ੍ਹੇ ਕੱਟਦੇ ਹੋਂ, ਫੇਰ ਸਿੱਧੀ ਆਉਂਦੀ ਹੈ। ਫੇਰ ਤੁਸੀਂ ਤਮਾਸ਼ੇ ਕਰਦੇ ਹੋਂ। ਨਾਮ ਤਾਂ ਮਨ ਵਿਚ ਵਸਿਆ ਨਹੀਂ ਨਾ ਹੈ –

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*

*ਅੰਗ- ੫੯੩*

ਨਾਮ ਅਸਲੀ ਚੀਜ਼ ਹੈ ਸੰਸਾਰ ਦੇ ਅੰਦਰ। ਸੋ ਗੁਰੂ ਨਾਨਕ ਕਹਿਣ ਲੱਗੇ, ਨਾਥ ਜੀ! ਕਿਹੜੀਆਂ ਗੱਲਾਂ 'ਚ ਤੁਸੀਂ ਭੁੱਲੇ ਫਿਰਦੇ ਹੋਂ। ਇਹ ਤਾਂ ਕੁਛ ਵੀ ਨਹੀਂ ਹੈ, ਨਾਮ ਤੋਂ ਬਗੈਰ ਜਿਹੜੀ ਰਿਧ-ਸਿਧ ਹੈ –

*.....ਧ੍ਰਿਗੁ ਸਿਧੀ ਧ੍ਰਿਗੁ ਕਰਮਾਤਿ ॥* *ਅੰਗ- ੬੫੦*

ਕਿਉਂਕਿ ਇਹ ਨਾਮ ਵਲ ਬਿਰਤੀ ਨਹੀਂ ਲੱਗਣ ਦਿੰਦੀ। ਤੁਸੀਂ ਇਸ ਤਰ੍ਹਾਂ ਦੱਸੋ ਤੁਹਾਡੇ ਮਨ ਵਿਚ ਸ਼ਾਂਤੀ ਆ ਗਈ? ਕਿਉਂਕਿ ਸ਼ਾਂਤੀ ਨਾਮ ਤੋਂ ਬਗੈਰ ਨਹੀਂ ਆਉਂਦੀ। ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਕਿਤੁ ਬਿਧ ਮਨ ਧੀਰੇ ਜੀ,*
*ਬਿਨੁ ਹਰਿ ਨਾਮ ਨਾ ਸ਼ਾਂਤ ਹੋਇ।*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*

*ਅੰਗ- ੭੦੭*

ਨਾਥ ਜੀ! ਇਸ ਪ੍ਰਕ੍ਰਿਤੀ ਦੇ ਵਿਚ ਸੁਖ ਨਹੀਂ ਹੈ। ਸੁਖ ਜੇ ਹੈ ਤਾਂ ਨਾਮ ਵਿਚ ਸੁਖ ਹੈ। ਤੁਸੀਂ ਕਿਹੜੇ ਕੁਰਸਤੇ 'ਚ ਪੈ ਗਏ। ਰਿਧੀਆਂ-ਸਿੱਧੀਆਂ 'ਚ ਸਾਰੀ ਉਮਰ ਗਵਾ ਦਿਤੀ। ਪਹਿਲਾਂ ਮਿਹਨਤਾਂ ਕਰਦੇ ਹੋਂ, ਫੇਰ ਤੁਸੀਂ ਰਿੱਧੀਆਂ-ਸਿੱਧੀਆਂ ਦਿਖਾਉਂਦੇ ਹੋਂ। ਇਹਦੇ ਨਾਲ ਦਸੋ ਸੰਸਾਰ ਦਾ ਪਾਰ ਉਤਾਰਾ ਕਿਵੇਂ ਹੋਏਗਾ? ਦਰਗਾਹ ਵਿਚ ਸਿੱਧੀ ਨਾਲ ਜਾਏਗੀ? ਉਥੇ ਤਾਂ ਨਾਮ ਨੇ ਨਾਲ ਜਾਣਾ ਹੈ –

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥*

*ਅੰਗ- ੭੦*

ਉਹ ਤਾਂ ਪ੍ਰਮੇਸ਼ਰ ਦੀ ਯਾਦ ਨੇ ਨਾਲ ਜਾਣੈ। ਨਾਮ ਨੇ ਸਹਾਇਤਾ ਕਰਨੀ ਹੈ। ਸੋ ਰਿਧੀਆਂ-ਸਿੱਧੀਆਂ ਤਾਂ ਕੁਛ ਨਹੀਂ ਇਹ ਤਾਂ ਮੋਹ ਹੈ। ਇਹਦੇ ਵਿਚ ਲੋਕਾਂ ਤੋਂ ਤੁਸੀਂ ਵਾਹਵਾ-ਵਾਹਵਾ ਲੈ ਲਈ। ਦੇਖੋ ਜੀ! ਉਡ ਕੇ ਚਲਿਆ ਗਿਆ, ਔਹ ਚੀਜ਼ ਦੀ ਔਹ ਚੀਜ਼ ਬਣਾ ਦਿਤੀ। ਇਹ ਤਾਂ ਮਦਾਰੀਆਂ ਵਾਲੇ ਕੰਮ ਕਰਨ ਲਗ ਗਿਆ। ਦੱਸੋ ਸੰਸਾਰ ਦਾ ਭਲਾ ਕਿਵੇਂ ਹੋਇਆ ਉਸ ਵੇਲੇ ਸਾਰੇ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ। ਮਹਾਰਾਜ ਕਹਿਣ ਲੱਗੇ, ਦੇਖੋ ਨਾਥ ਜੀ! ਹੁਣ ਸਮਾਂ ਨਾਮ ਜਪਣ ਦਾ ਹੈ –

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*

*ਅੰਗ- ੧੧੮੫*

ਦੇਖੋ, ਭਰਮ 'ਚ ਭੁੱਲਣ ਦੀ ਬਾਤ ਨਹੀਂ ਹੈ, ਹੁਣ ਤਾਂ ਨਾਮ ਦੀ ਬਾਤ ਹੈ। ਜਿਹੜਾ ਮਨੁੱਖ ਨਾਮ ਨਹੀਂ ਜਪਦਾ, ਉਹਦਾ ਸੰਸਾਰ 'ਤੇ ਆਉਣਾ ਕਿਸੇ ਕੰਮ ਨਹੀਂ

ਹੋਇਆ ਕਰਦਾ ਕਿਉਂਕਿ ਐਡਾ ਵੱਡਾ ਫਾਇਦਾ ਇਕ ਵਾਰੀ ਨਾਮ ਜਪਣ 'ਤੇ -

*ਏਕ ਚਿਤ ਜਿਹ ਇਕ ਛਿਨ ਧਿਆਇਓ,*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ- ੯੦੨*

ਇਹੋ ਜਿਹਾ ਬਲ ਦੇਣ ਵਾਲਾ ਨਾਮ ਉਹਨੂੰ ਭੁੱਲ ਕੇ ਨਾਟਕਾਂ ਚੇਟਕਾਂ 'ਚ ਪੈ ਗਏ। ਉਸ ਬੰਦੇ ਦੇ ਆਉਣ ਦਾ ਕੰਮ ਕੀ ਹੈ ਜਿਹਨੇ ਸੰਸਾਰ 'ਤੇ ਆ ਕੇ ਨਾਮ ਦਾ ਜਾਪ ਨਹੀਂ ਕਰਿਆ -

*ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਓਏ,*
*ਕਾਹਨੂੰ ਜੰਮਣਾ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*

*ਅੰਗ - ੪੫੦*

ਕਹਿਣ ਲੱਗੇ, ਨਾਥ ਜੀ! ਨਾਮ ਦੀ ਬਾਤ ਅਸਲੀ ਹੈ। ਰਿੱਧੀਆਂ-ਸਿੱਧੀਆਂ, ਤਮਾਸ਼ੇ ਦਿਖਾਉਣੇ, ਵੱਡੇ ਬਣਨਾ, ਲੋਕਾਂ 'ਚ ਪੂਜਾ ਕਰਾਉਣੀ, ਉਡ ਕੇ ਚਲੇ ਜਾਣਾ, ਗੁਪਤ ਹੋ ਜਾਣਾ, ਪ੍ਰਗਟ ਹੋ ਜਾਣਾ, ਲੋਕਾਂ ਦੇ ਬੱਚੇ ਬਿਮਾਰ ਕਰ ਦੇਣੇ, ਡੰਗਰ ਬੀਮਾਰ ਕਰ ਦੇਣੇ, ਖੇਤੀਆਂ ਬਰਬਾਦ ਕਰ ਦੇਣੀਆਂ, ਆਹ ਕੋਈ ਗੱਲਾਂ ਨੇ? ਇਹ ਤਾਂ ਤੁਸੀਂ ਤਮਾਸ਼ੇ ਵਾਲੇ ਆ ਗਏ। ਸੰਸਾਰ ਦਾ ਉਧਾਰ ਕਿਵੇਂ ਕਰੋਗੇ? ਇਸ ਤਰ੍ਹਾਂ ਨਹੀਂ ਹੋਇਆ ਕਰਦਾ ਨਾਥ ਜੀ। ਇਹ ਤਾਂ ਪ੍ਰਭੂ ਦਾ ਨਾਮ ਹੀ ਹੈ ਜਿਹੜਾ ਕਲਜੁਗ ਦੇ ਅੰਦਰ ਤਾਰਨ ਨੂੰ ਸਮਰੱਥ ਹੈ -

*ਸਿਧੀ ਮਨੇ ਬਿਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।*
*ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ ਡਿਠੋ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧਿ ਪੁਰਖੁ*
*ਕੇਹੜਾ ਝਲੇ ਗੁਰੂ ਦੀ ਝਾਲਾ।*
*ਫਿਰਿ ਆਇਆ ਗੁਰ:ਨਾਥ ਜੀ*
*ਪਾਣੀ ਠਉੜ ਨਹੀਂ ਉਸਿ ਤਾਲਾ।*
*ਭਾਈ ਗੁਰਦਾਸ ਜੀ, ਵਾਰ ੧/੩੧*

ਸੋ ਇਸ ਤਰ੍ਹਾਂ ਦੇ ਨਾਲ ਬਚਨ ਕਰਕੇ -

*ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ॥*
*ਭਾਈ ਗੁਰਦਾਸ ਜੀ, ਵਾਰ ੧/੩੧*

ਮਹਾਰਾਜ ਕਹਿੰਦੇ, ਨਾਮ ਜਿਹੜਾ ਹੈ, ਇਹ ਕਲਜੁਗ ਦੇ ਅੰਦਰ ਸੁਖਾਲੀ ਚੀਜ਼ ਹੈ -

*ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,*
*ਸ਼ਬਦਾਂ ਦੇ ਬਾਣ ਮਾਰ ਕੇ।*

ਸੋ ਨਾਮ ਬਾਰੇ -

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ- ੧੧੮੫*

ਦੂਰ-ਦਰਾਜ਼ ਤੋਂ ਆਪ ਚੱਲ ਕੇ ਆਏ। ਵਾਹਿਗੁਰੂ ਤੁਹਾਡੀ ਯਾਤਰਾ ਸਫਲੀ ਕਰੇ ਤੇ ਨਾਲ ਨਾਮ ਦੀ ਸੋਝੀ ਦੇਵੇ। ਅੰਮ੍ਰਿਤ ਵੇਲੇ ਉਠਿਆ ਕਰੋ। ਅਭਿਆਸ ਕਰਦੇ-ਕਰਦੇ ਹੌਲ਼ੀ-ਹੌਲ਼ੀ ਤਰੱਕੀ ਕਰਦੇ, ਇਸੇ ਜਨਮ ਦੇ ਅੰਦਰ ਕਿੰਨੇ ਪ੍ਰੇਮੀ ਐਸੇ ਹੋਣੇ ਨੇ ਜਿਨ੍ਹਾਂ ਨੂੰ ਉਨਮਨੀ ਅਵਸਥਾ ਪ੍ਰਾਪਤ ਹੋ ਜਾਣੀ ਹੈ। ਭੂਤ, ਭਵਿੱਖਤ, ਵਰਤਮਾਨ ਸਾਮ੍ਹਣੇ ਕਿਤਾਬ ਖੁਲ੍ਹ ਜਾਣੀ ਹੈ। ਚਾਹੇ ਪਿਛਲਾ ਹਾਲ ਦੇਖ ਲੈਣ, ਚਾਹੇ ਅਗਲਾ ਦੇਖ ਲੈਣ। ਕਰਾਮਾਤਾਂ ਨਹੀਂ ਕਰਦੇ। ਕਰਾਮਾਤ ਤਾਂ ਜਿਹੜੀ ਹੈ ਨਾ, ਇਹ ਸਭ ਤੋਂ ਮਾੜੀ ਚੀਜ਼ ਹੈ। ਜਿਹੜਾ ਦਿਖਾਉਣ ਲਗ ਜਾਂਦੈ, ਉਹ ਗਿਰ ਜਾਂਦੈ। ਮਹਾਤਮਾ ਡੰਡੇ ਲਾਉਂਦੇ ਨੇ, ਜੇ ਕੋਈ ਸੇਵਕ ਲਗ ਜਾਏ ਦਿਖਾਉਣ। ਮਾਰਦੇ ਨੇ, ਕਹਿੰਦੇ ਨੇ ਅਸੀਂ ਕਰਾਮਾਤ ਝਾੜਨੀ ਹੈ ਇਹਦੀ।

ਸੰਤ ਮਨੀ ਸਿੰਘ ਜੀ ਸੀ, ਸੰਗਤ ਗਈ ਮਸਤੂਆਣੇ ਤੋਂ, ਉਹਨਾਂ ਨੇ ਕਿਹਾ ਕਿ ਸੰਗਤ ਆਈ ਹੈ, ਗੁਰ ਭਾਈ ਆਏ ਨੇ। ਇਸ ਵੇਲੇ ਖਾਣ ਨੂੰ ਕੀ ਦੇਈਏ। ਆਪ ਹੀ ਕਹਿੰਦੇ, ਖੇਸ ਲਿਆਓ ਚੁੱਕ ਕੇ, ਵਿਛਾਓ ਦਰਖਤ ਥੱਲੇ। ਉਤੋਂ ਹਲੂਣਾ ਮਾਰੀ ਜਾਂਦੇ ਨੇ, ਚੱਲ ਬਈ ਬਰਫੀਆਂ, ਚਲ ਬਈ ਪੇੜੇ, ਸਾਰੇ ਕਿਸਮ ਦੀਆਂ ਮਠਿਆਈਆਂ ਲੱਡੂ ਵਗੈਰਾ, ਪਰਾਤਾਂ ਭਰ ਗਈਆਂ। ਕਹਿੰਦੇ, ਲਓ ਸਾਧਸੰਗਤ ਜੀ! ਹੁਣ ਛਕੋ, ਮੌਜਾਂ ਕਰੋ। ਵੱਡੇ ਮਹਾਰਾਜ ਬਾਬਾ ਅਤਰ ਸਿੰਘ ਸੀ। ਉਹ ਵੀ ਹੋਤੀ ਮਰਦਾਨ 'ਚੋਂ ਹੀ ਹੋਏ ਨੇ ਕਿਉਂਕਿ ਉਹਨਾਂ ਨੂੰ ਨਾਮ ਦੀ ਦਾਤ ਸੰਤ ਜੋਧ ਸਿੰਘ ਜੀ ਤੋਂ ਮਿਲੀ ਸੀ, ਬਾਬਾ ਜੀ ਤੋਂ, ਹੋਤੀ ਮਰਦਾਨ ਤੋਂ। ਉਹਨਾਂ ਨੂੰ ਦੱਸਿਆ ਕਿ ਬਾਬਾ ਜੀ! ਸੰਤ ਮਨੀ ਸਿੰਘ ਤਾਂ ਬਹੁਤ ਉੱਚਾ ਹੋ ਗਿਆ। ਕਹਿੰਦੇ, ਉਹਨਾਂ ਨੇ ਤਾਂ ਸਾਨੂੰ ਲੱਡੂ ਜਲੇਬੀਆਂ ਖਲਾਈਆਂ। ਜਦੋਂ ਗਿਆ ਦਰਸ਼ਨ ਕਰਨ, ਬਾਬਾ ਜੀ ਨੇ ਡੰਡਾ ਰੱਖਿਆ ਹੋਇਆ ਸੀ ਕੋਲ, ਡੰਡਾ ਮਾਰਨਾ ਸ਼ੁਰੂ ਕਰ ਦਿਤਾ। ਨਹੀਂ ਤਾਂ ਮਹਾਤਮਾ ਕਦੇ ਨਹੀਂ ਮਾਰਦੇ ਹੁੰਦੇ, ਕਿੱਡਾ ਹੀ ਕੋਈ ਕਸੂਰ ਕਰ ਲਵੇ। ਜਦੋਂ ਪੰਜ ਚਾਰ ਲੱਗੀਆਂ, ਕਹਿਣ ਲੱਗਿਆ, ਬਾਬਾ ਜੀ! ਕਿਉਂ

ਮਾਰਦੇ ਹੋਂ? ਕਹਿੰਦੇ, ਕਰਾਮਾਤ ਝਾੜਨੀ ਹੈ। ਅੱਜ ਇਹ ਗੱਲਾਂ ਇਹ ਕਰਦਾ ਹੈ, ਕੱਲ੍ਹ ਨੂੰ ਕੋਈ ਹੋਰ ਕਰ ਲਏਗਾ। ਇਜਾਜ਼ਤ ਨਹੀਂ ਇਹਨਾਂ ਗੱਲਾਂ ਦੀ ਗੁਰੂ ਘਰ ਦੇ ਅੰਦਰ। ਗੁਪਤ ਰਹਿਣਾ ਹੈ। ਜੇ ਕੁਛ ਪ੍ਰਾਪਤ ਹੋ ਗਿਆ, ਤਮਾਸ਼ੇ ਨਹੀਂ ਕਰਨੇ। ਸੋ –

*ਨਾਨਕ ਨਾਮ ਸੁਖਾਲਾ।*

ਨਾਮ ਦੇ ਨਾਲ ਸੁਰਤੀ ਚੜ੍ਹਦੀ ਹੈ। ਚੜ੍ਹਦੀ-ਚੜ੍ਹਦੀ ਅੰਦਰ ਐਸੀਆਂ ਅੱਖਾਂ ਪ੍ਰਾਪਤ ਹੋ ਜਾਂਦੀਆਂ ਨੇ ਜਿਹਨੂੰ ਦਿਬ ਨੇਤਰ ਕਹਿੰਦੇ ਨੇ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥*

*ਅੰਗ- ੯੨੨*

ਜਦੋਂ ਗੁਰੂ ਮਿਲ ਗਿਆ, ਉਸ ਵੇਲੇ ਦਿਬਯ ਦ੍ਰਿਸ਼ਟ ਪ੍ਰਾਪਤ ਹੋ ਗਈ। ਸੋ ਬੜੀ ਦੂਰ-ਦਰਾਜ਼ ਤੋਂ ਸੰਗਤਾਂ ਆਉਂਦੀਆਂ ਨੇ, ਬਹੁਤ ਸਾਰੀਆਂ ਇਛਿਆਂ ਲੈ ਕੇ ਆਉਂਦੇ ਨੇ। ਇਥੇ ਬਹੁਤ ਸਾਰੀਆਂ ਇੱਛਾ ਪੂਰੀਆਂ ਹੁੰਦੀਆਂ ਹਨ। ਜੋ ਮੰਗਦੇ ਹੋਂ, ਮਿਲਦਾ ਹੈ। ਗੁਰੂ ਕੋਲ ਕਿਹੜਾ ਘਾਟਾ ਹੈ –

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ ਅੰਗ- ੯੧੭*

ਮੰਗਣ ਵਾਲਾ ਚਾਹੀਦਾ ਹੈ। ਜਿਹੜਾ ਗੁਰੂ ਤੋਂ ਮੰਗ ਲਏ –

*ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥*

*ਅੰਗ- ੨*

ਉਹ ਦੇਂਦਾ ਤੁਰਿਆ ਜਾਂਦਾ ਹੈ, ਲੈਣ ਵਾਲੇ ਥੱਕ ਜਾਂਦੇ ਨੇ। ਪਰ ਸਾਰਿਆਂ ਨਾਲੋਂ ਅਸਲੀ ਬਾਤ ਜੋ ਅਸੀਂ ਕਹਿੰਦੇ ਹਾਂ, ਨਾਮ ਮੰਗੋ ਉਸ ਤੋਂ। ਹੇ ਪਾਤਸ਼ਾਹ! ਤੇਰਾ ਨਾਮ ਜਪੀਏ, ਬੰਦਗੀ ਕਰੀਏ। ਆਹ ਕਲਜੁਗ ਦੇ ਵਿਚੋਂ ਨਿਕਲ ਜਾਈਏ। ਮੁੜ ਕੇ ਫੇਰ ਸੰਸਾਰ ਵਿਚ ਨਾ ਆਈਏ। ਜੇ ਭੇਜੇਂਗਾ ਤਾਂ ਆਈਏ, ਨਹੀਂ ਤਾਂ ਨਾ ਆਈਏ। ਕਿਉਂਕਿ ਫੇਰ ਡਿਊਟੀਆਂ ਲਗਦੀਆਂ ਨੇ ਕਿ ਜਾਹ ਜਾ ਕੇ ਏਧਰ ਚਾਨਣਾ ਕਰ। ਏਧਰ ਹਨ੍ਹੇਰਾ ਜ਼ਿਆਦਾ ਹੈ। ਉਹਦੇ ਹੁਕਮ ਵਿਚ ਹੀ ਤੁਰੇ ਫਿਰਦੇ ਨੇ ਸਾਰੇ ਮਹਾਂਪੁਰਸ਼। ਸੋ ਇਸ ਕਰਕੇ ਸਾਧਸੰਗਤ ਜੀ! ਆਪ ਨੇ ਪੂਰਨਮਾਸ਼ੀ ਦਾ ਦਿਨ ਮਨਾਇਆ ਹੈ। ਇਕੋ ਗੱਲ ਦੇ ਉਤੇ ਮੈਂ ਜ਼ੋਰ ਦਿਤਾ ਹੈ, ਨਾਮ 'ਤੇ। ਸੋ ਅੰਮ੍ਰਿਤ ਵੇਲੇ ਉਠਿਆ ਕਰੋ, ਉਠ ਕੇ, ਇਸ਼ਨਾਨ ਕਰਕੇ ਥੋੜ੍ਹਾ ਬਹੁਤਾ ਚਿਰ, ਜੋ ਮੰਤਰ ਪੰਜ ਪਿਆਰਿਆਂ ਨੇ ਦਿਤਾ ਹੈ ਵਾਹਿਗੁਰੂ ਮੰਤਰ ਉਹਦਾ ਜਾਪ ਕਰਿਆ ਕਰੋ। ਸੁਖਾਲਾ ਹੀ ਹੈ ਵਾਹਿਗੁਰੂ-ਵਾਹਿਗੁਰੂ ਕਰਨਾ। ਆਹ ਟੇਪ ਲੈ ਜਾਓ, ਇਥੇ ਟੇਪਾਂ ਮਿਲਦੀਆਂ ਨੇ। ਲਗਾਤਾਰ ਵਾਹਿਗੁਰੂ-ਵਾਹਿਗੁਰੂ ਵੀ ਹੋਈ ਜਾਂਦੈ। ਉਹਨੂੰ ਸੁਣ ਲਓ। ਪਰ ਟਿਕ ਕੇ ਕਰੋ। ਇਕਾਗਰ ਚਿੱਤ ਹੋ ਕੇ। ਇਸ ਤਰ੍ਹਾਂ ਆਪਾਂ ਸਾਰੇ ਕਾਰੋਬਾਰ ਵੀ ਦੁਨੀਆਂ ਦੇ ਨਿਭਾ ਲਵਾਂਗੇ ਤੇ ਕਾਰੋਬਾਰਾਂ ਦੇ ਵਿਚ ਹੀ –

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

*ਅੰਗ- ੧੩੭੬*

ਸੋ ਇਸ ਤਰ੍ਹਾਂ ਸਾਡਾ ਉਧਾਰ ਹੋ ਜਾਏਗਾ। 'ਆਤਮ ਮਾਰਗ' ਇਕ ਐਸਾ ਮੈਗਜ਼ੀਨ ਹੈ ਜੋ ਵਾਹਿਗੁਰੂ ਦੇ ਹੁਕਮ ਵਿਚ ਹੀ ਚੱਲ ਰਿਹਾ ਹੈ। ਇਹਦੇ ਵਿਚ ਲਾਭ ਨਹੀਂ ਪੈਸੇ ਦਾ ਕੋਈ ਵੀ। ਜੇਬਾਂ 'ਚ ਨਹੀਂ ਇਥੇ ਪੈਸੇ ਪੈਂਦੇ। ਇਹ ਤਾਂ ਹੁਕਮ ਦੇ ਵਿਚ ਚਲ ਰਿਹਾ ਹੈ। ਸੈਂਕੜੇ ਹੀ ਪ੍ਰੇਮੀ ਦਿਨ ਰਾਤ ਮਿਹਨਤ ਕਰ ਰਹੇ ਨੇ। ਪ੍ਰੀਤਲੜੀ 45 ਸਾਲ ਦੇ ਵਿਚ 18 ਹਜ਼ਾਰ 'ਤੇ ਪਹੁੰਚੀ ਸੀ। ਇਹ ਤੁਸੀਂ ਸੰਗਤਾਂ ਨੇ ਹੀ ਇਕ ਦਮ ਹਿੰਮਤ ਕਰਕੇ ਇਸ ਨੂੰ 31 ਹਜ਼ਾਰ 'ਤੇ ਪਹੁੰਚਾ ਦਿਤਾ। ਦੋ ਸਾਲ ਦੇ ਅੰਦਰ-ਅੰਦਰ। ਸਮਾਂ ਆ ਗਿਆ। ਸੰਸਾਰ ਬੜਾ ਦੁਖੀ ਹੋ ਗਿਆ, ਬੜਾ ਸੰਤਾਪ ਕੱਟਿਆ ਹੈ। ਜਿਹੜੀ ਅਸਲੀ ਗੱਲ ਸੀ ਉਹ ਅਸੀਂ ਭੁੱਲੀ ਜਾਂਦੇ ਹਾਂ। ਹੋਰਾਂ ਗੱਲਾਂ 'ਚ ਪਏ ਹੋਏ ਹਾਂ। ਗੁਰੂ ਮਹਾਰਾਜ ਨੇ ਆਪਾਂ ਨੂੰ ਚਾਨਣ ਬਖਸ਼ਿਆ ਹੈ। ਸੋ ਨਾਮ ਦਾ ਲੜ ਫੜ ਕੇ ਅਸੀਂ ਤਰ ਸਕਦੇ ਹਾਂ। ਸਾਡੇ ਦੁਖ ਵੀ ਖਤਮ ਹੋ ਜਾਂਦੇ ਨੇ ਤੇ ਸਾਨੂੰ ਸੇਵਾ ਕਰਕੇ ਮਾਣ ਵੀ ਪ੍ਰਾਪਤ ਹੁੰਦੈ।

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਨਾਮ ਜਪਣਾ ਤੇ ਸੇਵਾ ਕਰਨੀ ਗੁਰੂ ਘਰ ਦੇ ਅੰਦਰ ਸਭ ਤੋਂ ਪ੍ਰਮੁੱਖ ਸਾਧਨ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਜਿਹੜੇ ਹਾਲੇ ਤਕ ਨਹੀਂ ਬੋਲੇ ਉਹ ਵੀ ਪ੍ਰੇਮੀ ਆਪਣੀ ਰਸਨਾ ਪਵਿੱਤਰ ਕਰ ਲਿਓ। ਕਿਉਂਕਿ ਜਦੋਂ ਅਸੀਂ ਬਾਣੀ ਨਾਲ ਰਸਨਾ ਨੂੰ ਜੋੜਦੇ ਹਾਂ, ਇਹਦੀ ਜੋ ਜੂਠ ਹੈ ਦੂਰ ਹੋ ਜਾਂਦੀ ਹੈ। ਜੂਠੀ ਹੁੰਦੀ ਹੈ ਕੱਚ ਪਿੱਚ ਬੋਲ ਕੇ, ਝੂਠ ਬੋਲ ਕੇ, ਮਾੜੀਆਂ ਗੱਲਾਂ ਬੋਲ ਕੇ। ਪਵਿੱਤਰ ਹੁੰਦੀ ਹੈ ਇਹ ਨਾਮ ਜਪਣ 'ਤੇ, ਬਾਣੀ ਪੜ੍ਹਨ 'ਤੇ।

*ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ, ਦੀਵਾਨ 706 ਦੀ ਬਾਕੀ)***

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-49)*

ਸੋ ਇਹ ਕਰਮ ਜਿਨ੍ਹਾਂ ਨੂੰ ਅਸੀਂ ਕਰਮ ਕਾਂਡ ਕਹਿੰਦੇ ਹਾਂ, ਨਾ ਤਾਂ ਪੂਰੀ ਤਰ੍ਹਾਂ ਨਾਲ ਮਨ ਦੀ ਮੈਲ ਦੂਰ ਕਰਨ ਨੂੰ ਸਮਰੱਥ ਹਨ ਅਤੇ ਨਾ ਹੀ ਬਹੁਤ ਕਰਮ ਫਲ ਦਿੰਦੇ ਹਨ। ਕਿਉਂਕਿ ਜਦੋਂ ਜੀਵ ਇਸ ਸੰਸਾਰ ਵਿਚੋਂ ਜਾਂਦਾ ਹੈ ਤਾਂ ਆਪਣੇ ਕਰਮ ਫਲ ਭੋਗਣ ਲਈ ਉਸ ਨੂੰ ਧਰਮਰਾਜ ਦੀ ਕਚਹਿਰੀ ਵਿਚ ਜਾਣਾ ਪੈਂਦਾ ਹੈ। ਰਸਤੇ ਵਿਚ ਗਰੁੜ ਪ੍ਰਾਣ ਅਨੁਸਾਰ 21 ਪੁਰੀਆਂ ਵਿਚੋਂ ਜੀਵ ਨੂੰ ਲੰਘਣਾ ਪੈਂਦਾ ਹੈ। ਉਹ ਪੁਰੀਆਂ ਦਾ ਰਸਤਾ ਬਹੁਤ ਹੀ ਭਿਆਨਕ ਹੈ ਜਿਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

*ਜਹਿ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੇ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ॥*
*ਅੰਗ - ੨੬੪*

ਉਸ ਰਸਤੇ ਹਰ ਪੁਰੀ ਵਿਚ ਲੰਘਣ ਲਈ ਰਸਤੇ ਦੀਆਂ ਮੁਸ਼ਕਲਾਂ ਦੂਰ ਕਰਵਾਉਣ ਬਦਲੇ ਕਰਮਾਂ ਦੇ ਮੁੱਲ ਰਾਹੀਂ (Tax) ਮਸੂਲ ਦੇਣਾ ਪੈਂਦਾ ਸੀ। ਉਹ ਕਰਮ ਧਰਮ ਰਾਹ ਵਿਚ ਖਤਮ ਹੋ ਜਾਂਦੇ ਸਨ। ਸੋ ਉਥੇ ਕਰਮ ਧਰਮ ਕੁਝ ਸਹਾਇਤਾ ਨਹੀਂ ਕਰਦੇ। ਉਥੇ ਜੇ ਕੋਈ ਚੀਜ਼ ਚਲਦੀ ਹੈ ਤਾਂ ਜਪਿਆ ਹੋਇਆ ਨਾਮ ਹੀ ਫਲ ਦੇਣ ਨੂੰ ਸਮਰਥ ਹੁੰਦਾ ਹੈ। ਨਾਮ ਦਾ ਫਲ ਅਨੰਤ ਹੈ ਅਤੇ ਨਾਮ ਜਪਣ ਵਾਲਾ ਧਰਮਰਾਜ ਦੀ ਦਰਗਾਹ ਵਿਚ ਨਹੀਂ ਜਾਂਦਾ। ਧਰਮਰਾਜ ਕੋਲ ਕੇਵਲ ਉਹ ਜਾਂਦੇ ਹਨ ਜਿਹੜੇ ਨਿਗੁਰੇ ਰਹਿੰਦੇ ਹਨ, ਜਿਨ੍ਹਾਂ ਨੂੰ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਮਨ ਦੇ ਪਿਛੇ ਲਗ ਕੇ ਜੀਵਨ ਗੁਜ਼ਾਰਦੇ ਹਨ। ਰਾਮ ਨਾਮ ਵਲੋਂ ਟੁੱਟੇ ਹੁੰਦੇ ਹਨ, ਉਹ ਕੀਤੇ ਕਰਮਾਂ ਦਾ ਫਲ ਮੰਗਦੇ ਹਨ ਜਿਵੇਂ ਕਿ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਅੰਗ - ੩੮*

ਦ੍ਵੈਤ ਭਾਵ ਵਾਲੇ ਜੀਵਾਂ ਨੂੰ ਧਰਮਰਾਜ ਦੇ ਜਾ ਕੇ ਆਪਣੇ ਕੀਤੇ ਕਰਮਾਂ ਦਾ ਲੇਖਾ ਜੋਖਾ ਦੇਣਾ ਹੀ ਪੈਂਦਾ ਹੈ ਜੇ ਕਿਤੇ ਬੰਦਗੀ ਕਰਨ ਵਾਲਾ ਪੁਰਸ਼ ਧਰਮਰਾਜ ਦੀ ਦਰਗਾਹ ਵਿਚ ਚਲਿਆ ਜਾਵੇ ਤਾਂ ਧਰਮਰਾਜਾ ਉਸਦਾ ਆਦਰ ਕਰਦਾ ਹੈ ਅਤੇ ਮਨੋ ਚਿਤੋਂ ਇਕ ਹੋ ਕੇ ਸੇਵਾ ਕਰਦਾ ਹੈ-

*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ॥ ਅੰਗ - ੩੯*

ਸੋ ਕਰਮਾਂ ਧਰਮਾਂ ਨੂੰ ਹਉਮੈ ਮੰਡਲ ਦੀ ਕਾਰ ਦਸਿਆ ਗਿਆ ਹੈ। ਜਦੋਂ ਕਰਮ ਕਰਕੇ ਜੀਵ ਹਉਂ ਧਾਰਦਾ ਹੈ, ਕਰਮਾਂ ਦਾ ਕਰਤਾ ਭਾਵ ਧਾਰਨ ਕਰਦਾ ਹੈ ਤਾਂ ਅਜਿਹੇ ਕਰਮ ਅੰਤਸ਼ਕਰਣ ਨੂੰ ਹੋਰ ਮੈਲਾ ਕਰ ਦਿੰਦੇ ਹਨ। ਦਾਨ ਕਰਦਾ ਹੈ, ਦਾਨੀ ਬਣਦਾ ਹੈ, ਅਭਿਮਾਨ ਧਾਰਦਾ ਹੈ। ਖੇਚਲ ਦਾ ਕੀ ਫਲ ਮਿਲਿਆ? ਕੀਤੇ ਕਰਮ ਦਾ ਫਲ ਨਾਸ਼ ਕਰ ਲਿਆ। ਜਿਸ ਤਰ੍ਹਾਂ ਕਿ -

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੇ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ॥ ਅੰਗ - ੧੪੨੮*

ਨਾਮ ਵਿਹੂਣਾ ਸੰਸਾਰ ਤੋਂ ਰੋਂਦਾ ਜਾਂਦਾ ਹੈ। ਕਰਮ ਕਰਨ ਨਾਲ ਹਉਮੈ ਦੀ ਮੈਲ ਹੋਰ ਵੱਧ ਗਈ -

*ਤੀਰਥ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ॥*
*ਲੋਕ ਪਚਾਰੈ ਗਤਿ ਨਹੀ ਹੋਇ॥*
*ਨਾਮ ਬਿਹੂਣੇ ਚਲਸਹਿ ਰੋਇ॥ ਅੰਗ - ੮੯੦*

ਵਾਹਿਗੁਰੂ ਤੱਕ ਪਹੁੰਚਾਉਣ ਨੂੰ ਹਰੀ ਦਾ ਨਾਮ ਅਤੇ ਵਾਹਿਗੁਰੂ ਜੀ ਨਾਲ ਪ੍ਰੇਮ ਸਮਰੱਥ ਹਨ। ਤਪ ਕਰਨ ਵਾਲੇ ਕਰਮ ਵੀ ਇਸ ਆਸ਼ੇ ਨਾਲ ਕੀਤੇ ਜਾਂਦੇ ਹਨ ਕਿ ਇਨ੍ਹਾਂ ਕਰਮਾਂ ਦੇ ਬਲ ਕਰਕੇ ਗਿਆਨ ਦੀ ਪ੍ਰਾਪਤੀ ਹੋ ਜਾਵੇ। ਪਰ ਇਹ ਕਰਮ ਹਉਮੈ ਦੇ ਮੰਡਲ ਵਿਚੋਂ ਹੋਣ ਕਰਕੇ ਹਉਮੈ ਦਾ ਨਾਸ਼ ਨਹੀਂ ਕਰਦਾ। ਕੇਵਲ ਭਗਤੀ ਸਹਿਤ ਗਿਆਨ ਹੀ ਸਮਰੱਥ ਗੁਰੂ ਦੀ ਕ੍ਰਿਪਾ ਦੁਆਰਾ ਵਾਹਿਗੁਰੂ ਜੀ ਤਕ ਰੁਸਵਾਈ ਕਰਿਆ ਕਰਦਾ ਹੈ। ਕਰਮਾਂ ਦਾ ਵੇਰਵਾ ਦਿੰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਕਈ ਕੋਟ ਕਾਬ ਭਣੰਤ॥*
*ਕਈ ਬੇਦ ਭੇਦ ਕਹੰਤ॥*
*ਕਈ ਸਾਸਤ੍ਰ ਸਿੰਮ੍ਰਿਤਿ ਬਖਾਨ॥*
*ਕਹੂੰ ਕਥਤ ਹੀ ਸੁ ਪੁਰਾਨ॥ ੪੧॥*
*ਕਈ ਅਗਨ ਹੋਤ ਕਰੰਤ॥*
*ਕਈ ਉਰਧ ਤਪ ਦੁਰੰਤ॥*
*ਕਈ ਉਰਧ ਬਹੁ ਸੰਨਿਆਸ॥*
*ਕਹੂੰ ਜੋਗ ਭੇਸ ਉਦਾਸ॥੪੨॥*
*ਕਹੂੰ ਨਿਵਲੀ ਕਰਮ ਕਰੰਤ॥*
*ਕਹੂੰ ਪਉਨ ਅਹਾਰ ਦੁਰੰਤ।।*
*ਕਹੂੰ ਤੀਰਥ ਦਾਨ ਅਪਾਰ॥*
*ਕਹੂੰ ਜੱਗ ਕਰਮ ਉਦਾਰ॥ ੪੩॥*
*ਕਹੂੰ ਅਗਨ ਹੋਤ੍ਰ ਅਨੂਪ॥*
*ਕਹੂੰ ਨਿਆਇ ਰਾਜ ਬਿਭੂਤ॥*
*ਕਹੂੰ ਸਾਸਤ੍ਰ ਸਿੰਮ੍ਰਿਤਿ ਰੀਤ॥*
*ਕਹੂੰ ਬੇਦ ਸਿਉ ਬਿਪ੍ਰੀਤ॥ ੪੪ ॥*
*ਕਈ ਦੇਸ ਦੇਸ ਫਿਰੰਤ॥*
*ਕਈ ਏਕ ਠੌਰ ਇਸਥੰਤ॥*
*ਕਹੂੰ ਕਰਤ ਜਲ ਮਹਿ ਜਾਪ॥*
*ਕਹੂੰ ਸਹਤ ਤਨ ਪਰਤਾਪ॥ ੪੫॥*
*ਕਹੂੰ ਬਾਸ ਬਨਹਿ ਕਰੰਤ॥*
*ਕਹੂੰ ਤਾਪ ਤਨਹਿ ਸਹੰਤ॥*
*ਕਹੂੰ ਗ੍ਰਿਹਸਤ ਧਰਮ ਅਪਾਰ॥*
*ਕਹੂੰ ਰਾਜ ਰੀਤ ਉਦਾਰ॥ ੪੬॥*
*ਕਹੂੰ ਰੋਗ ਰਹਤ ਅਭਰਮ॥*
*ਕਹੂੰ ਕਰਮ ਕਰਤ ਅਕਰਮ।।*
*ਕਹੂੰ ਸੇਖ ਬ੍ਰਹਮ ਸਰੂਪ।।*
*ਕਹੂੰ ਨੀਤ ਰਾਜ ਅਨੂਪ॥ ੪੭ ॥*
*ਕਹੂੰ ਰੋਗ ਸੋਗ ਬਿਹੀਨ॥*
*ਕਹੂੰ ਏਕ ਭਗਤਿ ਅਧੀਨ॥*
*ਕਹੂੰ ਰੰਕ ਰਾਜ ਕੁਮਾਰ॥*
*ਕਹੂੰ ਬੇਦ ਬਿਆਸ ਅਵਤਾਰ॥ ੪੮ ॥*
*ਕਈ ਬ੍ਰਹਮ ਬੇਦ ਰਟੰਤ॥*
*ਕਈ ਸੇਖ ਨਾਮ ਉਚਰੰਤ॥*
*ਬੈਰਾਗ ਕਹੂੰ ਸੰਨਿਆਸ।।*
*ਕਹੂੰ ਫਿਰਤ ਰੂਪ ਉਦਾਸ॥੪੯॥*
*ਸਭ ਕਰਮ ਫੋਕਟ ਜਾਨ॥*
*ਸਭ ਧਰਮ ਨਿਹਫਲ ਮਾਨ॥*
*ਬਿਨ ਏਕ ਨਾਮ ਅਧਾਰ॥*
*ਸਭ ਕਰਮ ਭਰਮ ਬਿਚਾਰ॥ ੫੦॥*

***ਅਕਾਲ ਉਸਤਤਿ***

ਜਦੋਂ ਤਕ ਮਨ ਮਾਇਆ ਦੇ ਅਸਰਾਂ ਹੇਠ ਹੈ। ਤਤੂ ਗਿਆਨ ਹੋ ਕੇ ਹਉਮੈ ਦਾ ਪੂਰੀ ਤਰ੍ਹਾਂ ਨਾਸ਼ ਨਹੀਂ ਹੋ ਜਾਂਦਾ, ਉਨੀਂ ਦੇਰ ਤਕ ਭਵਜਲ ਤਰਨਾ ਬਹੁਤ ਹੀ ਮੁਸ਼ਕਲ ਹੋਇਆ ਕਰਦਾ ਹੈ। ਕਈ ਪ੍ਰੇਮੀ ਸਰੀਰ ਉਤੇ ਸੁਆਹ ਮਲ ਲੈਂਦੇ ਹਨ। ਕਈ ਮਸਾਣਾਂ ਵਿਚ ਬੈਠ ਜਾਂਦੇ ਹਨ, ਕਈ ਭੌਰਿਆਂ ਵਿਚ ਬੈਠ ਜਾਂਦੇ ਹਨ। ਕਈ ਸਾਲਾਂ ਬੱਧੀ ਬਚਨ ਹੀ ਨਹੀਂ ਕਰਦੇ ਅਤੇ ਮੋਨ ਸਾਧ ਕੇ ਸੰਸਾਰ ਤੋਂ ਚਲੇ ਜਾਂਦੇ ਹਨ। ਕਈ ਐਨੀ ਹੱਦ ਤਕ ਤੇ ਜਾਂਦੇ ਹਨ ਕਿ ਗ੍ਰਿਹਸਤੀਆਂ ਬਾਰੇ ਖਿਆਲ ਰਖਦੇ ਹਨ ਕਿ ਉਹ ਪੂਰਨ ਬ੍ਰਹਮਚਾਰੀ ਨਹੀਂ ਹਨ। ਇਸ ਲਈ ਉਨ੍ਹਾਂ ਦਾ ਤਰਨਾ ਔਖਾ ਹੈ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਇਹ ਕਰਮ ਫੋਕਟ ਕਰਮ ਹਨ। ਜਦੋਂ ਤਕ ਪੂਰਨ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਉਨਾਂ ਚਿਰ ਭਵਜਲ ਤਰਨਾ ਮੁਸ਼ਕਲ ਹੈ। ਜਿਵੇਂ ਕਿ ਆਪ ਨੇ ਫੁਰਮਾਨ ਕੀਤਾ ਹੈ -

*ਖੂਕਮਲ ਹਾਰੀ ਗਜ ਗਦਹਾ ਬਿਭੂਤਿ ਧਾਰੀ,*
*ਗਿਦੂਆ ਮਸਾਨ ਬਾਸੁ ਕਰਿਓਈ ਕਰਤ ਹੈਂ।*
*ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ,*
*ਤਰਵਰ ਸਦੀਵ ਮੋਨ ਸਾਧੇਈ ਮਰਤ ਹੈਂ।*
*ਬਿੰਦ ਕੇ ਸਧੱਯਾ ਤਾਹਿ ਹੀਜਕੀ ਬਡੱਯਾਦੇਤ,*
*ਬੰਦਰਾਂ ਸਦੀਵ ਪਾਇ ਨਾਗੇ ਹੀ ਫਿਰਤ ਹੈਂ।*
*ਅੰਗਨਾ ਅਧੀਨ ਕਾਮ ਕ੍ਰੋਧ ਕੇ ਪਰਬੀਨ,ਏਕ*
*ਗਿਆਨ ਕੇ ਬਲੀਨ ਛੀਨ ਕੈਸੇ ਕੈ ਤਰਤ ਹੈਂ॥*

***ਅਕਾਲ ਉਸਤਤਿ***

ਕਈਆਂ ਦਾ ਇਹ ਖਿਆਲ ਹੁੰਦਾ ਹੈ ਕਿ ਆਪਣੀ ਰਿੱਧੀ ਸਿੱਧੀ ਨਾਲ ਆਪਣਾ ਸਰੀਰ ਅਲੋਪ ਕਰਕੇ ਰੱਖਣਾ, ਵਣਾਂ ਵਿਚ ਘੁੰਮਦੇ ਰਹਿਣਾ, ਅੰਨ ਦਾ ਤਿਆਗ ਕਰਕੇ ਕੇਵਲ ਦੁੱਧ ਪੀਂਦੇ ਰਹਿਣਾ, ਕਈ ਦਰਖਤਾਂ ਦੇ ਪੱਤੇ ਸੂਤ ਕੇ ਖਾਂਦੇ ਹਨ। ਕਈ ਸ਼ਕਤੀਆਂ ਦੇ ਨਾਲ ਉਡ ਕੇ ਪ੍ਰਮ ਪਦ ਪ੍ਰਾਪਤ ਕਰਨਾ ਚਾਹੁੰਦੇ ਹਨ। ਕਈ ਤ੍ਰਾਟਕ ਦੇ ਨਾਲ ਨਿਰਵਾਣ ਪਦ ਦੀ ਪ੍ਰਾਪਤੀ ਤੇ ਪ੍ਰਮ ਪਦ ਦੀ ਪ੍ਰਾਪਤੀ ਦੀ ਇੱਛਾ ਰਖਦੇ ਹਨ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਪਿਆਰਿਓ! ਵਾਹਿਗੁਰੂ ਦੀ ਕ੍ਰਿਆ ਦੀ ਪਹਿਚਾਣ ਕਰਕੇ ਐਵੇਂ ਖਚਿਤ ਕਰਨ ਵਾਲੀਆਂ ਗੱਲਾਂ ਕਰਕੇ ਵਾਹਿਗੁਰੂ ਨੂੰ ਨਹੀਂ ਮਿਲਿਆ ਜਾਣਾ -

*ਭੂਤ ਬਨ ਚਾਰੀ ਛਿਤ ਛੌਨਾ ਸਭੈ ਦੂਧਾ ਧਾਰੀ*
*ਪੌਨ ਕੇ ਅਹਾਰੀਸੁਭੁਜੰਗ ਜਾਨੀਅਤ ਹੈਂ॥*
*ਤ੍ਰਿਣਕੇ ਭਛੱਯਾ ਧਨ ਲੋਭ ਕੇ ਤਜੱਯਾ ਤੇਤੋ*
*ਗਊਅਨ ਕੇ ਜੱਯਾ ਬ੍ਰਿਖ ਭੱਯਾ ਮਾਨੀਅਤ ਹੈਂ॥*
*ਨਭਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ ਦੇਤ*
*ਬਗੁਲਾ ਬਿੜਾਲ ਬਕ ਧਿਆਨੀ ਠਾਨੀਅਤ ਹੈਂ॥*
*ਜੇਤੋ ਬਡੇ ਗਿਆਨੀ ਤਿਨੋ ਜਾਨੀ ਪੈਬਖਾਨੀ*
*ਨਾਹਿ ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ॥*

***ਅਕਾਲ ਉਸਤਤਿ***

ਇਕ ਫਲੋ ਅਹਾਰ ਕਰਦੇ ਹਨ, ਇਕ ਦਿਸਦੇ ਨਹੀਂ ਹਨ, ਇਕ ਪਾਣੀ ਉਤੇ ਤਰ ਲੈਂਦੇ ਹਨ, ਇਕ ਅੱਗ ਭਖਸ਼ਣ ਕਰਦੇ ਹਨ, ਇਕ ਸੂਰਜ ਅਤੇ ਚੰਦਰਮਾਂ ਦੀ ਪੂਜਾ ਕਰਦੇ ਹਨ। –

***ਭੂਮਿਕੇ ਬਸੱਯਾ ਤਾਹਿ ਭੂਚਰੀ ਕੇ ਜੱਯਾ ਕਹੈ***
***ਨਭ ਕੇ ਉਡੱਯਾ ਸੋਚਿਰੱਯਾ ਕੈ ਬਖਾਨੀਐ॥***
***ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ ਕਹੈ***
***ਆਦਿਸ ਫਿਰੱਯਾ ਤੇਤੋ ਭੂਤ ਕੈ ਪਛਾਨੀਐ॥***
***ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ***
***ਜਗ ਆਗ ਕੇ ਭਛੱਯਾ ਸੁ ਚਕੋਰ ਸਮ ਮਾਨੀਐ॥***
***ਸੂਰਜ ਸਿਵੱਯਾ ਤਾਹਿ ਕੌਲਕੀ ਬਜੱਯਾ ਦੇਤ***
***ਚੰਦ੍ਰਮਾ ਸਵੱਯਾ ਕੋ ਕਵੀ ਕੈ ਪਹਿਚਾਨੀਐ॥***

***ਅਕਾਲ ਉਸਤਤਿ***

ਇਕ ਪ੍ਰਭੂ ਪ੍ਰਾਪਤੀ ਲਈ ਨਚਦੇ ਹਨ, ਇਕ ਅਨੇਕਾਂ ਕਿਸਮ ਦੇ ਭਾਵ ਬਣਾ-ਬਣਾ ਕੇ ਜਗਤ ਨੂੰ ਦਿਖਾਉਂਦੇ ਹਨ, ਇਕ ਸੀਤਲ ਰੂਪ ਧਾਰਨ ਕਰਦੇ ਹਨ, ਇਕ ਤਪ ਵਾਲਾ ਰੂਪ ਧਾਰਨ ਕਰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵੱਡੇ-ਵੱਡੇ ਤਪਸਵੀ ਸ਼ਿਵ ਜੀ ਵਰਗੇ, ਬ੍ਰਹਮਾ ਦੀ ਵਰਗੇ ਵੇਦਾ ਉਚਾਰੀ, ਸੰਤ ਕੁਮਾਰ ਜੀ ਵਰਗੇ ਤਪੀ ਬੇਅੰਤ ਸੰਸਾਰ ਵਿਚ ਹੋਏ ਹਨ। ਪਰ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਕਾਲ ਫਾਸ ਗਲ ਵਿਚੋਂ ਨਹੀਂ ਨਿਕਲਦੀ ਅਤੇ ਹਰ ਸਮੇਂ ਸੰਸਾਰ ਵਿਚ ਜਨਮ ਧਾਰ-ਧਾਰ ਕੇ ਆਉਣਾ ਪੈਂਦਾ ਹੈ। ਇਕ ਕੇਵਲ ਡੰਡਓਤ ਕਰਮ ਕਰਦੇ ਹਨ, ਇਕ ਭੁੱਖੇ ਰਹਿੰਦੇ ਹਨ, ਪਰ ਜਿੰਨੀ ਦੇਰ ਤਕ ਮਨ ਕਾਮਨਾ ਦੇ ਅਧੀਨ ਹੈ, ਵਾਸ਼ਨਾ ਵਿਚ ਪ੍ਰਬੀਨ ਹੈ, ਵਾਹਿਗੁਰੂ ਜੀ ਭਾਵਨਾ ਹਿਰਦੇ ਵਿਚ ਉਤਪੰਨ ਨਹੀਂ ਹੋਈ, ਉਹ ਵਾਹਿਗੁਰੂ ਜੀ ਨੂੰ ਪ੍ਰਾਪਤ ਕਰ ਹੀ ਨਹੀਂ ਸਕਦੇ। ਉਸ ਦੇ ਕੀਤੇ ਹੋਏ ਸਿਜਦੇ ਕੋਈ ਮਾਇਨਾ ਨਹੀਂ ਰੱਖਦੇ। ਉਸ ਦੇ ਬਾਰੇ ਫੁਰਮਾਨ ਹੈ –

***ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ ਪੋਸਤੀ***
***ਅਨੇਕ ਦਾ ਨਿਵਾਵਤ ਹੈ ਸੀਸ ਕੌ॥***

***ਅਕਾਲ ਉਸਤਤਿ***

ਪਹਿਲਵਾਨ ਅਨੇਕਾਂ ਹੀ ਡੰਡ ਕਢਦਾ ਹੈ, ਤੋਪਾਂ ਦੇ ਨਿਸ਼ਾਨੇ ਕਰਨ ਵਾਲਾ ਅਨੇਕਾਂ ਵਾਰੀ ਸਿਜਦਿਆਂ ਵਾਂਗੂੰ ਕਰਦਾ ਹੈ। ਇਹ ਡੰਡਉਤ ਨਹੀਂ ਬਣ ਸਕਦੀਆਂ। ਜੇ ਭੁੱਖਾ ਰਹਿੰਦਾ ਹੈ ਤਾਂ ਰੋਗੀ ਕੁਝ ਨਹੀਂ ਖਾਂਦਾ, ਅਸਲੀ ਗੱਲ ਹੈ ਜਦੋਂ ਤਕ ਭਾਵਨਾ ਪੈਦਾ ਨਹੀਂ ਹੁੰਦੀ, ਇਹ ਫੋਕਟ ਕਰਮ ਕਿਸੇ ਕਿਨਾਰੇ ਨਹੀਂ ਪਹੁੰਚਾਇਆ ਕਰਦੇ।

***ਕਹਾਂ ਭਇਓ ਮੱਲ ਜੋਪੈ ਕਾਢਤ ਅਨੇਕ ਡੰਡ***
***ਸੋਤੋ ਨ ਡੰਡੌਤ ਅਸਟਾਂਗ ਅਥਤੀਸ ਕੌ॥***
***ਕਹਾ ਭਇਓ ਰੋਗੀ ਜੋਪੈ ਡਾਰਯੋ ਰਹਯੋ ਉਰਧ ਮੁਖ***
***ਮਨ ਤੇ ਨ ਮੂਡ ਨਿਹਰਾਯੋ ਆਦ ਈਸ ਕੌ॥***
***ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ***
***ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ॥***

***ਅਕਾਲ ਉਸਤਤਿ***

ਗੁਰੂ ਮਹਾਰਾਜ ਜੀ ਨੇ ਅਕਾਲ ਉਸਤਤਿ ਵਿਚ ਆਪਣੇ ਕੱਬਿਤਾਂ ਵਿਚ ਇਨ੍ਹਾਂ ਪਾਖੰਡਾਂ ਬਾਰੇ ਬਹੁਤ ਸੋਧ ਕੇ ਲਿਖਿਆ ਹੋਇਆ ਹੈ, ਵਿਚਾਰ ਕਰਨ ਲਈ ਉਥੋਂ ਪੜ੍ਹੇ ਜਾ ਸਕਦੇ ਹਨ।

ਪਿਆਰ ਕਰਨ ਤੇ ਵਾਹਿਗੁਰੂ ਜੀ ਵਸ ਹੋ ਜਾਂਦੇ ਹਨ। ਜੋ ਕੁਝ ਵੀ ਉਨ੍ਹਾਂ ਦੇ ਪਿਆਰੇ ਆਖਦੇ ਹਨ ਉਹ ਪ੍ਰਮੇਸ਼ਰ ਨੂੰ ਮੰਨਣਾ ਪੈਂਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ–

***ਜੋ ਕਿਛੁ ਕਰੇ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ॥***

***ਅੰਗ – ੭੪੮***

ਵਾਹਿਗੁਰੂ ਜੀ ਸਰਬ ਕਲਾ ਸਮਰੱਥ ਪਿਆਰ ਰੂਪ, ਰੰਗ, ਰੇਖ, ਭੇਖ ਰਹਿਤ, ਹਾਜ਼ਰਾ ਹਜ਼ੂਰ, ਜ਼ਾਹਰਾ ਜ਼ਹੂਰ ਪ੍ਰਮ ਸੱਤਾ ਹੈ ਜੋ ਨਿਰਾ ਪਿਆਰ ਹੀ ਹੈ। ਵਾਹਿਗੁਰੂ ਜੀਵ ਨੂੰ ਸਦਾ ਅਣਮੰਗੀਆਂ ਦਾਤਾਂ ਦਿੰਦਾ ਹੈ। ਬਦਲੇ ਵਿਚ ਹਿਰਦੇ ਤੋਂ ਉਠਿਆ ਅਪਣਤਾਂ ਭਰਿਆ ਪਿਆਰ ਹੀ ਮੰਗਦਾ ਹੈ। ਜੋ ਭੀ ਉਸ ਨੂੰ ਪਿਆਰ ਕਰਦਾ ਹੈ, ਉਸ ਦੇ ਸਾਰੇ ਕੰਮ ਆਪ ਕਰਦਾ ਹੈ, ਪਰਮ ਮਿਤਰ ਹੈ, ਮਾਂ ਹੈ, ਪਿਤਾ ਹੈ, ਭਰਾਤਾ ਹੈ ਸਭ ਕੁਝ ਹੀ ਹੈ। ਹੋਰ ਕਿਸੇ ਤਰੀਕੇ ਨਾਲ ਉਹ ਨਹੀਂ ਭਿੱਜਦਾ। ਜਿਵੇਂ ਕਿ ਫੁਰਮਾਨ ਹੈ –

***ਨਾ ਤੂੰ ਆਵਹਿ ਵਸਿ ਬਹੁਤੁ ਘਿਣਾਵਣੇ॥***
***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥***
***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ॥***
***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ।।***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥***
***ਸਭ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਅੰਗ – ੯੬੨***

*'ਚਲਦਾ...........।'*

# ਮਿਲਬੇ ਕੀ ਮਹਿਮਾ ਬਰਨਿ ਨ ਸਾਕਉ

*ਸੰਤ ਬਾਬਾ ਹਰਪਾਲ ਸਿੰਘ ਜੀ*

ਗੁਰੂ ਪਿਆਰੀ ਸਾਧਸੰਗਤਿ ਜੀ, ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ - ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਆ ਰਿਹਾ ਹੈ ਕਿਉਂਕਿ ਸਾਲਾਂ ਦੀ ਸ਼ੁਰੂਆਤ ਹੁੰਦੀ ਹੈ - 'ਦਿਨ ਤੇ ਪਹਿਰ, ਪਹਿਰ ਤੇ ਘਰੀਆ' ਇਹ ਸਮਾਂ ਚਲਦਾ ਹੈ, ਸਮੇਂ ਦੀ ਵੰਡ ਕੀਤੀ ਗਈ ਹੈ। ਘੜੀਆਂ, ਪਲ, ਚਸੇ, ਇਸ ਤਰ੍ਹਾਂ ਦੇ ਨਾਲ ਹੁਣ ਮਿੰਟ ਨੇ, ਸਕਿੰਟ ਨੇ, ਘੰਟੇ ਨੇ ਇਸ ਤਰ੍ਹਾਂ ਸੂਰਜ ਦੇ ਨਾਲ ਸਬੰਧਿਤ ਇਹ ਸੰਗਰਾਂਦ ਦਾ ਦਿਹਾੜਾ ਹੁੰਦਾ ਹੈ। ਧਰਤੀ ਸੂਰਜ ਤੋਂ ਅਲੱਗ ਹੋਈ ਹੈ, ਸੂਰਜ ਦੁਆਲੇ ਘੁੰਮਦੀ ਹੈ। ਇਸੇ ਤਰ੍ਹਾਂ ਚੰਦਰਮਾ ਧਰਤੀ ਤੋਂ ਅਲੱਗ ਹੋਇਆ, ਧਰਤੀ ਦੁਆਲੇ ਘੁੰਮਦਾ ਹੈ। ਬਾਕੀ ਤਾਰੇ-ਸਿਤਾਰੇ, ਸਾਰਾ ਤਾਰਿਕਾ ਮੰਡਲ ਸੂਰਜ ਇਹਨਾਂ ਸਾਰਿਆਂ ਨੂੰ ਲੈ ਕੇ ਚੱਲ ਰਿਹਾ ਹੈ-

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥* *ਅੰਗ- ੪੬੪*

ਇਸ 24 ਘੰਟੇ ਦੇ ਵਿਚ ਧਰਤੀ ਆਪਣੀ ਧੁਰੀ ਦੇ ਦੁਆਲੇ ਘੁੰਮਦੀ ਹੈ। ਸੂਰਜ ਇਕ ਸਾਲ ਦੇ ਵਿਚ ਪੂਰਾ ਚੱਕਰ ਲਾਉਂਦਾ ਹੈ। 12 ਮਹੀਨੇ ਬਣਦੇ ਨੇ। 365 ਦਿਨ ਹਨ ਤੇ ਦੇਸੀ ਮਹੀਨੇ ਆਪਾਂ ਕਹਿ ਦਿੰਦੇ ਹਾਂ ਪਰ ਇਹ ਸਾਡੀ ਵਿਰਾਸਤ ਹੈ। ਇਹ ਸਾਲ ਦੀ ਸ਼ੁਰੂਆਤ ਚੇਤ ਮਹੀਨੇ ਦੀ ਸੰਗਰਾਂਦ ਤੋਂ ਹੁੰਦੀ ਹੈ। ਜਿਵੇਂ ਬਜਟ 31 ਮਾਰਚ ਨੂੰ ਪੂਰਾ ਹੁੰਦਾ। ਇਸੇ ਤਰ੍ਹਾਂ ਕਿਸਾਨਾਂ ਦਾ ਸਾਲ ਵਿਸਾਖੀ ਤੋਂ ਸ਼ੁਰੂ ਹੁੰਦਾ ਹੈ। ਜਦੋਂ ਨਵੀਂ ਫਸਲ ਆਉਂਦੀ ਹੈ ਪਰ ਜੋ ਸੰਗਰਾਂਦ ਦਾ ਸਬੰਧ ਹੈ ਇਹ ਜਿਵੇਂ ਕਿ ਸੂਰਜ ਘਰ ਬਦਲਦਾ ਹੈ। 12 ਰਾਸ਼ੀਆਂ ਹਨ, 9 ਗ੍ਰਹਿ ਹਨ। 9 ਨੂੰ 12 ਨਾਲ ਗੁਣਾਂ ਕਰੋ 108 ਹੋ ਜਾਂਦਾ ਹੈ। 108 ਮਣਕਿਆਂ ਦੀ ਮਾਲਾ ਹੁੰਦੀ ਹੈ। ਮੂਲਮੰਤ੍ਰ ਦੀ ਮਾਲਾ ਫੇਰੋ, ਗੁਰਮੰਤ੍ਰ ਦੀ ਫੇਰੋ। ਫੇਰ ਇਨ੍ਹਾਂ ਗ੍ਰਹਿਾਂ ਦਾ ਕੋਈ ਅਸਰ ਨਹੀਂ ਹੁੰਦਾ। ਇਸ ਤਰ੍ਹਾਂ ਸ਼ਗਨ, ਅਪਸਗਨ ਤਿਨ੍ਹਾਂ ਨੂੰ ਲਗਦੇ ਨੇ ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਵਿਸਰਦਾ ਹੈ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥*
*ਅੰਗ- ੫੨੨*

ਸੰਗਰਾਂਦ 'ਤੇ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਚੇਤ ਮਹੀਨੇ ਦੀ ਸੰਗਰਾਂਦ ਤੋਂ ਨਵਾਂ ਸਾਲ ਸ਼ੁਰੂ ਹੁੰਦਾ ਹੈ। ਪੁਰਾਤਨ ਸਮੇਂ ਤੋਂ ਚੱਲਿਆ ਆਉਂਦਾ ਹੈ ਕਿ ਕਿਸੇ ਭਲੇ ਪੁਰਸ਼ ਦੇ ਮੱਥੇ ਲਗ ਕੇ ਹੀ ਇਸ ਸਾਲ ਦੀ ਸ਼ੁਰੂਆਤ ਕੀਤੀ ਜਾਵੇ। ਧੰਨ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਗਈ ਕਿ ਪਾਤਸ਼ਾਹ ਜੀ! ਆਪ ਵੀ ਇਸ ਦਾ ਮਹਾਤਮ ਦਰਸਾਓ। ਪਾਤਸ਼ਾਹ ਫੁਰਮਾਨ ਕਰਦੇ ਹਨ ਤੁਖਾਰੀ ਰਾਗ ਦੇ ਵਿਚ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਰਹ ਮਾਹਾ ਉਚਾਰਨ ਕੀਤਾ ਹੈ। ਕਹਿਣ ਲੱਗੇ, ਪਾਤਸ਼ਾਹ! ਬਾਣੀ ਅਗਾਧ ਬੋਧ ਹੈ, ਸਮਝ ਵਿਚ ਨਹੀਂ ਆਉਂਦੀ। ਇਸ ਪ੍ਰਥਾਇ ਉਸੇ ਦਾ ਟੀਕਾ ਜਿਵੇਂ ਸਰਲ ਅੱਖਰਾਂ ਦੇ ਵਿਚ ਧੰਨ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਮਾਝ ਰਾਗ ਦੇ ਵਿਚ, ਬਾਰਹ ਮਾਹਾ ਆਰੰਭ ਕਰਕੇ, 12 ਹੀ ਮਹੀਨਿਆਂ ਦਾ ਮਹਾਤਮ ਦਰਸਾਇਆ ਤੇ ਸਾਨੂੰ ਦੱਸਿਆ ਕਿ ਕਿਵੇਂ ਅਸੀਂ ਵਿਛੜੇ ਹਾਂ। ਕਿਉਂਕਿ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥* *ਅੰਗ- ੯੫*

ਜਦੋਂ ਤਕ ਸਤਿਸੰਗ ਦੇ ਵਿਚ ਨਹੀਂ ਆਉਂਦੇ, ਪਰਮ ਆਪੇ ਦੀ ਪਹਿਚਾਣ ਨਹੀਂ ਹੁੰਦੀ। ਇਸ ਕਰਕੇ ਪਤਾ ਨਹੀਂ ਲਗਦਾ ਕਿ ਸਾਡਾ ਜਿਹੜਾ ਵਿਛੋੜਾ ਪਿਆ ਹੈ ਪਰਮ ਆਪੇ ਨਾਲੋਂ, ਇਹ ਕਰਮਾਂ ਕਰਕੇ ਪਿਆ ਹੈ।

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਵਿਛੋੜੇ ਦਾ ਦੁਖ ਵੱਡਾ ਦੁਖ ਹੈ। ਚਾਰ ਦੁੱਖ ਵੱਡੇ ਨੇ-

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥* *ਅੰਗ- ੧੨੫੬*

ਵਿਛੋੜੇ ਦਾ ਦੁਖ ਕਿੰਨਾ ਵੱਡਾ ਹੈ, ਪੁਛੋ ਕੋਇਲ ਨੂੰ -

*ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥* *ਅੰਗ - ੭੯੪*

ਸਾਰੇ ਪੰਛੀਆਂ ਦੇ ਜੋੜੇ ਹਨ -

*ਬਿਰਖੈ ਹੇਠਿ ਸਭਿ ਜੰਤ ਇਕਠੇ ॥*
*ਇਕਿ ਤਤੇ ਇਕਿ ਬੋਲਨਿ ਮਿਠੇ ॥*
*ਅਸਤੁ ਉਦੋਤੁ ਭਇਆ ਉਠਿ ਚਲੇ*
*ਜਿਉ ਜਿਉ ਅਉਧ ਵਿਹਾਣੀਆ ॥* *ਅੰਗ- ੧੦੧੯*

ਅਸਤ ਕਹਿੰਦੇ ਨੇ ਸੂਰਜ ਦੇ ਡੁੱਬਣ ਨੂੰ। ਜਦੋਂ ਸੂਰਜ ਉਦੈ ਹੁੰਦਾ ਹੈ, ਚੜ੍ਹਦਾ ਹੈ, ਪੰਛੀ ਉਡਾਰੀ ਮਾਰ ਜਾਂਦੇ ਨੇ। ਫੇਰ ਰਾਤ ਨੂੰ ਆਪਣੇ-ਆਪਣੇ ਆਲ੍ਹਣਿਆਂ ਦੇ ਵਿਚ ਆਉਂਦੇ ਨੇ। ਇਕੱਠੇ ਹੋ ਜਾਂਦੇ ਹਨ ਪਰ ਇਕ

(ਪੰਨਾ 22 ਦੀ ਬਾਕੀ)

ਕੋਇਲ ਹੈ, ਇਹ ਦੋਵੇਂ ਇਕੱਠੇ ਨਹੀਂ ਹੁੰਦੇ। ਪੁੱਛਿਆ ਕੋਇਲ ਨੂੰ ਕਿ ਰੰਗ ਕਾਲਾ ਕਾਹਤੋਂ ਹੋ ਗਿਆ? ਕਹਿੰਦੀ, ਮੈਨੂੰ ਆਪਣੇ ਪਿਆਰੇ ਦੇ ਓਸ ਵਿਯੋਗ ਨੇ, ਉਸ ਦੇ ਵਿਛੋੜੇ ਨੇ ਸਾੜ ਦਿਤਾ ਹੈ।

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ਅੰਗ- ੭੯੪*

ਕਿੰਨਾ ਪਿਆਰ ਹੈ ਕਿ ਇਹ ਵਿਛੋੜਾ ਜਿਹਨੂੰ ਹੁੰਦਾ ਹੈ ਉਸ ਨੂੰ ਹੀ ਪਤਾ ਹੈ। ਹੈ ਤਾਂ ਅਸੀਂ ਉਸ ਪ੍ਰਮੇਸ਼ਰ ਤੋਂ ਵਿਛੜੇ ਹੋਏ ਹੀ ਹਾਂ। ਬਾਰਹ ਮਾਹਾ ਦੇ ਵਿਚ ਵਿਛੋੜੇ ਦਾ ਦੁਖ ਦੱਸਿਆ ਹੈ। ਮਿਲਾਪ ਦਾ ਸੁਖ ਦਰਸਾਇਆ ਹੈ –

*ਜਿਸੁ ਸਿਮਰਤ ਮਨਿ ਹੋਤ ਅਨੰਦਾ*
*ਉਤਰੈ ਮਨਹੁ ਜੰਗੀਲਾ ॥*
*ਮਿਲਬੇ ਕੀ ਮਹਿਮਾ ਬਰਨਿ ਨ ਸਾਕਉ*
*ਨਾਨਕ ਪਰੈ ਪਰੀਲਾ ॥ ਅੰਗ- ੪੯੮*

ਮਿਲਣ ਦਾ ਮਹਾਤਮ ਵੀ ਦੱਸਿਆ ਹੈ। ਫੱਗਣ ਦਾ ਮਹੀਨਾ ਚਲਦਾ ਹੈ। ਇਹ ਰੰਗਾਂ ਤੇ ਤਿਉਹਾਰਾਂ ਦਾ ਮਹੀਨਾ ਹੈ। ਰੰਗ ਚੜ੍ਹਦੇ ਨੇ, ਹੁਣ ਉਹ ਰੰਗ ਕੱਚੇ ਨੇ –

*ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥*
*ਅੰਗ- ੭੫੧*

ਰੰਗ ਉਤਰ ਜਾਂਦਾ ਹੈ।

ਅਸਲ ਗੱਲ ਤਾਂ ਇਹ ਹੈ –

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ- ੩੪੦*

ਪਰ –

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਸ਼ਬਦ ਦੀ ਧੁਨਕਾਰ ਅੰਦਰ ਸੁਣਾਈ ਨਹੀਂ ਦਿੰਦੀ। ਉਸ ਪਾਸੇ ਵਲ ਅਸੀਂ ਜਾਂਦੇ ਨਹੀਂ। ਇਸ ਕਰਕੇ ਅਸੀਂ ਦੁਖੀ ਹੋ ਰਹੇ ਹਾਂ। ਮਿਲਾਪ ਦੇ ਵਿਚ ਸੁੱਖ ਹੈ –

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥*
*ਅੰਗ- ੧੩੬*

ਸਾਨੂੰ ਵਿਛੜੇ ਹੋਇਆਂ ਨੂੰ ਸੰਤ ਮਿਲਾਉਂਦੇ ਨੇ। ਇਸੇ ਕਰਕੇ ਦੁਨੀਆਂ ਦੇ ਰਿਸ਼ਤੇ ਨਾਤੇ ਕੱਚੇ ਨੇ। ਕੋਈ ਐਸਾ ਪੱਕਾ ਰਿਸ਼ਤਾ ਜੋੜੋ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਿਹ।*

ਕਹਿੰਦੇ, ਕਾਹਦਾ ਹੈਰਾਨ ਹੋਇਆ ਹੈਂ, ਦੇਖ, ਮੈਂ ਐਨੀ ਸ਼ਕਤੀ ਰਖਦਾ ਹਾਂ ਜੇ ਇੱਕ ਵਾਰੀ ਕਹਿ ਦੇਵਾਂ ਔਰੰਗਜ਼ੇਬ ਦਾ ਰਾਜ ਗਰਕ ਹੋ ਜਾਵੇ। ਇਕ ਵੀ ਮੁਗਲ ਨਹੀਂ ਰਹੇਗਾ, ਪਰ ਪਿਆਰਿਆ! ਐਨੀ ਸ਼ਕਤੀ ਦਾ ਮਾਲਕ ਹੁੰਦਾ ਹੋਇਆ, ਮੈਂ ਰੱਬ ਦਾ ਹੁਕਮ ਮੰਨ ਰਿਹਾ ਹਾਂ। ਉਹ ਕੋਰੜੇ ਮਾਰਦੇ ਨੇ ਸ਼ਕਤੀਆਂ ਮੈਨੂੰ ਬੇਨਤੀਆਂ ਕਰਦੀਆਂ ਨੇ, ਦੇਖਿਆ ਨਹੀਂ ਤੂੰ? ਕਹਿੰਦਾ ਦੇਖਿਆ ਹੈ। ਕਹਿੰਦੇ, ਇਹਨੂੰ 'ਸਬਰ' ਕਹਿੰਦੇ ਨੇ।

ਏਨੇ ਨੂੰ ਇੱਕ ਪਿਆਲਾ ਪਾਣੀ ਦਾ ਆ ਗਿਆ, ਵਿੱਚ ਨਮਕ ਪਾਇਆ ਹੋਇਆ ਹੈ ਬੇਅੰਤ; ਕੌੜਾ ਕਰਿਆ ਹੋਇਆ ਹੈ, ਦੋ ਕਤਰੇ ਉਹਦੇ ਹੱਥ ਉਤੇ ਪਾ ਦਿੱਤੇ, ਕਹਿੰਦੇ ਲਾ ਜੀਭ ਨਾਲ। ਜਦ ਲਾਇਆ ਤਾਂ ਕਹਿੰਦਾ ਮਹਾਰਾਜ ਇਹ ਤਾਂ ਬਹੁਤ ਕੌੜਾ ਹੈ। ਸਾਰਾ ਹੀ ਲੂਣ ਹੈ। ਇਹ ਤਾਂ ਦੇ ਰਹੇ ਨੇ ਕਿ ਸਰੀਰ ਖੁਰ ਜਾਵੇ ਅੰਦਰੋਂ। ਆ ਤੇਰੀ ਅੱਖ ਖੋਲ੍ਹਾਂ। ਦੂਜੇ ਪਾਸੇ ਕੀ ਦੇਖਦਾ ਹੈ ਕਿ ਬੇਅੰਤ ਪਦਾਰਥ ਲਈਂ ਖੜ੍ਹੇ ਨੇ ਫਰਿਸ਼ਤੇ, ਮਿੰਨਤਾਂ ਕਰਦੇ ਨੇ ਕਿ ਮਹਾਰਾਜ! ਆਹ ਲੈ ਲਓ, ਇਹ ਨਾ ਪੀਓ। ਆਪ ਨੇ ਪਿਆਲਾ ਪੀ ਲਿਆ ਤੇ ਕਿਹਾ ਕਿ ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਮੈਨੂੰ ਵੀ ਕੁਛ ਭੇਜਦਾ ਹੈਂ ਪੀਣ ਵਾਸਤੇ। ਕਹਿੰਦੇ, ਪਿਆਰਿਆ! ਇਹਨੂੰ 'ਸ਼ੁਕਰ' ਕਹਿੰਦੇ ਨੇ। ਇਹ ਸਬਰ ਤੇ ਸ਼ੁਕਰ ਜਿਹੜਾ ਹੈ ਇਹ ਮਹਾਂਪੁਰਖਾਂ ਦਾ ਗਹਿਣਾ ਹੁੰਦਾ ਹੈ। ਮਹਾਂਪੁਰਸ਼ ਜੇ ਕਰਾਮਾਤਾਂ ਦਿਖਾਉਂਦੇ ਨੇ ਇਹ ਤਾਂ ਨਾਟਕ ਚੇਟਕ ਹੁੰਦੇ ਨੇ। ਗੁਰੂ ਮਹਾਰਾਜ ਪ੍ਰਵਾਨ ਨਹੀਂ ਕਰਿਆ –

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ – ੫੯੩*

ਸੰਸਾਰ ਤੋਂ ਜਾਣਾ ਹੀ ਜਾਣਾ ਹੈ ਇਥੇ ਕਿਸੇ ਨੇ ਰਹਿਣਾ ਨਹੀਂ। ਸੋ ਗੁਰੂ ਮਹਾਰਾਜ ਸਰਬ ਕਲਾ ਸਮਰੱਥ, ਸਾਰੇ ਸਿੰਘ ਸਮਰੱਥ, ਇੱਕ-ਇੱਕ ਸਿੰਘ 'ਚ ਕਿੰਨੀ-ਕਿੰਨੀ ਸ਼ਕਤੀ, ਕੋਈ ਅੰਦਾਜ਼ਾ ਨਹੀਂ ਹੈ ਇਸ ਗੱਲ ਦਾ। ਮਰਿਆ ਹੋਇਆਂ ਨੂੰ ਜੀਉਂਦੇ ਕਰ ਦਿੰਦਾ ਹੈ, ਉਹ ਐਨੀਆਂ ਸ਼ਕਤੀਆਂ ਦੇ ਮਾਲਕ ਗੁਰੂ ਦੇ ਪਿਆਰ ਵਿੱਚ, ਭਾਣੇ ਵਿੱਚ ਉਨ੍ਹਾਂ ਨੇ ਖੇਡ ਵਰਤਾਈ, ਜਿਹੜੀ ਆਪਾਂ ਪੜ੍ਹਦੇ ਹਾਂ। ਜਣੇ-ਖਣੇ ਦੇ ਹਿੱਸੇ ਵਿੱਚ ਨਹੀਂ ਆ ਸਕਦੀ। ਅਸੀਂ ਨਹੀਂ ਕਰ ਸਕਦੇ। ਅਸੀਂ ਤਾਂ ਚੀਕਾਂ ਮਾਰਨੀਆਂ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦਾ ਜਿਹੜਾ ਕੌਤਕ ਹੈ –

*ਸਤਿਗੁਰ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।*

ਉਹਦੇ ਸਾਰੇ ਹੀ ਕੌਤਕ ਜਿਹੜੇ ਨੇ ਵੈਰ ਤੋਂ ਰਹਿਤ ਹੁੰਦੇ ਨੇ ਤੇ ਨਿਰਾਲੇ ਹੋਇਆ ਕਰਦੇ ਨੇ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-49)*

**ਸਿਰੀਰਾਗੁ ਮਹਲਾ ੧**
**ਗੁਰ ਤੇ ਨਿਰਮਲੁ ਜਾਣੀਐ**
**ਨਿਰਮਲ ਦੇਹ ਸਰੀਰੁ॥**

ਹੇ ਭਾਈ! ਸਤਿਗੁਰਾਂ ਦੁਆਰਾ ਹੀ ਉਹ ਨਿਰਮਲੁ=ਮੈਲ ਤੋਂ ਰਹਿਤ ਭਾਵ ਸ਼ੁੱਧ ਸਰੂਪ ਪ੍ਰਭੂ ਜਾਣਿਆ ਜਾ ਸਕਦਾ ਹੈ। ਜਿਸ ਵਿਚ ਮਲ, ਵਿਖੇਪ, ਅਵਰਨ ਆਦਿ ਵਾ: ਅਸੱਤ ਜੜ੍ਹ ਦੁੱਖ ਰੂਪ ਮਾਇਆ ਦੀ ਮੈਲ ਨਹੀਂ ਹੈ। ਜਿਨ੍ਹਾਂ ਨੇ ਐਸੇ ਸਰੂਪ ਨੂੰ ਜਾਣ ਲਿਆ ਹੈ, ਉਨ੍ਹਾਂ ਦੀ ਦੇਹ ਨਿਰਮਲੁ=ਪਾਪਾਂ ਤੋਂ ਰਹਿਤ ਹੋ ਜਾਂਦੀ ਹੈ ਅਤੇ ਸਰੀਰੁ=ਸੂਖਮ ਸਰੀਰ ਵੀ ਅੰਤਸ਼ਕਰਨ ਦੇ ਸੰਕਲਪਾਂ ਤੋਂ ਰਹਿਤ ਹੋ ਕੇ, ਵਿਕਾਰਾਂ ਤੋਂ ਰਹਿਤ ਹੋ ਕੇ ਨਿਰਮਲ ਹੋ ਜਾਂਦਾ ਹੈ ਵਾ: ਬੁੱਧ ਰੂਪੀ ਦੇਹ ਨਿਰਮਲ ਹੋ ਜਾਂਦੀ ਹੈ ਅਤੇ ਸਰੀਰੁ=ਅਸਥੂਲ, ਸੂਖਮ ਕਾਰਨ ਸਰੀਰ ਵੀ ਹੰਗਤਾ ਦੀ ਮੈਲ ਤੋਂ ਰਹਿਤ ਹੋ ਕੇ ਸ਼ੁੱਧ ਹੋ ਜਾਂਦੇ ਹਨ।

**ਨਿਰਮਲੁ ਸਾਚੋ ਮਨਿ ਵਸੈ**
**ਸੋ ਜਾਣੈ ਅਭ ਪੀਰ॥**

ਜਿਨ੍ਹਾਂ ਦੇ ਮਨ ਵਿਚ ਨਿਰਮਲੁ=ਮੈਲ ਤੋਂ ਰਹਿਤ ਸੱਚਾ ਪਰਮੇਸ਼ਰ ਵਸ ਜਾਂਦਾ ਹੈ, ਫਿਰ ਸੋ=ਉਹ ਪਰਮੇਸ਼ਰ ਉਨ੍ਹਾਂ ਦੇ ਅਭ=ਹਿਰਦੇ ਦੀ ਪੀੜਾ ਨੂੰ ਜਾਣਦਾ ਹੈ ਕਿ ਮੇਰੇ ਮਿਲਾਪ ਤੋਂ ਬਿਨਾਂ ਇਨ੍ਹਾਂ ਨੂੰ ਸ਼ਾਂਤੀ ਨਹੀਂ ਆ ਸਕਦੀ।

**ਸਹਜੈ ਤੇ ਸੁਖੁ ਅਗਲੋ**
**ਨਾ ਲਾਗੈ ਜਮ ਤੀਰੁ॥੧॥**

ਉਨ੍ਹਾਂ ਨੂੰ ਸਹਜੈ=ਗਿਆਨ ਹੋਣ ਤੇ=ਤੋਂ ਅਗਲੋ=ਬਹੁਤਾ ਵਾ: ਅਨਾਦ ਕਾਲ ਦਾ ਸੁੱਖ ਜੋ ਬ੍ਰਹਮਾਨੰਦ ਹੈ, ਉਹ ਪ੍ਰਾਪਤ ਹੁੰਦਾ ਹੈ। ਐਸਾ ਸੁੱਖ ਬ੍ਰਹਮ ਲੋਕ, ਵਿਸ਼ਨੂੰ ਲੋਕ, ਸਵਰਗ ਆਦਿ ਵਿਚ ਵੀ ਨਹੀਂ ਹੈ। ਵਿਸ਼ਿਸ਼ਟ ਜੀ ਨੇ ਕਿਹਾ ਹੈ ਕਿ ਬ੍ਰਹਮ ਗਿਆਨੀ ਨੂੰ ਅੱਖ ਫਰਕਣ ਭਾਵ ਖੋਲ੍ਹਣ ਤੇ ਬੰਦ ਕਰਨ ਦੇ ਸਮੇਂ ਵਿਚ ਜਿਤਨਾ ਸੁੱਖ ਪ੍ਰਾਪਤ ਹੁੰਦਾ ਹੈ, ਉਤਨਾ ਸੁੱਖ ਬ੍ਰਹਮਾ ਨੂੰ ਸਾਰੀ ਉਮਰ ਭੋਗ ਕੇ ਵੀ ਪ੍ਰਾਪਤ ਨਹੀਂ ਹੋ ਸਕਦਾ ਵਾ: ਸਹਜੈ=ਸੁਤੇ-ਸਿੱਧ ਹੀ ਅਨਾਦ ਕਾਲ ਦਾ ਸੁੱਖ ਪ੍ਰਾਪਤ ਹੋ ਜਾਂਦਾ ਹੈ। ਉਨ੍ਹਾਂ ਨੂੰ ਜਮਾਂ ਦੇ ਮੌਤ ਰੂਪ ਤੀਰੁ=ਬਾਣ ਨਹੀਂ ਲੱਗਦੇ ਵਾ: ਜਮ ਰੂਪੀ ਤੀਰ ਉਨ੍ਹਾਂ ਦੇ ਨੇੜੇ ਨਹੀਂ ਲਗ ਸਕਦਾ ਵਾ: ਜਮਾਂ ਦੀ ਮੌਤ ਰੂਪੀ ਤੀਰ ਨਹੀਂ ਲੱਗਦਾ ਵਾ: ਜੰਮਣ ਮਰਣ ਰੂਪ ਤੀਰ ਨਹੀਂ ਲੱਗਦਾ।

**ਭਾਈ ਰੇ, ਮੈਲੁ ਨਾਹੀ**
**ਨਿਰਮਲ ਜਲਿ ਨਾਇ॥**

ਹੇ ਭਾਈ! ਪਰਮੇਸ਼ਰ ਦੇ ਨਾਮ ਰੂਪ ਨਿਰਮਲ ਜਲ ਵਿਚ ਮਨ ਦੁਆਰਾ ਨਾਇ=ਇਸ਼ਨਾਨ ਕਰਨ ਨਾਲ ਕਿਸੇ ਪ੍ਰਕਾਰ ਦੀ ਪਾਪਾਂ ਰੂਪ ਮੈਲ ਨਹੀਂ ਰਹੇਗੀ, ਮਨ ਨਿਰਮਲ=ਸ਼ੁੱਧ ਹੋ ਜਾਵੇਗਾ।

**ਨਿਰਮਲੁ ਸਾਚਾ ਏਕੁ ਤੂ**
**ਹੋਰੁ ਮੈਲੁ ਭਰੀ ਸਭ ਜਾਇ॥੧॥ਰਹਾਉ॥**

ਐਸਾ ਨਿਸਚੇ ਕਰ ਕਿ ਹੇ ਪਰਮੇਸ਼ਰ! ਏਕੁ=ਇਕ ਤੂੰ ਹੀ ਨਿਰਮਲ=ਮੈਲ ਤੋਂ ਰਹਿਤ ਉੱਜਲ ਅਤੇ ਸਾਚਾ=ਸੱਚ ਸਰੂਪ ਹੈ। ਹੋਰ ਸਾਰਿਆਂ ਸਵਰਗ ਲੋਕ, ਮਾਤ ਲੋਕ ਪਾਤਾਲ ਲੋਕ ਆਦਿ ਜਾਇ=ਜਗ੍ਹਾ (ਥਾਵਾਂ) ਵਿਚ ਹੰਗਤਾ ਦੀ ਮੈਲ ਅਤੇ ਅਸਹਿਤਾ, ਖਿਯਾਤਾ, ਖੀਣਤਾ ਆਦਿ ਮੈਲ ਨਜ਼ਰ ਆਉਂਦੀ ਹੈ, ਇਕ ਨਾਮ ਹੀ ਮੈਲ ਤੋਂ ਰਹਿਤ ਹੈ।

**ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥**

ਹਰਿ=ਪਰਮੇਸ਼ਰ ਦਾ ਇਹ ਸੰਸਾਰ ਰੂਪੀ ਮੰਦਰੁ ਬਹੁਤ ਹੀ ਸੋਹਣਾ=ਸ਼ੋਭਨੀਕ ਹੈ। ਇਸ ਸੰਸਾਰ ਰੂਪੀ ਮੰਦਰ ਨੂੰ ਕਰਨਹਾਰ ਪਰਮੇਸ਼ਰ ਨੇ ਆਪ ਹੀ ਬਣਾਉਣਾ ਕੀਆ=ਕੀਤਾ ਹੈ।

**ਰਵਿ ਸਸਿ ਦੀਪ ਅਨੂਪ ਜੋਤਿ**
**ਤ੍ਰਿਭਵਣਿ ਜੋਤਿ ਅਪਾਰ॥**

ਇਸ ਸੰਸਾਰ ਰੂਪੀ ਮੰਦਰ ਵਿਚ ਚਾਨਣ ਕਰਨ ਲਈ ਰਵਿ=ਸੂਰਜ ਤੇ ਸਸਿ=ਚੰਦਰਮਾ ਰੂਪ ਦੋ ਦੀਪ=ਦੀਵੇ ਹਨ, ਉਹਨਾਂ ਵਿਚ ਵੀ ਅਨੂਪ=ਉਪਮਾ ਤੋਂ ਰਹਿਤ=ਪਰਮੇਸ਼ਰ ਦੀ ਜੋਤਿ ਪ੍ਰਕਾਸ਼ ਰਹੀ ਹੈ। ਉਸ ਅਪਾਰ=ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੀ ਤ੍ਰਿਭਵਣਿ=ਤਿੰਨੇ ਭਵਨਾਂ ਵਿਚ ਜੋਤਿ ਹੈ।

**ਹਾਟ ਪਟਣ ਗੜ ਕੋਠੜੀ**
**ਸਚੁ ਸਉਦਾ ਵਾਪਾਰੁ॥੨॥**

ਇਸ ਸੰਸਾਰ ਵਿਚ ਪ੍ਰਤੱਖ ਪਟਣ=ਸ਼ਹਿਰ ਬਣੇ ਹੋਏ ਹਨ। ਗੜ=ਕਿਲ੍ਹੇ ਬਣੇ ਹੋਏ ਹਨ। ਹਾਟ=ਹੱਟਾਂ, ਦੁਕਾਨਾਂ ਬਣੀਆਂ ਹਨ ਤੇ ਕੋਠੜੀ=ਕੋਠੜੀਆਂ ਭਾਵ ਮਕਾਨ ਬਣੇ ਹੋਏ ਹਨ। ਇਸ ਸੰਸਾਰ ਵਿਚ ਉਹੀ ਵਾਪਾਰੀ ਸਫਲੇ ਹਨ, ਜੋ ਸੱਚੇ ਨਾਮ ਦੇ ਸੌਦੇ ਦਾ ਵਾਪਾਰੁ=ਵਣਜ ਕਰਦੇ ਹਨ।

**ਗਿਆਨ ਅੰਜਨੁ ਭੈ ਭੰਜਨਾ**
**ਦੇਖੁ ਨਿਰੰਜਨ ਭਾਇ॥**

ਜਿਨ੍ਹਾਂ ਦੇ ਮਨ ਬੁੱਧ ਰੂਪੀ ਨੇਤਰਾਂ ਦੇ ਵਿਚ ਸਤਿਗੁਰਾਂ ਨੇ ਜੁਗਤੀਆਂ ਰੂਪ ਸਲਾਈਆਂ ਨਾਲ ਸ਼ਰਧਾ ਰੂਪੀ ਸੁਰਮੇਦਾਨੀ ਵਿਚੋਂ ਗਿਆਨ ਰੂਪ ਅੰਜਨੁ=ਸੁਰਮਾ ਪਾ ਦਿਤਾ ਹੈ, ਉਨ੍ਹਾਂ ਨੇ ਜੰਮਣ ਮਰਨ ਦੇ ਭੈ=ਡਰ ਨੂੰ ਭੰਜਨਾ=ਨਾਸ਼ ਕੀਤਾ ਹੈ ਅਤੇ ਉਹ ਤਾਂ ਸਭ ਥਾਈਂ ਨਿਰੰਜਨ=ਮਾਇਆ ਕਾਲਖ਼ ਤੋਂ ਰਹਿਤ ਸ਼ੁੱਧ ਸਰੂਪ ਦੇ ਭਾਇ=ਪ੍ਰਕਾਸ਼ ਨੂੰ ਹੀ ਦੇਖੁ=ਦੇਖਦੇ ਹਨ ਵਾ: ਉਸੇ ਦੇ ਭਾਇ=ਪ੍ਰੇਮ ਵਿਚ ਰੰਗੇ ਹੋਏ, ਸਭ ਥਾਂ ਸ਼ੁੱਧ ਸਰੂਪ ਪਰਮੇਸ਼ਰ ਨੂੰ ਹੀ ਦੇਖੁ=ਵੇਖਦੇ ਹਨ।

### ਗੁਪਤੁ ਪ੍ਰਗਟੁ ਸਭ ਜਾਣੀਐ
### ਜੇ ਮਨੁ ਰਾਖੈ ਠਾਇ॥

ਜੇਕਰ ਗੁਰੂ ਦੀ ਕ੍ਰਿਪਾ ਨਾਲ ਆਪਣੇ ਮਨ ਨੂੰ ਇਕ ਠਾਇ=ਥਾਂ ਭਾਵ ਸ਼ਬਦ ਵਿਚ ਟਿਕਾਅ ਕੇ ਰੱਖ ਲਵੇ, ਤਾਂ ਉਹ ਸਾਰੀਆ ਗੁਪਤ ਗੱਲਾਂ ਨੂੰ ਪ੍ਰਗਟ ਹੀ ਜਾਣ ਲੈਂਦੇ ਹਨ ਭਾਵ ਉਨ੍ਹਾਂ ਨੂੰ ਅੰਤਰਜਾਮਤਾ ਹੋ ਜਾਂਦੀ ਹੈ ਕਿ ਕਿਥੇ ਕੀ ਹੋ ਰਿਹਾ ਹੈ ਤੇ ਕਿਥੇ ਕੀ ਹੋਣ ਵਾਲਾ ਹੈ? ਉਹ ਸਭ ਕੁਝ ਜਾਣ ਲੈਂਦੇ ਹਨ ਪਰ ਗੁਪਤ ਰੱਖਦੇ ਹਨ।

### ਐਸਾ ਸਤਿਗੁਰੁ ਜੇ ਮਿਲੈ
### ਤਾ ਸਹਜੇ ਲਏ ਮਿਲਾਇ॥੩॥

ਜੇ ਐਸਾ=ਇਹੋ ਜਿਹੇ ਸਤਿਗੁਰੂ ਜੋ ਮਨ ਦੀ ਇਕਾਗਰਤਾ ਬਖਸ਼ਣ ਵਾਲੇ ਪਰਮੇਸ਼ਰ ਦਾ ਰੂਪ ਹਨ, ਅਗਰ ਮਿਲਣ ਜਾਣ ਤਾਂ ਸਹਜੇ=ਸੁਤੇ ਸਿੱਧ ਹੀ ਅਕਾਲ ਪੁਰਖ ਵਾਹਿਗੁਰੂ ਆਪਣੇ ਨਾਲ ਮਿਲਾਇ=ਮੇਲ ਲਏ=ਲੈਂਦਾ ਹੈ।

### ਕਸਿ ਕਸਵਟੀ ਲਾਈਐ
### ਪਰਖੇ ਹਿਤੁ ਚਿਤੁ ਲਾਇ॥

ਕਸਿ=ਕਸ਼ਟ, ਤਾੜਨਾ, (ਕਸਿ ਫ਼ਾਰਸੀ ਵਿਚ ਕਸ਼ੀਦਨ ਧਾਤੂ ਤੋਂ ਕਸ਼) ਦੇ ਕੇ ਸਤਿਗੁਰੂ ਜੀ ਸਿੱਖ ਨੂੰ ਕਸਵਟੀ=ਪਰਖਣਾ 'ਤੇ ਲਾਈਐ=ਲਾਉਂਦੇ ਹਨ ਭਾਵ ਪਰਖਦੇ ਹਨ। ਜਿਸ ਤਰ੍ਹਾਂ ਸੁਨਿਆਰ ਸੋਨੇ ਨੂੰ ਪਰਖਦਾ ਹੈ। ਜੇ ਸੋਨੇ ਵਿਚ ਖੋਟ ਹੋਵੇ ਤਾਂ ਉਸ ਨੂੰ ਫਿਰ ਅੱਗ 'ਤੇ ਰੱਖ ਕੇ ਤਪਾਉਂਦਾ ਹੈ। ਜਦੋਂ ਤੱਕ ਬਾਰਾਂ ਵੰਨੀ ਦਾ ਸ਼ੁੱਧ ਨਹੀਂ ਹੋ ਜਾਂਦਾ, ਉਦੋਂ ਤਕ ਕੁਠਾਲੀ ਵਿਚ ਭਿੱਜਿਆ ਫਿਰਦਾ ਹੈ। ਜਦੋਂ ਸੋਨਾ ਸ਼ੁੱਧ ਹੋ ਗਿਆ ਤਾਂ ਫਿਰ ਟਿਕ ਜਾਂਦਾ ਹੈ ਤੇ ਫਿਰ ਸੁਨਿਆਰੇ ਦੀ ਪਰਖ ਵਿਚ ਪੂਰਾ ਉਤਰਦਾ ਹੈ। ਇਸੇ ਤਰ੍ਹਾਂ ਸਤਿਗੁਰੂ ਸਿੱਖ ਨੂੰ ਪਰਖਦੇ ਹਨ। ਇਸ ਪਰਖਣ ਦਾ ਮਤਲਬ ਸਤਿਗੁਰਾਂ ਵੱਲੋਂ ਸਿੱਖ ਨੂੰ ਫੇਲ੍ਹ ਕਰਨ ਲਈ ਨਹੀਂ ਹੁੰਦਾ। ਗੁਰੂ ਸਾਹਿਬ ਦਾ ਮਤਲਬ ਹੁੰਦਾ ਹੈ ਕਿ ਸਿੱਖ ਹਰ ਪੱਖੋਂ ਪੂਰਾ ਉਤਰੇ। ਇਹ ਬਾਰਾਂ ਬੰਨੀ ਦੇ ਸ਼ੁੱਧ ਸੋਨੇ ਦੀ ਨਿਆਈ ਬਣ ਜਾਵੇ। ਇਸ ਲਈ ਸਤਿਗੁਰੂ ਜੀ ਸਿੱਖ ਨੂੰ ਨਫਰਤ ਨਾਲ ਦੁੱਖ ਨਹੀਂ ਦਿੰਦੇ ਸਗੋਂ ਚਿਤ ਦੇ ਵਿਚ ਹਿਤੁ=ਪ੍ਰੇਮ ਲਾ ਕੇ ਪਰਖਦੇ ਹਨ ਕਿ ਇਸ ਦੇ ਅੰਦਰ ਰੰਚਕ ਮਾਤਰ ਵੀ ਪਾਪਾਂ ਦੀ ਮੈਲ ਨਾ ਰਹਿ ਜਾਵੇ। ਵਾਸ਼ਨਾ ਦੀ ਕੋਈ ਕਣੀ ਬਾਕੀ ਨਾ ਰਹਿ ਜਾਵੇ ਜੋ ਸਿੱਖ ਨੂੰ ਮੁੜ ਚੌਰਾਸੀ ਵਿਚ ਪਾ ਦੇਵੇ ਕਿਉਂਕਿ ਸਿੱਖ ਸਤਿਗੁਰੂ ਨੂੰ ਇਸ ਤਰ੍ਹਾਂ ਪਿਆਰੇ ਹਨ ਜਿਵੇਂ ਮਾਵਾਂ ਨੂੰ ਆਪਣੇ ਪੁੱਤਰ ਪਿਆਰੇ ਹੁੰਦੇ ਹਨ। ਇਸ ਲਈ ਜੇ ਸਤਿਗੁਰੂ ਜੀ ਸਿੱਖ ਨੂੰ ਕਸਵੱਟੀ ਲਾਉਂਦੇ ਹਨ ਤਾਂ ਹਿਰਦੇ ਵਿਚ ਸਿੱਖ ਦਾ ਪ੍ਰੇਮ ਲਾ ਕੇ ਫਿਰ ਪਰਖਦੇ ਹਨ।

### ਖੋਟੇ ਠਉਰ ਨ ਪਾਇਨੀ
### ਖਰੇ ਖਜਾਨੈ ਪਾਇ॥

ਜਿਹੜੇ ਖੋਟੇ ਰੁਪਈਏ ਹੁੰਦੇ ਹਨ, ਉਹ ਪਾਰਖੂ ਕੋਲ ਠਉਰ=ਟਿਕਾਣਾ ਨਹੀਂ ਪਾਉਂਦੇ ਭਾਵ ਉਨ੍ਹਾਂ ਦੀ ਕੋਈ ਕਦਰ ਨਹੀਂ ਪੈਂਦੀ। ਇਸੇ ਪ੍ਰਕਾਰ ਜੇ ਕੋਟੇ=ਧਰਮ ਤੋਂ ਹੀਣੇ ਪਖੰਡ ਕਰਨ ਵਾਲੇ, ਜਿਨ੍ਹਾਂ ਦੀ ਸਤਿਗੁਰਾਂ ਉਤੇ ਸ਼ਰਧਾ ਭਾਵਨਾ ਨਹੀਂ ਹੈ, ਅਜਿਹੇ ਖੋਟੇ ਪੁਰਸ਼ ਸਤਿਗੁਰਾਂ ਦੀ ਪਰਖਣਾ ਵਿਚ ਠਹਿਰਨਾ ਨਹੀਂ ਪਾਉਂਦੇ, ਭੱਜ ਜਾਂਦੇ ਹਨ। ਜੋ ਕਸਵੱਟੀ ਵਿਚ ਖਰੇ ਉਤਰਦੇ ਹਨ, ਉਨ੍ਹਾਂ ਗੁਰਸਿੱਖਾਂ ਨੂੰ ਸਤਿਗੁਰੂ ਜੀ ਸਰੂਪ ਰੂਪ ਖਜ਼ਾਨੇ ਵਿਚ ਪਾ ਲੈਂਦੇ ਹਨ ਭਾਵ ਆਪਣਾ ਸਰੂਪ ਬਣਾ ਲੈਂਦੇ ਹਨ, ਜਿਸ ਤਰ੍ਹਾਂ ਖੋਟੇ ਰੁਪਇਆਂ ਨੂੰ ਬਾਹਰ ਸੁੱਟਿਆ ਜਾਂਦਾ ਹੈ ਤੇ ਖਰੇ ਰੁਪਏ ਖਜ਼ਾਨੇ ਵਿਚ ਪਾਏ ਜਾਂਦੇ ਹਨ, ਇਸੇ ਤਰ੍ਹਾਂ ਖੋਟੇ ਜੀਵ ਜੂਨੀਆਂ ਵਿਚ, ਨਰਕਾਂ ਵਿਚ ਸੁੱਟੇ ਜਾਂਦੇ ਹਨ ਤੇ ਸਤਿਗੁਰਾਂ ਦੀ ਪਰਖਣਾ ਵਿਚ ਪੂਰੇ ਉਤਰਨ ਵਾਲੇ ਗੁਰਸਿੱਖਾਂ ਨੂੰ ਵਾਹਿਗੁਰੂ ਅਕਾਲ ਪੁਰਖ ਆਪਣੇ ਅਭੇਦਤਾ ਰੂਪ ਖਜ਼ਾਨੇ ਵਿਚ ਪਾ ਲੈਂਦਾ ਹੈ।

### ਆਸ ਅੰਦੇਸਾ ਦੂਰਿ ਕਰਿ
### ਇਉ ਮਲੁ ਜਾਇ ਸਮਾਇ॥੪॥

ਹੇ ਜੀਵ! ਜੋ ਤੂੰ ਦੁਨੀਆਂ ਦੀ ਆਸਾ (ਆਸਾ=ਦੀਰਘ ਕਾਲ ਤੱਕ ਇੱਛਾ ਬਣੀ ਰਹਿਣੀ। ਸੁਆਸ ਮੁੱਕ ਜਾਂਦੇ ਹਨ ਪਰ ਜੀਉਣ ਦੀ, ਧਨ ਪਦਾਰਥ ਜੋੜਨੇ ਦੀ ਇੱਛਾ ਨਹੀਂ ਮੁੱਕਦੀ) ਅਤੇ ਅੰਦੇਸਾ=ਜੋ ਸੰਸਾ ਰਹਿੰਦਾ ਹੈ ਕਿ ਪਤਾ ਨਹੀਂ ਮੇਰੀ ਆਸਾ ਪੂਰੀ ਹੋਵੇਗੀ ਕਿ ਨਹੀਂ ਇਸੇ ਤਰ੍ਹਾਂ ਇਹ ਅੰਦੇਸਾ ਦੂਰ ਹੋ ਜਾਵੇਗਾ ਤੇ ਤੂੰ ਸ਼ਰਧਾ ਭਾਵਨਾ ਨਾਲ ਸਤਿਗੁਰਾਂ ਦੀ ਸੇਵਾ ਤੇ ਸਿਮਰਨ ਵਿਚ ਲੱਗ ਜਾਵੇਂਗਾ ਤੇ ਸਤਿਗੁਰਾਂ 'ਤੇ ਭਰੋਸਾ ਰੱਖੇਂਗਾ, ਇਉ=ਇਸ ਤਰ੍ਹਾਂ ਤੇਰੀ ਪਾਪਾਂ ਦੀ, ਰਾਗ ਦਵੈਖ ਦੀ ਮੈਲ ਚਲੀ ਜਾਇ=ਜਾਵੇਗੀ। ਜਦੋਂ ਮੈਲ ਚਲੀ ਗਈ, ਬਾਰਾਂ ਵੰਨੀ ਦੇ ਸ਼ੁੱਧ ਸੋਨੇ ਦੀ ਨਿਆਈ ਬਣ ਗਿਆ, ਫਿਰ ਸਤਿਗੁਰੂ ਜੀ ਆਪਣੇ ਸਰੂਪ ਰੂਪੀ ਖਜ਼ਾਨੇ ਵਿਚ ਸਮਾਇ=ਮੇਲ ਲੈਣਗੇ।

### ਸੁਖ ਕਉ ਮਾਗੈ ਸਭੁ ਕੋ

## ਦੁਖੁ ਨ ਮਾਗੈ ਕੋਇ॥

ਸੰਸਾਰ ਵਿਚ ਸਭ ਕੋ=ਕੋਈ ਸੁੱਖ ਨੂੰ ਮਾਗੈ=ਮੰਗਦਾ ਹੈ ਤੇ ਦੁੱਖ ਨੂੰ ਕੋਈ ਵੀ ਨਹੀਂ ਮਾਗੈ=ਮੰਗਦਾ ਅਥਵਾ ਵਿਸ਼ੇ ਸੁੱਖ ਨੂੰ, ਧਨ ਪਦਾਰਥ ਦੇ ਸੁੱਖ ਨੂੰ ਹਰ ਕੋਈ ਮੰਗਦਾ ਹੈ ਕਿ ਅਸੀਂ ਅਰਾਮ ਨਾਲ ਸੁੰਦਰ ਸੇਜਾ 'ਤੇ ਪਏ ਰਹੀਏ, ਖਾ ਪੀ ਕੇ ਮੌਜਾਂ ਮਾਣੀਏ ਪਰ ਜੋ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਸਿਮਰਨ ਕਰਨਾ, ਹੋਰ ਸਾਧਨ ਕਰਨੇ ਇਨ੍ਹਾਂ ਨੂੰ ਦੁੱਖ ਰੂਪ ਜਾਣ ਕੇ ਕੋਈ ਵੀ ਨਹੀਂ ਮੰਗਦਾ।

## ਸੁਖੈ ਕਉ ਦੁਖੁ ਅਗਲਾ
## ਮਨਮੁਖਿ ਬੂਝ ਨ ਹੋਇ॥

ਸੰਸਾਰਕ ਵਿਸ਼ੇ ਸੁਖੈ=ਸੁਖ ਮੰਗਣ ਵਾਲੇ ਕਉ=ਨੂੰ ਅੱਗੇ ਪ੍ਰਲੋਕਵਿਚ ਅਗਲਾ=ਬਹੁਤਾ ਦੁਖੁ=ਕਸ਼ਟ ਪ੍ਰਾਪਤ ਹੋਵੇਗਾ, ਪਰ ਇਸ ਗੱਲ ਦੀ ਮਨਮੁੱਖਾਂ ਨੂੰ ਬੂਝ=ਸਮਝ ਨ=ਨਹੀਂ ਹੋਇ=ਹੁੰਦੀ ਅਰਥਾਤ ਸਾਰੀ ਜ਼ਿੰਦਗੀ ਵਿਕਾਰ ਭੋਗਦਿਆਂ ਹੀ ਲੰਘਾ ਦਿੰਦੇ ਹਨ ਤੇ ਅੰਤ ਨੂੰ ਦੁੱਖ ਪਾਉਂਦੇ ਹਨ ਅਤੇ ਜਿਸ ਭਜਨ ਸਿਮਰਨ ਨੇ ਅੰਤ ਨੂੰ ਸੁਖ ਦੇਣਾ ਹੈ, ਉਹ ਜਪ ਤਪ ਨੂੰ ਦੁੱਖ ਜਾਣ ਕੇ ਛੱਡ ਦਿੰਦੇ ਹਨ ਪਰ ਅੰਤ ਨੂੰ ਇਸੇ ਦੁਖ ਨੇ ਦਾਰੂ ਬਣਨਾ ਹੈ।

## ਸੁਖ ਦੁਖ ਸਮ ਕਰ ਜਾਣੀਅਹਿ
## ਸਬਦਿ ਭੇਦਿ ਸੁਖੁ ਹੋਇ॥੫॥

ਹੇ ਗੁਰਸਿੱਖੋ! ਐਸੀ ਅਵਸਥਾ ਬਣਾ ਲਵੋ ਕਿ ਜੇ ਸੁੱਖ ਪ੍ਰਾਪਤ ਹੋਣ ਤਾਂ ਸਮਝੋ ਕਿ ਮਹਾਰਾਜ ਨੇ ਸਾਡੇ 'ਤੇ ਕ੍ਰਿਪਾ ਕਰਕੇ ਸਾਡੇ ਪੁੰਨਾਂ ਬਦਲੇ ਦਿਤੇ ਹਨ। ਜੇ ਦੁੱਖ ਪ੍ਰਾਪਤ ਹੋਵੇ ਤਾਂ ਸਮਝੋ ਕਿ ਸਾਡੇ ਪਾਪਾਂ ਨੂੰ ਮਹਾਰਾਜ ਬਖਸ਼ਣ ਲੱਗੇ ਹੋਏ ਹਨ। ਸੁੱਖ-ਦੁੱਖ ਵਿਚ ਇਕੋ ਜਿਹੀ ਬਿਰਤੀ ਕਰਕੇ ਮਹਾਰਾਜ ਦੇ ਭਾਣੇ ਵਿਚ ਚੱਲਣਾ ਕਰੀਏ ਤੇ ਸੁੱਖ-ਦੁੱਖ ਨੂੰ ਸਮ=ਬਰਾਬਰ ਕਰਿ=ਕਰਕੇ ਜਾਣੀਅਹਿ=ਜਾਣੀਏ। ਸੁੱਖ ਵੇਲੇ ਹੰਕਾਰ ਵਿਚ ਨਾ ਆਈਏ ਤੇ ਦੁੱਖ ਵੇਲੇ ਪਰੇਸ਼ਾਨ ਨਾ ਹੋਈਏ ਤੇ ਪ੍ਰਮਾਤਮਾ ਨੂੰ ਦੋਸ਼ ਨਾ ਦੇਈਏ।

## ਬੇਦੁ ਪੁਕਾਰੇ ਵਾਚੀਐ
## ਬਾਣੀ ਬ੍ਰਹਮ ਬਿਆਸੁ॥

ਬ੍ਰਹਮ=ਪਰਮੇਸ਼ਰ ਦੇ ਕਥਨ ਕਰਨ ਵਾਲੀ ਜੋ ਬਿਆਸੁ=ਵਿਸਥਾਰ ਵਾਲੀ ਵੇਦ ਬਾਣੀ ਹੈ, ਜੇਕਰ ਉਸ ਵੇਦ ਬਾਣੀ ਨੂੰ ਪੜ੍ਹ ਕੇ ਵਾਚੀਐ=ਵਿਚਾਰੀਏ ਤਾਂ ਉਸ ਵਿਚ ਮਹਾਂਵਾਕ ਜੀਵ ਈਸ ਦੀ ਏਕਤਾ ਨੂੰ ਹੀ ਪੁਕਾਰ=ਪੁਕਾਰਦੇ ਹਨ ਅਥਵਾ ਜੇਕਰ ਵੇਦਾਂ ਨੂੰ ਪੁਕਾਰੇ=ਪੁਕਾਰਨ ਵਾਲੇ ਨਾਮਰਸੀਏ ਪੰਡਤਾਂ ਨੂੰ ਪੁੱਛੀਏ ਤਾਂ ਉਹ ਇਹੋ ਹੀ ਵਾਚੀਐ=ਵਾਚ ਕੇ ਦਸਦੇ ਹਨ ਕਿ ਜੋ ਬਿਆਸੁ=ਵਿਸਥਾਰ ਪੂਰਵਕ ਬ੍ਰਹਮ ਸਬੰਧੀ ਬਾਣੀ ਹੈ ਇਹ ਗਿਆਨ ਦਾ ਹੀ ਕਥਨ ਕਰਦੀ ਹੈ ਅਥਵਾ ਬ੍ਰਹਮਾ, ਜੋ ਵੇਦ ਬਾਣੀ ਨੂੰ ਵਾਚੀਐ ਵਿਚਾਰ ਕੇ ਲੋਕਾਂ ਨੂੰ ਉਸ ਦਾ ਸਿਧਾਂਤ ਪੁਕਾਰੇ=ਪੁਕਾਰ ਕੇ ਸੁਣਾਉਣਾ ਹੈ ਅਤੇ ਬਿਆਸ ਜੀ ਨੇ ਛੇ ਸ਼ਾਸਤਰਾਂ ਅਤੇ ਅਠਾਰ੍ਹਾਂ ਪੁਰਾਣਾਂ ਵਿਚ ਵਿਸਥਾਰ ਨਾਲ ਬੇਦੁ=ਬਿਆਨ ਨੂੰ ਹੀ ਕਥਨ ਕੀਤਾ ਹੈ।

## ਮੁਨਿ ਜਨ ਸੇਵਕ ਸਾਧਿਕਾ
## ਨਾਮਿ ਰਤੇ ਗੁਣਤਾਸੁ॥

ਮੁਨਿ=ਮੁਨੀ, ਮੰਨਣਸ਼ੀਲ ਮਹਾਤਮਾ ਜਨ=ਭਗਤ ਸੇਵਕ=ਸੇਵਾ ਕਰਨ ਵਾਲੇ ਅਤੇ ਸਾਧਿਕਾ=ਸਾਧਨ ਕਰਨ ਵਾਲੇ ਆਦਿ ਜੋ ਪਰਮੇਸ਼ਰ ਦੇ ਨਾਲ ਵਿਚ ਰੰਗੇ ਹੋਏ ਹਨ, ਉਹ ਸ਼ੁਭ ਗੁਣਾਂ ਦੇ ਤਾਸੁ=ਖਜ਼ਾਨੇ ਬਣ ਗਏ ਹਨ ਅਥਵਾ ਚਾਹੇ ਕੋਈ ਮੁਨੀ ਜਨ ਮਹਾਤਮਾ ਹੈ, ਚਾਹੇ ਸੇਵਾ ਕਰਨ ਵਾਲਾ ਸੇਵਕ ਹੈ, ਸਾਧਨ ਕਰਨ ਵਾਲਾ ਸਾਧਿਕ ਹੈ ਪਰ ਪਰਮੇਸ਼ਰ ਦੇ ਗੁਣਾਂ ਦਾ ਤਾਸੁ=ਖਜ਼ਾਨਾ ਉਨ੍ਹਾਂ ਨੂੰ ਹੀ ਪ੍ਰਾਪਤ ਹੋਇਆ ਹੈ ਜੋ ਪਰਮੇਸ਼ਰ ਦੇ ਨਾਮ ਵਿਚ ਰਤੇ=ਤਦਾਕਾਰ ਹੋਏ ਹਨ।

## ਸਚਿ ਰਤੇ ਸੇ ਜਿਣਿ ਗਏ
## ਹਉ ਸਦ ਬਲਿਹਾਰੈ ਜਾਸੁ॥੬॥

ਜਿਹੜੇ ਸੱਚੇ ਪਰਮੇਸ਼ਰ ਦੇ ਨਾਮ ਵਿਚ ਰਤੇ=ਰੰਗੇ ਹਨ, ਸੇ=ਉਹ ਮਨੁੱਖਾ ਜਨਮ ਦੀ ਬਾਜ਼ੀ ਜਿਣਿ=ਜਿੱਤ ਗਏ ਹਨ, ਹਉ=ਅਸੀਂ ਉਨ੍ਹਾਂ ਤੋਂ ਸਦਾ ਹੀ ਵਾ: ਸੈਂਕੜੇ ਵਾਰ ਬਲਿਹਾਰੈ=ਕੁਰਬਾਨ ਜਾਸੁ=ਜਾਂਦੇ ਹਾਂ।

## ਚਹੁ ਜੁਗਿ ਮੈਲੇ ਮਲੁ ਭਰੇ
## ਜਿਨ ਮੁਖਿ ਨਾਮੁ ਨ ਹੋਇ॥

ਜਿਨ੍ਹਾਂ ਦੇ ਮੁੱਖ ਵਿਚ ਪ੍ਰਭੂ ਦਾ ਨਾਮ ਨਹੀਂ, ਉਹ ਜੀਵ ਚਾਰੇ ਜੁਗਾਂ ਵਿਚ ਪਾਪਾਂ ਰੂਪ ਮਲੁ=ਮੈਲ ਦੇ ਭਰੇ ਹੋਏ ਮੈਲੇ ਹੋ ਰਹੇ ਹਨ। ਜੁੱਗ ਭਾਵੇਂ ਕੋਈ ਵੀ ਹੋਵੇ, ਜੇ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਨਹੀਂ ਤਾਂ ਪਾਪਾਂ ਦੀ ਮੈਲ ਦੂਰ ਨਹੀਂ ਹੋ ਸਕਦੀ। ਸਤਿਜੁਗ ਵਿਚ ਮਨੁੱਖ ਦੀ ਉਮਰ ਇਕ ਲੱਖ ਵਰ੍ਹੇ ਦੀ ਸੀ ਪਰ ਕਈ ਜੀਵ ਇੰਨੀ ਉਮਰ ਦੇ ਹੁੰਦਿਆਂ ਫਿਰ ਹੋਰ ਲੰਮੀ ਕਰਨ ਲਈ ਯੋਗ ਸਾਧਨਾ ਵਿਚ ਲੱਗੇ ਰਹੇ। ਤ੍ਰੇਤੇ ਵਿਚ 10 ਹਜ਼ਾਰ ਸਾਲ ਉਮਰ ਸੀ। ਇਹ ਯੱਗ ਕਰਕੇ ਉਨ੍ਹਾ ਦੇ ਹੰਕਾਰ ਵਿਚ ਹੀ ਫਸੇ ਰਹੇ। ਦੁਆਪਰ ਵਿਚ ਹਜ਼ਾਰ ਵਰ੍ਹੇ ਦੀ ਉਮਰ ਸੀ ਪਰ ਜੀਵ ਪੂਜਾ ਕਰਨ, ਟੱਲੀਆਂ ਖੜਕਾਉਣ ਵਿਚ ਹੀ ਲੱਗੇ ਰਹੇ। ਕਲਿਜੁਗ ਵਿਚ ਉਮਰ ਸੌ ਵ੍ਹਰੇ ਦੀ ਭਾਵ ਸਭ ਤੋਂ ਥੋੜ੍ਹੀ ਹੈ ਤੇ ਮੱਤ ਵੀ ਥੋੜ੍ਹੀ ਹੈ। ਫੇਰ ਜੀਵ ਕੋਲ ਚਾਰੇ ਜੁਗਾਂ ਦੀ ਇਕੱਠੀ ਕੀਤੀ ਹੋਈ ਪਾਪਾਂ ਰੂਪ ਮੈਲ ਹੈ ਜਿਸ ਨਾਲ ਅੰਤਸ਼ਕਰਣ ਮੈਲੇ ਹੋ ਰਹੇ ਹਨ। ਐਸੇ ਜੀਵ ਮੈਲ ਨਾਲ ਭਰੇ ਹੀ ਸੰਸਾਰ 'ਚੋਂ ਤੁਰ ਜਾਣਗੇ ਜਿਨ੍ਹਾਂ ਦੇ ਮੁੱਖ ਵਿਚ ਪ੍ਰਮੇਸ਼ਰ ਦਾ ਨਾਮ ਨਹੀਂ ਹੋਵੇਗਾ।

*(ਬਾਕੀ ਪੰਨਾ 50 'ਤੇ)*

# ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-49)*

## ਨਾਮ-ਸਿਮਰਨ ਦਾ ਸੰਜਮ

ਨਾਮ-ਪੂੰਜੀ ਦੀ ਕੌਣ ਸੰਭਾਲ ਕਰਦਾ ਹੈ? ਉਹ ਜਿਹੜਾ ਗੁਰੂ ਦੀ ਦਸੀ ਰਹਿਤ ਦਾ ਧਾਰਨੀ ਹੈ, ਗੁਰੂ ਦੇ ਦਸੇ ਸੰਜਮ ਵਿਚ ਜੀਵਨ ਢਾਲਦਾ ਹੈ। ਉਹ ਜਿਹੜਾ ਮਨੁੱਖੀ ਸਰੀਰ-ਘਰ ਵਿਚ ਸੁਚੇਤ ਰਹਿੰਦਾ ਹੈ। ਪਰਾਏ ਰੂਪ ਨੂੰ ਵਿਕਾਰੀ ਅੱਖਾਂ ਨਾਲ ਵੇਖਣਾ, ਨਿੰਦਿਆ ਸੁਣਨਾ, ਜੀਭ ਦਾ ਮਿੱਠੇ ਸੁਆਦਾਂ ਵਿਚ ਲੀਨ ਹੋਣਾ, ਮਨ ਦਾ ਮਾਇਆ ਦੇ ਅਸਚਰਜ ਤਾਮਸ਼ਿਆਂ ਵਿਚ ਸੁਤੇ ਰਹਿਣਾ, ਗਿਆਨ-ਇੰਦ੍ਰਿਆਂ ਦਾ ਆਪੋ ਆਪਣੇ ਚਸਕਿਆਂ ਵਿਚ ਮਸਤ ਰਹਿਣਾ, ਅਜਿਹੀ ਹਾਲਤ ਵਿਚ ਇਸ ਸੁੰਞੇ ਘਰ ਨੂੰ ਪੰਜ ਡਾਕੂ ਹਰ ਸਮੇਂ ਲੁਟਦੇ ਰਹਿੰਦੇ ਹਨ। ਇਸ ਅਵਸਥਾ ਵਿਚ ਇਨ੍ਹਾਂ ਡਾਕੂਆਂ ਤੋਂ ਨਾ ਪਿਉ ਬਚਾ ਸਕਦਾ ਹੈ, ਨਾ ਮਾਂ। ਨਾਹੀ ਮਿੱਤਰ, ਨਾ ਕੋਈ ਭਰਾ। ਇਹ ਪੰਜੇ ਡਾਕੂ ਨਾ ਧਨ ਨਾਲ ਵਰਜੇ ਜਾ ਸਕਦੇ ਹਨ, ਨਾ ਚਤੁਰਾਈ ਨਾਲ। ਕੇਵਲ ਸਾਧ-ਸੰਗਤਿ ਵਿਚ ਨਾਮ-ਸਿਮਰਨ ਕਰਨ ਨਾਲ ਹੀ ਇਨ੍ਹਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਇਨ੍ਹਾਂ ਕਾਮਾਦਿਕ ਡਾਕੂਆਂ ਦੇ ਹੱਲਿਆਂ ਤੋਂ ਓਹੀ ਮਨੁੱਖ ਸੁਚੇਤ ਹੁੰਦਾ ਹੈ ਜਿਸ ਤੇ ਪਰਮਾਤਮਾ ਦੀ ਦਇਆ ਹੁੰਦੀ ਹੈ। ਉਸ ਦੀ ਆਤਮਕ ਰਾਸ-ਪੂੰਜੀ ਸਾਰੀ ਦੀ ਸਾਰੀ ਬਚੀ ਰਹਿੰਦੀ ਹੈ। ਉਸ ਪਾਸ ਨਾਮ-ਧਨ ਸਰਮਾਇਆ ਬਚਿਆ ਰਹਿੰਦਾ ਹੈ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ੨ ॥*
*ਉਨ ਤੇ ਰਾਖੈ ਬਾਪੁ ਨ ਮਾਈ ॥*
*ਉਨ ਤੇ ਰਾਖੈ ਮੀਤੁ ਨ ਭਾਈ ॥*
*ਦਰਬਿ ਸਿਆਣਪ ਨਾ ਓਇ ਰਹਤੇ ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ ॥ ੩ ॥*
*ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥*
*ਸੰਤਨ ਧੂਰਿ ਸਰਬ ਨਿਧਾਨ ॥*
*ਸਾਬਤੁ ਪੂੰਜੀ ਸਤਿਗੁਰ ਸੰਗਿ ॥*
*ਨਾਨਕ ਜਾਗੈ ਪਾਰਬ੍ਰਹਮ ਕੈ ਰੰਗਿ ॥ ੪ ॥*
*ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥*
*ਇਹ ਪੂੰਜੀ ਸਾਬਤੁ ਧਨੁ ਮਾਲੁ ॥ ੧ ॥ ਰਹਾਉ ਦੂਜਾ ॥*

*ਅੰਗ- ੧੮੨*

**ਸਿਮਰਨ ਦੇ ਸਾਧਨ -** ਨਾਮ-ਜਪੁ ਸਿਮਰਨ ਫਲੀਭੂਤ ਹੋਵੇ, ਇਸ ਲਈ ਇਕ ਵਿਸ਼ੇਸ਼ ਸੰਜਮ ਤੇ ਸਾਧਨਾ ਹੈ ਜਿਸ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨਿਮਨ ਸ਼ਬਦ ਵਿਚ ਕਰਦੇ ਦਸਦੇ ਹਨ ਕਿ ਸਰੀਰ ਭਾਂਡੇ ਨੂੰ ਪਵਿੱਤਰ ਰੱਖ ਕੇ ਹੀ ਨਾਮ-ਅੰਮ੍ਰਿਤ ਦੀ ਸੰਭਾਲ ਹੁੰਦੀ ਹੈ। ਫੁਰਮਾਨ ਹੈ -

*ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥*
*ਦੂਧੁ ਕਰਮ ਫੁਨਿ ਸੁਰਤਿ ਸਮਾਇਣੁ*
*ਹੋਇ ਨਿਰਾਸ ਜਮਾਵਹੁ ॥ ੧ ॥*
*ਜਪਹੁ ਤ ਏਕੋ ਨਾਮਾ ॥*
*ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥*

*ਅੰਗ- ੭੨੮*

ਜਿਵੇਂ ਮੱਖਣ ਹਾਸਲ ਕਰਨ ਲਈ ਪਹਿਲਾਂ ਭਾਂਡੇ ਨੂੰ ਚੰਗੀ ਤਰ੍ਹਾਂ ਧੋ ਕੇ, ਧੂਪ ਦੇ ਕੇ ਫਿਰ ਉਸ ਵਿਚ ਦੁੱਧ ਪਾਉਂਦੇ ਹਾਂ, ਫਿਰ ਜਾਗ ਲਾ ਕੇ ਉਸ ਨੂੰ ਜਮਾਂਦੇ ਹਾਂ। ਇਸ ਤਰ੍ਹਾਂ ਅੰਮ੍ਰਿਤ-ਨਾਮ ਪ੍ਰਾਪਤੀ ਲਈ ਹਿਰਦੇ ਨੂੰ ਪਵਿੱਤਰ ਕਰਕੇ ਮਨ ਨੂੰ ਵਾਸ਼ਨਾਵਾਂ ਤੋਂ ਰੋਕੋ। ਰੋਜ਼ ਦੀ ਕਿਰਤ, ਵਿਹਾਰ ਦੁੱਧ ਹੈ, ਪ੍ਰਭੂ ਚਰਨਾਂ ਵਿਚ ਹਰ ਸਮੇਂ ਸੁਰਤਿ ਜੋੜੀ ਰਖਣੀ (ਕਿਰਤ ਕਰਦਿਆਂ) ਇਹ ਜਾਗ ਲਾਣੀ ਹੈ। ਕਿਰਤ ਕਰਦਿਆਂ ਆਸ਼ਾਵਾਂ ਤੋਂ ਉਪਰ ਉਠੋ, ਮਾਇਆ ਵਲੋਂ ਉਪਰਾਮ ਹੋਵੋ-ਪ੍ਰਮਾਤਮਾ ਪ੍ਰਾਪਤੀ ਦਾ ਇਕੋ ਇਕ ਸਾਧਨ ਨਾਮ-ਜਪ-ਸਿਮਰਨ ਹੈ। ਸਿਮਰਨ ਤੋਂ ਬਿਨਾਂ ਹੋਰ ਸਾਰੇ ਸਾਧਨ, ਉਦਮ, ਹੀਲੇ ਵਿਅਰਥ ਹਨ।

*ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥*
*ਰਸਨਾ ਨਾਮੁ ਜਪਹੁ ਤਬ ਮਥੀਐ*
*ਇਨ ਬਿਧਿ ਅੰਮ੍ਰਿਤੁ ਪਾਵਹੁ ॥* *ਅੰਗ- ੭੨੮*

ਮਨ ਦੀਆਂ ਈਟੀਆਂ ਨੂੰ ਘੁੱਟ ਕੇ ਫੜੋ, ਮਨ ਨੂੰ ਕਾਬੂ ਵਿਚ ਰੱਖੋ ਅਤੇ ਧਿਆਨ ਰੱਖੋ ਕਿਤੇ ਮਾਇਆ ਦੇ ਮੋਹ ਦੀ ਨੀਂਦ ਦਾ ਮਨ ਤੇ ਪ੍ਰਭਾਵ ਨਾਂਹ ਪਵੇ। ਇਹ ਹੈ ਨੇਤ੍ਰਾ। ਜੀਭ ਨਾਲ ਪ੍ਰਮਾਤਮਾ ਦਾ ਨਾਮ ਜਪੋ। ਜਿਉਂ-ਜਿਉਂ ਨਾਮ ਜਪੋਗੇ, ਤਿਉਂ-ਤਿਉਂ ਕਿਰਤ ਰੂਪ ਦੁੱਧ ਰੜਕੀਂਦਾ ਰਹੇਗਾ ਤੇ ਸਹਿਜੇ ਸਹਿਜੇ ਨਾਮ ਅੰਮ੍ਰਿਤ ਪ੍ਰਾਪਤ ਹੋ ਜਾਵੇਗਾ।

*ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ*
*ਭਾਵਨ ਪਾਤੀ ਤ੍ਰਿਪਤਿ ਕਰੇ ॥*
*ਪੂਜਾ ਪ੍ਰਾਣ ਸੇਵਕੁ ਜੇ ਸੇਵੇ*
*ਇਨ੍ ਬਿਧਿ ਸਾਹਿਬੁ ਰਵਤੁ ਰਹੈ ॥* ਅੰਗ - ੭੨੮

ਪੁਜਾਰੀ ਮੂਰਤੀ ਨੂੰ ਡੱਬੇ ਵਿਚ ਪਾਉਂਦਾ ਹੈ। ਤੁਸੀਂ ਮਨ ਨੂੰ ਡੱਬਾ ਬਣਾਉ, ਉਸ ਵਿਚ ਨਾਮ ਟਿਕਾ ਕੇ ਰੱਖੋ, ਸਾਧ ਸੰਗਤਿ ਸਰੋਵਰ ਵਿਚ ਨਾਮ-ਇਸ਼ਨਾਨ ਕਰੋ, ਮਨ ਵਿਚ ਟਿਕੇ ਪ੍ਰਭੂ ਨੂੰ ਸ਼ਰਧਾ-ਭਾਵਨਾ ਦੇ ਪੱਤਰਾਂ ਨਾਲ ਪ੍ਰਸੰਨ ਕਰੋ। ਜੋ ਜੀਵ ਆਪਾ-ਭਾਵ ਛੱਡ ਕੇ, ਅਪੱਣਤ ਛੱਡ ਕੇ, ਅੰਦਰ ਵਸਦੇ ਪ੍ਰਭੂ ਦੀ ਸੇਵਾ ਕਰੇ ਤਾਂ ਉਹ ਜੀਵ ਮਾਲਕ ਨਾਲ ਸਦਾ ਮਿਲਿਆ ਰਹਿੰਦਾ ਹੈ -

*ਕਹਦੇ ਕਹਹਿ ਕਹੇ ਕਹਿ ਜਾਵਹਿ*
*ਤੁਮ ਸਰਿ ਅਵਰੁ ਨ ਕੋਈ ॥*
*ਭਗਤਿ ਹੀਣੁ ਨਾਨਕੁ ਜਨੁ ਜੰਪੈ*
*ਹਉ ਸਾਲਾਹੀ ਸਚਾ ਸੋਈ ॥* ਅੰਗ- ੭੨੮

ਸਿਮਰਨ ਤੋਂ ਬਿਨਾਂ ਹੋਰ ਤਰੀਕੇ ਦੱਸਣ ਵਾਲੇ ਕਰਮ ਕਾਂਡ ਦਸਦੇ-ਦਸਦੇ ਆਪਣਾ ਜੀਵਨ ਸਮਾਂ ਵਿਅਰਥ ਗਵਾ ਕੇ ਚਲੇ ਜਾਂਦੇ ਹਨ। ਤੇਰੇ ਸਿਮਰਨ ਵਰਗਾ ਹੋਰ ਉੱਦਮ ਕੋਈ ਨਹੀਂ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਭਗਤੀ ਤੋਂ ਸੱਖਣਾ ਤੇਰਾ ਦਾਸ ਇਹੀ ਬੇਨਤੀ ਕਰਦਾ ਹੈ ਕਿ ਸੱਚੇ ਪ੍ਰਭੂ ਦੀ ਸਦਾ ਸਿਫਤਿ-ਸਾਲਾਹ ਕਰਦਾ ਰਹਾਂ।

ਨਾਮ-ਸਿਮਰਨ ਐਸੀ ਜੀਵਨ-ਜਾਚ ਹੈ ਜਿਸ ਵਿਚ ਮਨ, ਸਰੀਰ ਅਤੇ ਸਰੀਰ ਦੇ ਸਾਰੇ ਅੰਗਾਂ ਦੀ ਕਿਰਿਆ ਅਰਥਾਤ ਅੱਖਾਂ, ਕੰਨ, ਜੀਭ ਸਭ ਨੇ ਨਾਮ-ਸੰਜਮ ਵਿਚ ਰਹਿਣਾ ਹੈ। ਅਨੰਦ ਸਾਹਿਬ ਵਿਚ ਗੁਰੂ ਅਮਰਦਾਸ ਜੀ ਸਰੀਰ ਨੂੰ ਮਨ ਨੂੰ, ਨੇਤਰਾਂ ਨੂੰ, ਜੀਭਾ ਨੂੰ, ਕੰਨਾਂ ਨੂੰ ਬੜੇ ਪਿਆਰੇ ਤੇ ਮਿੱਠੇ ਸ਼ਬਦਾਂ ਰਾਹੀਂ ਸੰਬੋਧਨ ਕਰਦੇ ਵਿਕਾਰਾਂ ਤੋਂ ਸੰਕੋਚ ਕਰਨ ਅਤੇ ਨਾਮ-ਸਿਮਰਨ ਦਾ ਆਤਮਕ ਰਸ ਮਾਣਨ ਦੀ ਪ੍ਰੇਰਨਾ ਕਰਦੇ ਹਨ -

*ਸਰੀਰ : ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥*
(ਅੰਗ-੯੧੭)

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥*
ਅੰਗ- ੯੨੧

**ਨੇਤਰ :**

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥*
ਅੰਗ- ੯੨੨

*ਸਰਵਣ : (ਕੰਨ)*
*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥*
*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥*
*ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥*
*ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ*
*ਸਾਚੈ ਸੁਨਣੈ ਨੋ ਪਠਾਏ ॥* ਅੰਗ - ੯੨੨

*ਰਸਨਾ - (ਜੀਭਾ)*
*ਏ ਰਸਨਾ ਤੂ ਅਨ ਰਸਿ ਰਾਚਿ ਰਹੀ*
*ਤੇਰੀ ਪਿਆਸ ਨ ਜਾਇ ॥*
*ਪਿਆਸ ਨ ਜਾਇ ਹੋਰਤੁ ਕਿਤੈ*
*ਜਿਚਰੁ ਹਰਿ ਰਸੁ ਪਲੈ ਨ ਪਾਇ ॥*
*ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ*
*ਬਹੁੜਿ ਨ ਤ੍ਰਿਸਨਾ ਲਾਗੈ ਆਇ ॥* ਅੰਗ- ੯੨੧

*ਮਨ -*
*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*
ਅੰਗ- ੯੧੮

ਨਾਮ-ਸਿਮਰਨ ਤਦ ਹੀ ਸਫਲ ਹੈ ਜੇ ਪੂਰਾ ਮਨੁੱਖ ਪੂਰੇ ਤਨ ਅਤੇ ਮਨ ਨੂੰ ਇਸ ਮਾਰਗ ਦਾ ਪਾਂਧੀ ਬਣਾਵੇ। ਇਸ ਵਿਚ ਵਿਖਾਵੇ ਅਤੇ ਪਾਖੰਡ ਦੀ ਕੋਈ ਥਾਂ ਨਹੀਂ। ਸੁਖਮਨੀ ਸਾਹਿਬ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨਾਮ-ਅਭਿਆਸ ਲਈ ਪੂਰੇ ਸਰੀਰ ਅਤੇ ਮਨ ਦਾ ਸੰਜਮ ਦਸਦੇ ਹਨ -

*ਮਿਥਿਆ ਨਾਹੀ ਰਸਨਾ ਪਰਸ ॥*
*ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥*
*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*
*ਸਾਧ ਕੀ ਟਹਲ ਸੰਤਸੰਗਿ ਹੇਤ ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*
*ਸਭ ਤੇ ਜਾਨੈ ਆਪਸ ਕਉ ਮੰਦਾ ॥*
*ਗੁਰ ਪ੍ਰਸਾਦਿ ਬਿਖਿਆ ਪਰਹਰੈ ॥*
*ਮਨ ਕੀ ਬਾਸਨਾ ਮਨ ਤੇ ਟਰੈ ॥*
*ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥*
*ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥* ਅੰਗ- ੨੭੪

ਨਾਮ-ਸਿਮਰਨ ਲਈ ਪੂਰੀ ਸ਼ਖਸੀਅਤ ਗੁਰੂ ਆਸ਼ੇ ਅਨੁਸਾਰ ਢਾਲਣੀ ਚਾਹੀਦੀ ਹੈ। ਸਾਦਾ ਅਤੇ ਥੋੜ੍ਹੀ ਖੁਰਾਕ, ਥੋੜ੍ਹਾ ਸੌਣਾ, ਨਸ਼ਿਆਂ ਤੋਂ ਦੂਰ ਰਹਿਣਾ, ਸੰਤੋਖੀ

ਜੀਵਨ, ਦਇਆ ਦ੍ਰਿਸ਼ਟੀ ਅਤੇ ਤ੍ਰੈ-ਗੁਣ ਅਤੀਤ ਹੋਣਾ ਨਾਮ ਦਾ ਸੰਜਮ ਹੈ -

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰ ਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥*
*(ਪਾਤਸ਼ਾਹੀ ੧੦)*

ਜੀਭ ਦੇ ਸੁਆਦਾਂ ਵਿਚ ਪੈਣ ਨਾਲ ਨਾਮ-ਰਸ ਨਹੀਂ ਆਉਂਦਾ, ਸਗੋਂ ਰੋਗਾਂ ਵਿਚ ਵਾਧਾ ਹੁੰਦਾ ਹੈ -

*ਅਧਿਕ ਸੁਆਦ ਰੋਗ ਅਧਿਕਾਈ*
*ਬਿਨੁ ਗੁਰ ਸਹਜੁ ਨ ਪਾਇਆ ॥ ਅੰਗ - ੧੨੫੫*

ਨਿਰਭਉ ਅਤੇ ਨਿਰਵੈਰ ਹੋ ਕੇ ਨਾਮ-ਜਪਣਾ ਚਾਹੀਦਾ ਹੈ। ਨਿੰਦਿਆ ਚੁਗਲੀ ਤੋਂ ਦੂਰ ਰਹਿਣਾ ਚਾਹੀਦਾ ਹੈ। ਜਦ ਰਸਨਾ ਨਾਲ ਨਾਮ ਜਪਣਾ ਹੈ ਅਤੇ ਕੰਨਾਂ ਨਾਲ ਸੁਣਨਾ ਹੈ ਤਾਂ ਨਿੰਦਿਆ ਲਈ ਨਾ ਸਮਾਂ ਹੋਣਾ ਚਾਹੀਦਾ ਹੈ, ਨਾ ਜੀਭਾ, ਨਾ ਕੰਨਾਂ ਨੂੰ ਫਾਲਤੂ ਗੱਲਾਂ ਕਰਨ ਅਤੇ ਸੁਣਨ ਦੀ ਵਿਹਲ। ਗੁਰੂ ਜੀ ਨੇ ਬੜੀ ਕਰੜੀ ਤਾੜਨਾ ਕੀਤੀ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ- ੭੫੫*

ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਮਨੁੱਖ ਕਈ ਜਨਮਾਂ ਤੋਂ ਵੈਰ-ਵਿਰੋਧ, ਕਾਮ, ਕ੍ਰੋਧ, ਮੋਹ, ਝੂਠ ਵਿਕਾਰ, ਲੋਭ ਅਤੇ ਧ੍ਰੋਹ ਆਦਿਕ ਵਿਕਾਰਾਂ ਵਿਚ ਫਸਿਆ ਇਸ ਜਨਮ ਵਿਚ ਆਇਆ ਹੈ। ਹੇ ਪ੍ਰਭੂ! ਤੂੰ ਇਸ ਦੀ ਰੱਖਿਆ ਕਰ, ਇਸ ਨੂੰ ਵਿਕਾਰਾਂ ਤੋਂ ਬਚਾ ਅਤੇ ਨਾਮ-ਸਿਮਰਨ ਦੀ ਦਾਤ ਬਖਸ਼ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ- ੨੬੮*

ਜੇ ਸੰਸਕਾਰਾਂ ਅਧੀਨ ਮੁੜ ਇਨ੍ਹਾਂ ਵਿਕਾਰਾਂ ਵਸ ਹੀ ਰਹਿਣਾ ਹੈ, ਤਾਂ ਜਨਮ-ਮਰਨ ਦਾ ਗੇੜ ਬਣਿਆ ਰਹੇਗਾ। ਸੋ ਉਚਿਤ ਹੈ ਕਿ ਗੁਰੂ ਦੀ ਸ਼ਰਨ ਪੈ ਕੇ ਮਨ ਰਾਹੀਂ, ਬਚਨਾਂ ਰਾਹੀਂ ਅਤੇ ਸਾਰੀ ਸਰੀਰਕ ਕਿਰਿਆ ਰਾਹੀਂ ਨਾਮ-ਸਿਮਰਨ ਵਿਚ ਜੁੱਟ ਜਾਈਏ ਤੇ ਸਦਾ ਅਨੰਦ ਸਦਾ-ਸਹਿਜ ਅਤੇ ਸਦਾ ਵਿਗਾਸ ਦੀ ਅਵਸਥਾ ਵਿਚ ਸੁਖ ਮਾਣੀਏ।

*'ਚਲਦਾ....।'*

*(ਪੰਨਾ 47 ਦੀ ਬਾਕੀ)*

**ਭਗਤੀ ਭਾਇ ਵਿਹੂਣਿਆ**
**ਮੁਹੁ ਕਾਲਾ ਪਤਿ ਖੋਇ॥**

ਜੋ ਭਾਇ=ਪ੍ਰੇਮਾ-ਭਗਤੀ ਤੋਂ ਵਿਹੂਣਿਆ=ਵਾਂਝੇ ਹਨ, ਉਨ੍ਹਾਂ ਦਾ ਪਰਲੋਕ ਵਿ ਮੁਹੁ=ਮੂੰਹ ਕਾਲਾ ਹੁੰਦਾ ਹੈ ਵਾ: ਕਾਲੇ ਮੂੰਹ ਵਾਲੇ ਭਿਆਨਕ ਜਮਦੂਤ ਉਨ੍ਹਾਂ ਨੂੰ ਲੈ ਕੇ ਜਾਂਦੇ ਹਨ ਅਤੇ ਉਨ੍ਹਾਂ ਦੀ ਪਤਿ=ਇੱਜ਼ਤ ਖੋਈ ਜਾਂਦੀ ਹੈ ਵਾ: ਉਹ ਕਾਲ ਦੇ ਮੂੰਹ ਵਿਚ ਪੈਂਦੇ ਹਨ।

**ਜਿਨੀ ਨਾਮੁ ਵਿਸਾਰਿਆ**
**ਅਵਗਣ ਮੁਠੀ ਰੋਇ॥੭॥**

ਜਿਨੀ=ਜਿਸ ਨੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਵਿਸਾਰਿਆ=ਭੁਲਾ ਦਿਤਾ ਹੈ, ਉਹ ਜੀਵ ਰੂਪ ਇਸਤ੍ਰੀ ਅਵਗਣ=ਗੁਨਾਹਾਂ ਕਰਕੇ ਮੁਠੀ=ਲੁੱਟੀ ਗਈ ਹੈ ਤੇ ਰੋਂਦੀ ਰਹਿੰਦੀ ਹੈ ਵਾ: ਔਗੁਣਾਂ ਦੀ ਮੁਠੀ=ਲੁੱਟੀ ਹੋਈ ਪਰਲੋਕ ਨੂੰ ਰੋਂਦੀ ਜਾਂਦੀ ਹੈ।

**ਖੋਜਤ ਖੋਜਤ ਪਾਇਆ**
**ਡਰੁ ਕਰਿ ਮਿਲੈ ਮਿਲਾਇ॥**

ਵੇਦਾਂ ਤੇ ਸ਼ਾਸਤਰਾਂ ਨੂੰ ਖੋਜਦਿਆਂ ਸਤਿਸੰਗਤ ਵਿਚ ਖੋਜੀ ਬਣ ਕੇ ਗੁਰਾਂ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਜਿਹੜੇ ਪ੍ਰਮੇਸ਼ਰ ਦਾ ਭੈ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਫਿਰ ਸਤਿਗੁਰੂ ਜੀ ਉਨ੍ਹਾਂ ਨੂੰ ਪਰਮੇਸ਼ਰ ਨਾਲ ਮਿਲਾ ਦਿੰਦੇ ਹਨ।

**ਆਪੁ ਪਛਾਣੈ ਘਰਿ ਵਸੈ**
**ਹਉਮੈ ਤ੍ਰਿਸਨਾ ਜਾਇ॥**

ਜੋ ਸਤਿਸੰਗਤ ਰੂਪ ਘਰ ਵਿਚ ਵਸਦੇ ਹਨ, ਉਹ ਆਪਣੇ ਆਤਮ ਸਰੂਪ ਨੂੰ ਪਛਾਣ ਲੈਂਦੇ ਹਨ ਵਾ: ਜੋ ਆਪਣੇ ਆਪ ਨੂੰ ਪਛਾਣ ਲੈਂਦੇ ਹਨ, ਉਹ ਸਰੂਪ ਰੂਪੀ ਘਰ ਵਿਚ ਵਸਦੇ ਹਨ। ਫਿਰ ਉਨ੍ਹਾਂ ਦੀ ਹਉਮੈ=ਹੰਗਤਾ ਅਤੇ ਰਸਾਂ ਕਸਾਂ ਵਾ: ਭੋਗਾਂ ਦੀ ਤ੍ਰਿਸ਼ਨਾ ਚਲੀ ਜਾਂਦੀ ਹੈ।

**ਨਾਨਕ ਨਿਰਮਲ ਉਜਲੇ**
**ਜੋ ਰਾਤੇ ਹਰਿ ਨਾਇ॥੮॥੭॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਹ ਪੁਰਖ ਨਿਰਮਲ=ਪਾਪਾਂ ਦੀ, ਮਾਇਆ ਦੀ ਮੈਲ ਤੋਂ ਰਹਿਤ ਹਨ। ਉਨ੍ਹਾਂ ਦਾ ਹੀ ਲੋਕ ਪ੍ਰਲੋਕ ਵਿਚ ਮੁੱਖ ਉਜਲਾ ਹੁੰਦਾ ਹੈ ਜੋ ਅਕਾਲ ਪੁਰਖ ਵਾਹਿਗੁਰੂ ਦੇ ਨਾਇ=ਨਾਮ ਵਿਚ ਰਾਤੇ=ਰੰਗੇ ਹੋਏ ਹਨ ਅਥਵਾ ਜੋ ਨਿਰਮਲ=ਮਲ ਮਾਇਆ ਤੋਂ ਰਹਿਤ ਪਰਮੇਸ਼ਰ ਦੇ ਨਾਮ ਵਿਚ ਰੱਤੇ ਹੋਏ ਹਨ, ਉਨ੍ਹਾਂ ਦਾ ਮਨ ਉੱਜਲ ਹੋ ਜਾਂਦਾ ਹੈ ਵਾ: ਉਹ ਲੋਕ ਪਰਲੋਕ ਵਿਚ ਉੱਜਲ ਮੁੱਖ ਵਾਲੇ ਹੁੰਦੇ ਹਨ।

*ਚਲਦਾ..........।'*

# ਸਾਕਾ ਸਰਹੰਦ

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ*

ਪਰਮ ਸਨਮਾਨ ਯੋਗ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਗੁਰੂ ਕਲਗੀਧਰ ਸੱਚੇ ਪਾਤਸ਼ਾਹ ਜੀ ਚਮਕੌਰ ਦੀ ਗੜ੍ਹੀ ਵਿਚੋਂ 22 ਦਸੰਬਰ ਸੰਨ 1704 ਦੀ ਰਾਤ ਨੂੰ ਨਿਕਲੇ ਹਨ ਤੇ ਆਪਣੇ ਨਾਲ ਪੰਜਾਂ ਪਿਆਰਿਆਂ ਵਿਚੋਂ ਦੋ ਪਿਆਰੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਇਹਨਾਂ ਤੋਂ ਇਲਾਵਾ ਇੱਕ ਸਿੱਖ ਭਾਈ ਸਾਹਿਬ ਭਾਈ ਮਾਨ ਸਿੰਘ ਜੀ ਨੂੰ ਨਾਲ ਲਿਆ। ਤੁਰਨ ਤੋਂ ਪਹਿਲਾਂ ਭਾਈ ਸੰਗਤ ਸਿੰਘ ਜੀ ਦੇ ਸੀਸ ਉਤੇ ਆਪਣੀ ਦਸਤਾਰ ਬੰਨ੍ਹੀ, ਆਪਣੇ ਵਲੋਂ ਕਲਗੀ ਸਜਾਈ। ਕ੍ਰਿਪਾਲੂ ਦਾਤਾ ਜੀ ਜਦੋਂ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ ਤਾਂ ਚਰਨਾਂ ਵਿਚ ਜੋੜਾ ਨਹੀਂ, ਕੋਲ ਥੱਲੇ ਨੀਲਾ ਘੋੜਾ ਨਹੀਂ। ਮੇਰੀ ਸੱਚੀ ਸਰਕਾਰ ਨੇ ਕਿਹਾ, ਭਾਈ ਦਇਆ ਸਿੰਘ ਜੀ, ਭਾਈ ਮਾਨ ਸਿੰਘ ਜੀ, ਇਸ ਤਾਰੇ ਦੀ ਸੇਧ 'ਤੇ ਮੈਨੂੰ ਮਿਲਿਉ, ਆਪਾਂ ਪਰਤ ਕੇ ਇਕੱਠੇ ਹੋਵਾਂਗੇ। ਤਿੰਨੇ ਸਿੱਖ ਵੱਖ-ਵੱਖ ਨਿਕਲੇ ਹਨ।

ਕ੍ਰਿਪਾਲੂ ਦਾਤਾ ਜੀ ਤੁਰਦੇ ਹੋਏ ਮਾਛੀਵਾੜੇ ਜਿਥੇ ਗੁਰਦੁਆਰਾ ਚਰਨ ਕਮਲ ਹੈ, ਇੱਥੇ ਕਦੀ ਬਾਗ਼ ਸੀ ਭਾਈ ਗੁਲਾਬੇ ਤੇ ਭਾਈ ਪੰਜਾਬੇ ਦਾ। ਇਹ ਗੁਰੂ ਘਰ ਦੇ ਮਸੰਦ ਸਨ। ਅੱਜ ਮੇਰੇ ਦਾਤਾ ਕਈ ਦਿਨਾਂ ਦੇ ਥੱਕੇ ਹੋਏ ਬਾਗ਼ ਵਿਚ ਗਏ। ਅੱਜ ਇੱਧਰ ਕਕਰੀਲੀ ਪੋਹ ਦੀ ਰਾਤ ਹੈ। ਇਹ ਪਤਾ ਨਹੀਂ ਕਿ ਮੇਰੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਕਿੱਥੇ ਹੋਣਗੇ, ਮੇਰੀ ਬੁੱਢੜੀ ਮਾਂ ਕਿੱਥੇ ਹੋਵੇਗੀ, ਸਭ ਕੁਝ ਭੁਲਾ ਕੇ ਅੱਜ ਤਾਰਿਆਂ ਦੀ ਛਾਵੇਂ ਦੋ ਪੁੱਤਰ ਕੁਰਬਾਨ ਕਰਕੇ ਉਸ ਪਿਆਰੇ ਨੂੰ ਮੁਖ਼ਾਤਬ ਕਰਕੇ ਇਕ ਰੱਬੀ ਗੀਤ ਗਾਇਆ ਹੈ। ਉਹ ਗੀਤ ਤੁਸੀ ਕੀਰਤਨ ਵਿਚ ਸੁਣਦੇ ਹੋ -

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*

ਕੋਈ ਗਿਲਾ ਨਹੀਂ, ਕੋਈ ਸ਼ਿਕਵਾ ਨਹੀਂ, ਮੇਰੇ ਦਾਤੇ ਨੇ ਰੱਬ ਨੂੰ ਕੋਈ ਉਲ੍ਹਾਮਾ ਨਹੀਂ ਦਿਤਾ। ਸ਼ਬਦ ਕਹੇ ਕਿ ਮੇਰੇ ਪਿਆਰੇ ਮਿੱਤਰ ਅਕਾਲ ਪੁਰਖ ਨੂੰ ਮੇਰਾ ਸੰਦੇਸ਼ਾ ਦੇ ਦਿਉ। ਸਿਆਲ ਦੀ ਕਕਰੀਲੀ ਰਾਤ ਹੈ, ਚਾਰ-ਚੁਫੇਰੇ ਲੋਕ ਆਪਣੇ ਘਰਾਂ ਵਿਚ ਰਜ਼ਾਈਆਂ ਦਾ ਨਿੱਘ ਪਏ ਮਾਣਦੇ ਹਨ। ਅੱਜ ਮੈਂ ਸੱਥਰ 'ਤੇ ਪਿਆ ਹਾਂ, ਸਿਰਹਾਣੇ ਮੈਂ ਟਿੰਡ ਨੂੰ ਰੱਖਿਆ ਹੈ, ਸੀਨੇ ਨਾਲ ਮੈਂ ਆਪਣੀ ਕਿਰਪਾਨ ਨੂੰ ਲਾਇਆ ਹੈ, ਮੇਰੇ ਪਿਆਰੇ ਮਿੱਤਰ ਨੂੰ ਕਹਿ ਦੇਈਂ ਕਿ ਮੈਂ ਪੁੱਤਰਾਂ ਦੇ ਜਾਣ ਤੋਂ ਬਾਅਦ ਸੱਥਰਾਂ 'ਤੇ ਸੌਂ ਕੇ ਟਿੰਡਾਂ ਦੇ ਸਿਰਹਾਣੇ ਬਣਾ ਕੇ ਮੈਂ ਤੇਰਾ ਸ਼ੁਕਰ ਕਰਾਂਗਾ। ਤੇਰੇ ਬਾਝੋਂ ਮੇਰੇ ਮਾਲਕਾ, ਨਿੱਘੀਆਂ ਰਜ਼ਾਈਆਂ ਰੋਗ ਹਨ, ਤੇਰੇ ਤੋਂ ਬਿਨਾਂ ਸੁਰਾਹੀਆਂ ਤੇ ਪਿਆਲੇ ਖੰਜਰ ਹਨ, ਤੇਰੇ ਤੋਂ ਬਿਨਾਂ ਜ਼ਿੰਦਗੀ ਜੀਉਣਾ ਕਸਾਈਆਂ ਦਾ ਬਿੰਗ ਸਹਿਣਾ ਹੈ। ਮੈਨੂੰ ਟਿੰਡ ਦਾ ਸਿਰਾਹਣਾ ਦੇ ਦੇਈਂ, ਮੈਨੂੰ ਤੂੰ ਸੱਥਰਾਂ ਦਾ ਵਿਛਾਉਣਾ ਦੇ ਦੇਈਂ, ਮੈਨੂੰ ਪੁੱਤਰਾਂ ਦੀਆਂ ਲਾਸ਼ਾਂ ਦੇਖਣ ਦੇ ਨਜ਼ਾਰੇ ਦੇ ਦੇਈਂ, ਮੈਨੂੰ ਭੁੱਖ ਤੇ ਪਿਆਸ ਦੇ ਦੇਈਂ ਪਰ ਕਦੀ ਉਹ ਦਿਨ ਨਾ ਲੈ ਕੇ ਆਂਈ ਜਿਸ ਦਿਨ ਮੇਰੇ ਦਾਤਿਆ, ਮੈਂ ਤੇਰੇ ਚਰਨਾਂ ਤੋਂ ਟੁੱਟ ਜਾਵਾਂ। ਕਹਿਣ ਲੱਗੇ -

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ*
*ਨਾਗ ਨਿਵਾਸਾ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ॥*
*(ਖਿਆਲ ਪਾ: ੧੦)*

ਸਾਹਿਬ ਰਾਤ ਸੁੱਤੇ ਹਨ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਲਿਖਦੇ ਹਨ ਕਿ ਦਾਤੇ ਦੇ ਅੰਗੂਠੇ ਦੇ ਉਪਰ ਇਕ ਛੱਲਾ ਸੀ। ਜਦੋਂ ਤੀਰ ਚਲਾਉਂਦੇ ਸਨ ਤਾਂ ਉਸ ਛੱਲੇ ਨਾਲ ਤੀਰ ਦੀ ਨੋਕ ਨੂੰ ਪਿਛਲੇ ਪਾਸੇ ਫੜਨਾ। ਉਸ ਛੱਲੇ ਵਿਚ ਹੀਰਿਆਂ ਦੀਆਂ ਲਿਸ਼ਕਾਂ ਚਮਕਦੀਆਂ ਸਨ। ਪਿਆਰੇ ਭਾਈ ਦਇਆ ਸਿੰਘ, ਪਿਆਰੇ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਤੁਰੇ ਜਾਂਦੇ ਹਨ ਤਾਰਿਆਂ ਦੀ ਸੇਧ ਉੱਪਰ। ਦੇਖਿਆ ਕਿ ਦੂਰੋਂ ਉਸ ਛੱਲੇ ਵਿਚੋਂ ਹੀਰੇ ਚਮਕੇ ਹਨ। ਜਦੋਂ ਹੀਰਿਆਂ ਦੀ ਚਮਕ ਦੇਖੀ ਤਾਂ ਪਿਆਰੇ ਭਾਈ ਦਇਆ ਸਿੰਘ ਕਹਿੰਦੇ ਹਨ, ਇੰਝ ਲੱਗਦਾ ਹੈ ਕਿ ਕੋਈ ਸਰੀਰ ਟਿੰਡ ਦਾ ਸਿਰਹਾਣਾ ਕਰਕੇ ਪਿਆ ਹੈ। ਕੋਲ ਹੋਏ ਤਾਂ ਗੁਰੂ ਜੀ ਨੂੰ ਵੇਖ ਕੇ ਪ੍ਰਸੰਨ ਹੋਏ।

ਸਾਹਿਬ ਕ੍ਰਿਪਾਲੂ ਦੇ ਕੋਲ ਆਏ ਤਾਂ ਉਸ ਵੇਲੇ ਹਜ਼ੂਰ ਭਾਵੇਂ ਗੂੜ੍ਹੀ ਨੀਂਦ ਵਿਚ ਹਨ, ਪਰ ਸੁੱਤਿਆਂ ਵੀ ਪਿਆਰੇ ਦੀ ਯਾਦ ਵਿਚ ਜੁੜੇ ਹੋਏ ਹਨ। ਕ੍ਰਿਪਾਲੂ ਦਾਤਾ ਜੀ ਦੇ ਚਰਨਾਂ ਵਿਚ ਛਾਲੇ ਸਨ। ਮੇਰੇ ਬਾਬੇ ਦਾ ਜਾਮਾ ਝਾੜੀਆਂ ਨਾਲ ਅੜ ਕੇ ਲੀਰੋ ਲੀਰ ਹੋ ਚੁੱਕਾ

ਸੀ। ਪਿਆਰੇ ਭਾਈ ਦਇਆ ਸਿੰਘ ਕਹਿੰਦੇ ਹਨ ਕਿ ਆਵਾਜ਼ ਨਾ ਦਿਉ, ਅੱਜ ਮੇਰੇ ਸਾਈਂ ਨੂੰ ਰੱਜ ਕੇ ਨੀਂਦ ਮਾਨਣ ਦਿਉ। ਆਵਾਜ਼ ਨਾ ਦਿਤੀ, ਪਰ ਇੰਨੇ ਵੱਡੇ ਗੁਰਸਿੱਖ ਕੋਲੋਂ ਨਾ ਰਿਹਾ ਗਿਆ, ਕਲਗੀ ਵਾਲੇ ਦੇ ਚਰਨ ਫੜੇ, ਆਪਣੇ ਸੀਸ ਨੂੰ ਝੁਕਾਇਆ, ਅੱਖਾਂ ਦੇ ਨੀਰ ਨਾਲ ਚਰਨ ਧੋ ਦਿਤੇ ਤੇ ਜਦੋਂ ਚਰਨਾਂ ਨੂੰ ਚੁੰਮਿਆ ਤਾਂ ਹਜ਼ੂਰ ਨੇ ਇਕੋ ਦਮ ਸਿਰੀ ਸਾਹਿਬ ਨੂੰ ਹੱਥ ਪਾਇਆ। ਕਹਿਣ ਲੱਗੇ ਕੌਣ? ਤੇ ਦੇਖਿਆ ਕੋਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਖਲੋਤੇ ਹਨ। ਕਹਿੰਦੇ ਹਨ ਕਿ ਕਦੀ ਭਾਈ ਮਾਨ ਸਿੰਘ ਦੀਆਂ ਅੱਖਾਂ ਵਿਚ ਪਾਣੀ ਨਹੀਂ ਸੀ ਆਇਆ ਪਰ ਕਲਗੀ ਵਾਲੇ ਦੀ ਇਸ ਹਾਲਤ ਨੂੰ ਦੇਖ ਕੇ ਮਾਨ ਸਿੰਘ ਜੀ ਦੀਆਂ ਅੱਖਾਂ ਨੀਰ ਨਾਲ ਛਲਕ ਗਈਆਂ। ਮੇਰੇ ਦਾਤੇ ਨੇ ਇਕ-ਇਕ ਨੂੰ ਘੁੱਟ ਕੇ ਗਲੇ ਨਾਲ ਲਾਇਆ, ਪਿਆਰ ਦਿਤਾ ਤੇ ਅਸੀਸਾਂ ਨਾਲ ਨਿਵਾਜਿਆ। ਫਿਰ ਕਿਹਾ ਮਾਨ ਸਿੰਘ ਜੀ! ਪਿਆਸ ਲੱਗੀ ਹੈ ਕਿਤੇ ਪਾਣੀ ਦਾ ਪ੍ਰਬੰਧ ਹੋ ਸਕਦਾ ਹੈ?

ਭਾਈ ਵੀਰ ਸਿੰਘ ਲਿਖਦੇ ਹਨ ਕਿ ਮੋਢੇ ਉਪਰ ਚੁੱਕਿਆ ਭਾਈ ਮਾਨ ਸਿੰਘ ਨੇ ਤੇ ਖੂਹ ਦੇ ਕੋਲ ਲੈ ਗਏ। ਟਿੰਡ ਦੇ ਨਾਲ ਪਾਣੀ ਬਾਹਰ ਕੱਢਿਆ। ਉਸ ਵੇਲੇ ਪਿਆਰੇ ਭਾਈ ਦਇਆ ਸਿੰਘ ਨੇ ਆਪਣੇ ਹੱਥਾਂ ਦੇ ਨਾਲ ਜਲ ਛਕਾਇਆ, ਪਰ ਜ਼ੁਬਾਨ ਤੋਂ ਕੁਝ ਨਹੀਂ ਬੋਲੇ। ਹਜ਼ੂਰ ਨੇ ਕਿਹਾ, ਪਿਆਰੇ ਭਾਈ ਦਇਆ ਸਿੰਘ! ਅੱਜ ਅਸੀਂ ਟਿਕ ਕੇ ਬਾਣੀ ਸੁਣਾਂਗੇ ਤੇ ਤੁਸੀਂ ਸਾਰਾ ਨਿਤਨੇਮ ਸਾਨੂੰ ਆਪਣੀ ਰਸਨਾ ਤੋਂ ਸੁਣਾਉ। ਚੌਂਕੜਾ ਮਾਰ ਕੇ ਬਾਗ਼ ਵਿਚ ਬੈਠ ਗਏ। ਭਾਈ ਦਇਆ ਸਿੰਘ ਨੇ ਬਾਣੀ ਪੜ੍ਹਨੀ ਸ਼ੁਰੂ ਕੀਤੀ। ਕਲਗੀ ਵਾਲੇ ਸਰੂਰ ਵਿਚ ਆਏ। ਹਜ਼ੂਰ ਕ੍ਰਿਪਾਲੂ ਜੀ ਨੇ ਬਾਣੀ ਸੁਣੀ। ਇਥੇ ਗੁਲਾਬੇ ਦਾ ਨੌਕਰ ਆਇਆ। ਉਸ ਨੇ ਦੇਖਿਆ ਕਿ ਬਾਗ਼ ਵਿਚ ਚਾਰ ਜਣੇ ਬੈਠੇ ਹਨ। ਘਰ ਗਿਆ ਤੇ ਦੱਸਿਆ ਕਿ ਅੱਜ ਬਾਗ਼ ਵਿਚ ਚਾਰ ਸਰੀਰ ਆਏ ਹਨ। ਉਹਨਾਂ ਵਿਚੋਂ ਇਕ ਦੇ ਤਾਂ ਤਨ ਦੇ ਕੱਪੜੇ ਵੀ ਲੀਰੋ ਲੀਰ ਹਨ ਅਤੇ ਉਹਨਾਂ ਦੇ ਪੈਰਾਂ ਵਿਚ ਛਾਲੇ ਹਨ। ਜਦੋਂ ਨੌਕਰ ਨੇ ਦੱਸਿਆ ਤਾਂ ਗੁਲਾਬਾ ਤੇ ਪੰਜਾਬਾ ਆਏ। ਦੇਖਿਆ ਕਿ ਇਹ ਤਾਂ ਕਲਗੀ ਵਾਲਾ ਦਾਤਾ ਹੈ। ਆ ਕੇ ਨਮਸਕਾਰ ਕੀਤੀ। ਇੰਨੀ ਦੇਰ ਨੂੰ ਇਕ ਘਰ ਗਿਆ। ਸਿਆਲ ਦੇ ਦਿਨ ਸਨ, ਦੁੱਧ ਵਿਚ ਛਵਾਰੇ ਪਾ ਕੇ ਦੁੱਧ ਗਰਮ ਕਰਕੇ ਲਿਆਇਆ। ਮੇਰੇ ਕ੍ਰਿਪਾਲੂ ਦਾਤਾ ਜੀ ਦੇ ਚਰਨਾਂ ਵਿਚ ਰੱਖ ਕੇ ਮੱਥਾ ਟੇਕ ਕੇ ਕਿਹਾ, ਸੱਚੀ ਸਰਕਾਰ ਜੀ! ਇਸ ਨੂੰ ਆਪ ਜੀ ਛਕੋ। ਹਜ਼ੂਰ ਨੇ ਛਕਿਆ, ਤਿੰਨਾਂ ਸਿੰਘਾਂ ਨੇ ਵੀ ਛਕਿਆ। ਸਾਰਾ ਦਿਨ ਉਸ ਬਾਗ ਵਿਚ ਬਤੀਤ ਕੀਤਾ।

ਸ਼ਾਮ ਦਾ ਵੇਲਾ ਹੋਇਆ ਤਾਂ ਗੁਲਾਬੇ ਨੇ ਕਿਹਾ, ਸੱਚੀ ਸਰਕਾਰ ਜੀ! ਤੁਸੀਂ ਸਾਡੇ ਘਰ ਚੱਲੋ। ਤੁਹਾਡੀਆਂ ਦਿਤੀਆਂ ਦਾਤਾਂ ਵਿਚੋਂ ਚੁਬਾਰੇ ਹਨ, ਉੱਚੇ ਮਹਿਲ ਹਨ, ਤੁਸੀਂ ਘਰ ਵਿਚ ਵਸੇਬਾ ਕਰੋ। ਸਾਹਿਬ ਕਹਿਣ ਲੱਗੇ ਗੁਲਾਬੇ, ਦੇਖ ਸਾਨੂੰ ਘਰ ਵਿਚ ਲਿਜਾਉਗੇ ਤਾਂ ਹੋ ਸਕਦਾ ਹੈ, ਤੁਹਾਨੂੰ ਮੁਸ਼ਕਿਲ ਹੋਵੇ। ਅਸੀਂ ਰਾਤ ਇਸੇ ਬਾਗ਼ ਵਿਚ ਰਹਾਂਗੇ। ਸਵੇਰੇ ਦਿਨ ਚੜ੍ਹੇਗਾ, ਤਾਂ ਜਿਸ ਪਾਸੇ ਸਾਨੂੰ ਰਸਤਾ ਮਿਲੇਗਾ, ਅਸੀਂ ਚਲੇ ਜਾਣਾ ਹੈ। ਮੈਂ ਇਕ ਗੱਲ ਤੈਨੂੰ ਦੱਸਾਂ ਕਿ ਜੇ ਤੂੰ ਕਹਿੰਦਾ ਹੈ ਤਾਂ ਤੇਰੇ ਘਰ ਜਾਵਾਂਗੇ ਜ਼ਰੂਰ ਪਰ ਸਿਦਕ ਨੂੰ ਡੋਲਣ ਨਾ ਦੇਈਂ। ਭਾਈ ਗੁਲਾਬਾ ਤੇ ਪੰਜਾਬਾ ਹਜ਼ੂਰ ਨੂੰ ਘਰ ਲੈ ਗਏ। ਚੁਬਾਰੇ ਵਿਚ ਨਿਵਾਸ ਦਿਤਾ। ਸ਼ਾਮ ਵੇਲੇ ਪਾਤਸ਼ਾਹ ਨੇ ਆਵਾਜ਼ ਦਿਤੀ, ਗੁਲਾਬੇ! ਤੈਨੂੰ ਪਤਾ ਹੈ ਮੈਂ ਮਾਛੀਵਾੜੇ ਕਿਉਂ ਆਇਆ ਹਾਂ? ਪੁੱਛਿਆ ਸੱਚੀ ਸਰਕਾਰ ਕਿਉਂ? ਇਹ ਡਾਕਟਰ ਬਲਬੀਰ ਸਿੰਘ ਨੇ ਲੰਮੀ ਨਦਰ ਵਿਚ ਲਿਖਿਆ ਹੈ। ਕਹਿੰਦੇ ਹਨ, ਇਥੇ ਇਕ ਨਿਹਾਲਾ ਖੱਤਰੀ ਹੈ, ਉਸ ਦੀ ਮਾਂ ਦਾ ਨਾਮ ਗੁਰਦਈ ਹੈ। ਉਸ ਦੀ ਬੁਢੇਪੇ ਵਿਚ ਨਜ਼ਰ ਕਮਜ਼ੋਰ ਸੀ। ਉਸ ਨੇ ਆਪਣੇ ਹੱਥਾਂ ਨਾਲ ਸੂਤ ਕੱਤਿਆ ਹੈ। ਸੂਤ ਕੱਤ ਕੇ ਉਸ ਨੇ ਇਕ ਬਸਤਰ ਬਣਾਇਆ ਹੈ। ਸੱਚ ਜਾਣੀ, ਉਹ ਅਰਦਾਸਾਂ ਕਰਦੀ ਸੀ ਦਾਤਾ, ਅੱਖਾਂ ਵਿਚ ਜੋਤ ਨਹੀਂ, ਪੈਰਾਂ ਵਿਚ ਬਲ ਨਹੀਂ, ਹੱਥ ਕੰਬਦੇ ਪਏ ਹਨ ਪਰ ਮੇਰਾ ਬਸਤਰ ਪ੍ਰਵਾਨ ਕਰ ਲਈਂ। ਤੁਸੀਂ ਮਾਈ ਗੁਰਦਈ ਨੂੰ ਲੈ ਕੇ ਆਉ, ਮੈਂ ਮਾਛੀਵਾੜੇ ਉਸ ਮਾਂ ਦਾ ਬਸਤਰ ਲੈਣ ਲਈ ਆਇਆ ਹਾਂ।

ਭਾਈ ਗੁਲਾਬਾ ਨਿਹਾਲੇ ਦੇ ਘਰ ਗਿਆ ਤੇ ਜਾ ਕੇ ਆਵਾਜ਼ ਦਿਤੀ ਨਿਹਾਲਿਆ। ਘਰ ਹੈਂ? ਉੱਤਰ ਮਿਲਿਆ ਕੌਣ? ਕਹਿਣ ਲੱਗਾ ਗੁਲਾਬਾ! ਨਿਹਾਲਾ ਕਹਿਣ ਲੱਗਾ, ਇਸ ਵੇਲੇ ਕਿਵੇਂ? ਗੁਲਾਬੇ ਨੇ ਪੁੱਛਿਆ ਕਿ ਮਾਈ ਜਾਗਦੀ ਹੈ? ਕਹਿਣ ਲੱਗਾ ਕਿ ਰਾਤ ਸੌਂਦੀ ਨਹੀਂ, ਕੱਪੜਾ ਰੱਖ ਕੇ ਅਰਦਾਸਾਂ ਹੀ ਕਰੀ ਜਾਂਦੀ ਹੈ। ਤਾਂ ਗੁਲਾਬਾ ਹੱਸ ਕੇ ਕਹਿਣ ਲੱਗਾ ਕਿ ਰੌਲਾ ਨਾ ਪਾਈਂ, ਮੇਰਾ ਕਲਗੀ ਵਾਲਾ ਮੇਰੇ ਘਰ ਆਇਆ ਹੈ ਤੇ ਤੇਰੀ ਮਾਂ ਦਾ ਬੁਣਿਆ ਹੋਇਆ ਕੱਪੜਾ ਉਸ ਨੇ ਆਪ ਮੰਗਿਆ ਹੈ। ਮਾਈ ਦੇ ਕੰਨਾ ਵਿਚ ਆਵਾਜ਼ ਪਈ ਤਾਂ ਪੁੱਛਣ ਲੱਗੀ ਕਿ ਕੀ ਗੁਰੂ ਜੀ ਆਏ ਹਨ? ਹਾਂ ਮਾਂ, ਤੇਰਾ ਬਸਤਰ ਲੈਣ ਲਈ ਆਏ ਹਨ। ਮਾਤਾ ਉਸੇ ਵੇਲੇ ਭਾਈ ਗੁਲਾਬੇ ਪੰਜਾਬੇ ਦੇ ਘਰ ਗਈ। ਜਾ ਕੇ ਕੱਪੜਾ ਰੱਖ ਕੇ ਮੱਥਾ ਟੇਕਿਆ, ਹੇ ਮੇਰੀ ਸੱਚੀ ਸਰਕਾਰ! ਤੇਰੀ ਕ੍ਰਿਪਾ ਨਾਲ ਬਸਤਰ ਤਿਆਰ ਕੀਤਾ ਹੈ। ਮੈਂ ਕਿਵੇਂ ਤੇਰਾ ਧੰਨਵਾਦ ਕਰਾਂ ਜਿਹੜਾ ਤੂੰ ਮੇਰਾ ਬਸਤਰ ਪ੍ਰਵਾਨ ਕਰਨ ਆਇਆ ਹੈਂ। ਅੱਖਾਂ ਭਰ ਲਈਆਂ। ਹਜ਼ੂਰ ਨੇ

ਕਿਹਾ ਮਾਂ! ਬੈਰਾਗ ਕਿਉਂ? ਕਹਿਣ ਲੱਗੀ, ਬਸ ਮੈਨੂੰ ਜ਼ਿੰਦਗੀ ਦੀ ਮੰਜ਼ਿਲ ਮਿਲ ਗਈ ਹੈ। ਹੁਣ ਕ੍ਰਿਪਾ ਕਰ, ਮੈਂ ਇਸ ਜਰਜਰੇ ਸਰੀਰ ਨੂੰ ਛੱਡ ਕੇ ਚਲੀ ਜਾਵਾਂ, ਮੇਰੀ ਅੰਤਲੀ ਖਾਹਿਸ਼ ਹੀ ਇਹ ਸੀ।

ਸਿੱਖ ਵਿਦਵਾਨ ਕਹਿੰਦੇ ਹਨ ਕਿ ਕੱਪੜਾ ਰੱਖ ਕੇ ਮਾਈ ਗੁਰਦਈ ਨੇ ਮੱਥਾ ਟੇਕਿਆ ਤੇ ਇਕੋ ਦਮ ਉਸ ਦੇ ਪ੍ਰਾਣ ਪੰਖੇਰੂ ਉੱਡ ਗਏ ਸਨ। ਗੁਰੂ ਜੀ ਹੱਸ ਕੇ ਕਹਿਣ ਲੱਗੇ, ਮਾਂ! ਤੇਰੀ ਯਾਤਰਾ ਸਫ਼ਲ ਹੋ ਗਈ ਹੈ, ਅੱਜ ਤੂੰ ਮਾਲਕ ਦੇ ਘਰ ਪਹੁੰਚ ਗਈ ਹੈਂ। ਮਾਈ ਦਾ ਸਸਕਾਰ ਕੀਤਾ ਗਿਆ। ਹਜ਼ੂਰ ਚੁਬਾਰੇ ਵਿਚ ਹੀ ਰਹਿ ਰਹੇ ਹਨ।

ਹੁਣ ਇਧਰ ਸਰਹੰਦ ਭਾਣੇ ਵਾਪਰਨ ਲੱਗੇ ਹਨ। ਸਾਹਿਬ ਕ੍ਰਿਪਾਲੂ ਜੀ ਮਾਛੀਵਾੜੇ ਦੀ ਧਰਤੀ ਉੱਪਰ ਗੁਲਾਬੇ ਦੇ ਘਰ ਰੁਕੇ ਹਨ। ਅੱਜ ਦੁਪਹਿਰ ਵੇਲੇ ਗੁਲਾਬਾ ਤੇ ਪੰਜਾਬਾ ਦੋਨੋਂ ਆਏ ਹਨ। ਕੁਝ ਕੁ ਮਾਇਆ ਇਹਨਾਂ ਦੇ ਥਾਲ ਵਿਚ ਰੱਖੀ, ਕੁਝ ਕੁ ਮਿੱਠਾ ਰੱਖਿਆ। ਇਸ ਦਾ ਮਤਲਬ ਸੀ ਕਿ ਕਲਗੀ ਵਾਲਿਆ, ਤੁਸੀਂ ਸਾਡੇ ਘਰ ਨੂੰ ਛੱਡ ਕੇ ਚਲੇ ਜਾਉ, ਤੁਹਾਡੀ ਖਾਤਰ ਕਿਤੇ ਸਾਡੇ ਬੱਚੇ ਨਾ ਪੀੜ ਦਿਤੇ ਜਾਣ। ਸਤਿਗੁਰਾਂ ਨੇ ਥਾਲੀ 'ਤੇ ਹੱਥ ਰੱਖਿਆ ਤੇ ਕਹਿ ਦਿਤਾ, ਗੁਲਾਬਿਆ, ਸਿਰਫ ਮੈਨੂੰ ਕੁਝ ਪਹਿਰ ਰਹਿਣ ਦਿਉ। ਰਾਤ ਆਵੇਗੀ ਤਾਂ ਮੈਂ ਤੁਹਾਡੇ ਘਰ ਨੂੰ ਛੱਡ ਕੇ ਚਲਾ ਜਾਵਾਂਗਾ। ਭਾਈ ਦਇਆ ਸਿੰਘ ਚੁੱਪ ਕਰ ਗਏ। ਭਾਈ ਧਰਮ ਸਿੰਘ ਖਾਮੋਸ਼ ਹੋ ਗਏ। ਭਾਈ ਮਾਨ ਸਿੰਘ ਕੁਝ ਨਹੀਂ ਬੋਲੇ।

ਇੰਨੀ ਦੇਰ ਨੂੰ ਗ਼ਨੀ ਖਾਂ ਤੇ ਨਬੀ ਖ਼ਾਂ ਜੋ ਬਾਹਰ ਗਏ ਹੋਏ ਸਨ, ਅੱਜ ਘਰ ਆਏ ਤਾਂ ਇਹਨਾਂ ਦੀ ਛੋਟੀ ਜਿਹੀ ਇਕ ਧੀ ਹੈ। ਜਦੋਂ ਅਜੇ ਘੋੜਿਆਂ ਦੇ ਵਪਾਰੀ ਸਨ ਤਾਂ ਆਨੰਦਪੁਰ ਜਾਂਦੇ ਸਨ ਤੇ ਕਲਗੀ ਵਾਲੇ ਦੇ ਕੋਲ ਘੋੜੇ ਵੇਚਦੇ ਸਨ। ਦੋਨੋਂ ਭਰਾ ਘੋੜਿਆਂ ਦਾ ਵਪਾਰ ਕਰਕੇ ਉਸ ਘਰ ਵਿਚ ਆਏ ਤੇ ਉਸ ਨਿੱਕੀ ਜਿਹੀ ਬੱਚੀ ਨੇ ਆਉਂਦਿਆਂ ਸਾਰ ਪਿਤਾ ਦੀਆਂ ਲੱਤਾਂ ਨੂੰ ਫੜ ਕੇ ਕਿਹਾ, ਅੱਬੂ! ਤੂੰ ਕੁਝ ਸੁਣਿਆ ਹੈ? ਪੁੱਛਿਆ ਕੀ? ਕਹਿਣ ਲੱਗੀ, ਜਿਸ ਗੁਰੂ ਦੀਆਂ ਰੋਜ਼ ਸਾਖੀਆਂ ਸੁਣਾਉਂਦੇ ਸੀ, ਅਸੀਂ ਸੁਣਿਆ ਹੈ ਕਿ ਉਸ ਗੁਰੂ ਦਾ ਆਨੰਦਪੁਰ ਉਜੜ ਗਿਆ ਹੈ। ਅਸੀਂ ਸੁਣਿਆ ਹੈ ਕਿ ਗੁਰੂ ਚਮਕੌਰ ਵਿਚੋਂ ਨਿਕਲ ਗਿਆ ਹੈ। ਪਤਾ ਨਹੀਂ ਅੱਜ ਕਿੱਥੇ ਹੋਵੇਗਾ? ਭਾਈ ਗਨੀ ਖਾਂ ਨਬੀ ਖ਼ਾਂ ਦੀਆ ਰਗਾਂ ਥੱਲੋਂ ਪਾਣੀ ਨਹੀਂ ਉਤਰਿਆ। ਕਹਿੰਦੇ ਹਨ ਦਾਤਾ! ਅਸੀਂ ਤਾਂ ਤੇਰੇ ਘਰ ਵਿਚ ਵਪਾਰੀ ਬਣ ਕੇ ਜਾਂਦੇ ਸਾਂ ਤੇ ਜੇ ਕਿਤੇ ਤੂੰ ਸਾਨੂੰ ਮਿਲ ਜਾਏਂ ਤਾਂ ਅਸੀਂ ਆਪਣਾ ਸਿਰ ਭੇਟ ਕਰਕੇ ਸੇਵਾ ਕਰਾਂਗੇ। ਅਸੀਂ ਕਿੰਨੇ ਅਭਾਗੇ ਹਾਂ। ਜਿਹੜੇ ਤੇਰੀਆਂ ਅੱਖਾਂ ਸਾਹਮਣੇ ਸ਼ਹੀਦ ਹੋਏ, ਉਹ ਭਾਗਾਂ ਵਾਲੇ ਹਨ। ਕਿਤੇ ਸਾਨੂੰ ਵੀ ਮੌਕਾ ਮਿਲ ਜਾਏ ਤੇਰੇ ਚਰਨਾਂ ਦੀ ਸੇਵਾ ਕਰਨ ਦਾ।

ਘਰੋਂ ਬਾਹਰ ਗਲੀ ਵਿਚ ਖਲੋਤੇ ਹਨ ਕਿ ਇੰਨੀ ਦੇਰ ਨੂੰ ਗੁਲਾਬਾ ਆ ਗਿਆ। ਗਨੀ ਖਾਂ ਨੂੰ ਪਤਾ ਸੀ ਕਿ ਇਹ ਮਸੰਦ ਹੈ। ਆਵਾਜ਼ ਦਿੱਤੀ ਗੁਲਾਬਿਆ, ਤੈਨੂੰ ਪਤਾ ਹੈ ਕਿ ਕਲਗੀ ਵਾਲੇ ਕਿੱਥੇ ਹਨ? ਅੱਗੋਂ ਉਤਰ ਦਿਤਾ, ਉੱਚੀ ਨਾ ਬੋਲੋ। ਉਹ ਕਹਿਣ ਲੱਗੇ ਸਾਨੂੰ ਦੱਸ ਤਾਂ ਸਹੀ। ਗੁਲਾਬਾ ਕਹਿੰਦਾ ਹੈ ਕਿ ਮੈਂ ਤਾਂ ਮੁਸੀਬਤ ਆਪਣੇ ਗਲੇ ਪਾ ਲਈ ਹੈ। ਪੁੱਛਿਆ ਕੀ ਹੋਇਆ? ਕਹਿੰਦਾ ਹੈ, ਮੇਰੇ ਬਾਗ਼ ਵਿਚ ਆਏ ਸਨ ਤੇ ਮੈਂ ਘਰ ਲੈ ਆਇਆ। ਪਤਾ ਨਹੀਂ ਉਹ ਕਦੋਂ ਜਾਣ, ਪਰ ਮੈਂ ਅੱਜ ਵਿਦਿਆ ਕਰਨ ਲਈ ਮਾਇਆ ਭੇਟ ਕਰ ਦਿਤੀ ਹੈ।

ਗਨੀ ਖ਼ਾਂ ਨਬੀ ਖ਼ਾਂ ਦੋਨੋਂ ਭਰਾ ਇਹ ਸੁਣ ਕੇ ਬੜੇ ਖੁਸ਼ ਹੋਏ। ਪਿੱਛੇ ਨਹੀਂ ਦੇਖਿਆ ਤੇ ਉਸੇ ਸਮੇਂ ਚੁਬਾਰੇ ਵਿਚ ਗਏ ਤੇ ਜਾ ਕੇ ਮੱਥਾ ਟੇਕ ਕੇ ਕਿਹਾ, ਹੇ ਕਲਗੀ ਵਾਲਿਆ। ਸਾਨੂੰ ਸ਼ਹਾਦਤ ਤਾਂ ਨਹੀਂ ਮਿਲੀ, ਪਰ ਹੁਣ ਤੁਸੀਂ ਕ੍ਰਿਪਾ ਕਰੋ ਤੇ ਸਾਡੇ ਘਰ ਰਹੋ। ਅਸੀਂ ਦੋਨੋਂ ਭਰਾ ਜਿੰਨੀ ਦੇਰ ਤੱਕ ਜੀਉਂਦੇ ਹਾਂ, ਤੇਰੇ ਤਨ ਦੇ ਨੇੜੇ ਕਿਸੇ ਦੁਸ਼ਮਣ ਨੂੰ ਆਉਣ ਨਹੀਂ ਦੇਵਾਂਗੇ। ਹਜ਼ੂਰ ਨੇ ਕਿਹਾ, ਗਨੀ ਖ਼ਾਂ ਨਬੀ ਖ਼ਾਂ ਬੇਟਾ, ਇਹ ਤੁਹਾਡੀ ਸ਼ਰਧਾ ਤੇ ਪਿਆਰ ਹੈ। ਜਦੋਂ ਬਾਗ਼ ਵਿਚੋਂ ਮੈਨੂੰ ਗੁਲਾਬਾ ਲੈ ਕੇ ਆਇਆ ਸੀ ਤਾਂ ਅਸੀਂ ਇਸਨੂੰ ਕਿਹਾ ਸੀ ਕਿ ਸਾਨੂੰ ਇਥੇ ਹੀ ਰਹਿਣ ਦੇ। ਅਸੀਂ ਤਾਂ ਮਾਈ ਗੁਰਦਈ ਦੀ ਭਾਵਨਾ ਲਈ ਆਏ ਹਾਂ। ਦੋਨੋਂ ਭਰਾ ਰੋ ਪਏ। ਦਾਤਾ! ਸਾਡੇ ਉਪਰ ਭਰੋਸਾ ਕਰ। ਅਸੀਂ ਤੇਰੀ ਸੇਵਾ ਕਰਨੀ ਚਾਹੁੰਦੇ ਹਾਂ। ਦੋਨੋਂ ਭਰਾ ਰਾਤ ਨੂੰ ਗੁਰੂ ਕਲਗੀ ਵਾਲੇ ਨੂੰ ਆਪਣੇ ਘਰ ਲੈ ਗਏ।

ਤੇਜ਼ ਹਵਾ ਚਲਦੀ ਪਈ ਸੀ। ਹਵਾ ਨੂੰ ਮੁਖਾਤਿਬ ਕਰਕੇ ਭਾਈ ਨੰਦ ਲਾਲ ਜੀ ਨੇ ਇਕ ਸ਼ੇਅਰ ਕਿਹਾ ਸੀ। ਕਹਿੰਦੇ ਹਨ ਐ ਤੇਜ਼ ਚੱਲਣ ਵਾਲੀਏ ਹਵਾ! ਤੈਨੂੰ ਪਤਾ ਹੈ ਮੈਂ ਗੁਰੂ ਕਲਗੀ ਵਾਲੇ ਦਾ ਸਿੱਖ ਹਾਂ। ਮੈਂ ਦੁਨੀਆਂ ਦਾ ਹਰ ਸੁੱਖ ਠੁਕਰਾ ਕੇ ਇਸ ਦੇ ਭਾਂਡੇ ਮਾਂਜਣੇ ਸ਼ੁਰੂ ਕੀਤੇ ਹਨ। ਮੈਂ ਇਸ ਦੇ ਕੂਕਰਾਂ ਤੋਂ ਵੀ ਭੈੜਾ ਹਾਂ, ਪਰ ਇਕ ਕੰਮ ਕਰੀਂ ਕਿ ਮੇਰੀ ਮੌਤ ਤੋਂ ਬਾਅਦ ਮੇਰੇ ਤਨ ਦੀ ਜਦੋਂ ਚਿੱਖਾ ਬਣੇ, ਚਿੱਖਾ ਨੂੰ ਲਾਂਬੂ ਲੱਗੇ ਤੇ ਤਨ ਦੀ ਰਾਖ ਜਦੋਂ ਬਣੇ ਤਾਂ ਮੇਰੀ ਰਾਖ ਉਤੋਂ ਤੇਜ਼ ਨਾ ਚੱਲੀਂ। ਮੇਰੀ ਮੜੀ ਦੀ ਸੁਆਹ ਨੂੰ ਕਿਸੇ ਦੂਜੇ ਦੇ ਦਰਵਾਜ਼ੇ 'ਤੇ ਨਾ ਸੁੱਟੀਂ। ਮੈਂ ਚਾਹੁੰਦਾ ਹਾਂ ਕਿ ਮੇਰੇ ਮਰਨ ਤੋਂ ਬਾਅਦ ਮੇਰੀ ਮੜੀ ਦੀ ਸੁਆਹ ਵੀ

ਕਲਗੀ ਵਾਲੇ ਦੇ ਬੂਹੇ ਵਿਚ ਪਈ ਰਹੇ। ਭਾਈ ਗਨੀ ਖ਼ਾਂ ਤੇ ਭਾਈ ਨਬੀ ਖ਼ਾਂ ਦੀਆਂ ਕਬਰਾਂ ਬੋਲ ਕੇ ਕਹਿੰਦੀਆਂ ਹਨ ਕਿ ਸਾਡੇ ਅਖੀਰ ਦੇ ਤਨ, ਸਾਡਾ ਅੰਤਲਾ ਸਮਾਂ, ਸਾਡੀ ਕਬਰ ਵੀ ਗੁਰੂ ਦੇ ਬੂਹੇ ਵਿਚ ਬਣਾਇਉ, ਅਸੀਂ ਜੀਉਂਦਿਆਂ ਵੀ ਕਲਗੀ ਵਾਲੇ ਦੇ ਬੂਹੇ ਵਿਚ ਹਾਂ ਤੇ ਅਸੀਂ ਮਰ ਕੇ ਵੀ ਇਸ ਦੇ ਬੂਹੇ ਵਿਚ ਰਹਿਣਾ ਚਾਹੁੰਦੇ ਹਾਂ।

ਦੂਜੇ ਪਾਸੇ ਸਰਸਾ ਨਦੀ 'ਤੇ ਵਿਛੋੜਾ ਪੈ ਗਿਆ ਹੈ। ਮਾਤਾ ਗੁਜਰੀ ਜੀ ਨੇ ਆਪਣੇ ਘੋੜੇ ਦੇ ਉਪਰ ਬਾਬਾ ਫਤਹਿ ਸਿੰਘ ਨੂੰ ਤੇ ਬਾਬਾ ਜੋਰਾਵਰ ਸਿੰਘ ਨੂੰ ਬਿਠਾਇਆ ਹੈ। ਬਾਬਾ ਫਤਹਿ ਸਿੰਘ ਜੀ ਦਾ ਜਨਮ 1699 ਫਰਵਰੀ ਦਾ ਹੈ। ਬਾਬਾ ਜੋਰਾਵਰ ਸਿੰਘ ਇਹਨਾਂ ਤੋਂ ਵੱਡੇ ਹਨ। ਬਾਬਾ ਜੋਰਾਵਰ ਸਿੰਘ ਦੀ ਆਰਬਲਾ 7 ਸਾਲ ਤੇ ਕੁਝ ਮਹੀਨੇ ਮਿੱਥੀ ਗਈ ਹੈ। ਬਾਬਾ ਫਤਹਿ ਸਿੰਘ ਜੀ ਦੀ ਆਰਬਲਾ 5 ਸਾਲ ਦੀ ਹੈ। ਮਾਂ ਨੇ ਸਰਸਾ ਪਾਰ ਕੀਤੀ। ਪੁੱਤਰ ਨਜ਼ਰ ਨਹੀਂ ਆਇਆ। ਨੂੰਹਾਂ ਨਜ਼ਰ ਨਹੀਂ ਆਈਆਂ, ਆਪਣੇ ਵੱਡੇ ਪੋਤਰੇ ਨਹੀਂ ਦਿਸੇ। ਜਦੋਂ ਸਰਸਾ ਨੂੰ ਪਾਰ ਕੀਤਾ ਤਾਂ ਬਾਬਾ ਜ਼ੋਰਾਵਰ ਸਿੰਘ ਨੇ ਪੁੱਛਿਆ ਸੀ, ਦਾਦੀ ਮਾਂ! ਆਪਣੇ ਕਿਲ੍ਹੇ ਪਿੱਛੇ ਰਹਿ ਗਏ ਹਨ, ਮੇਰੇ ਵੀਰ ਪਿੱਛੇ ਰਹਿ ਗਏ ਹਨ। ਪਿਤਾ ਜੀ ਪਤਾ ਨਹੀਂ ਕਿੱਥੇ ਚਲੇ ਗਏ? ਇਹ ਕਿਉਂ ਆਨੰਦਪੁਰ ਦੇ ਘੇਰੇ ਪੈ ਗਏ? ਕਹਿਣ ਲੱਗੇ ਲਾਲ ਜੀ! ਹੁਣ ਉਹਨਾਂ ਮਹੱਲਾਂ ਵਿਚ ਪਹੁੰਚਾਂਗੇ ਜਿਸ ਮਹਿਲ ਵਿਚ ਤੁਹਾਡਾ ਦਾਦਾ ਬੈਠਾ ਹੋਇਆ ਹੈ। ਦਿਸਦਾ ਪਿਆ ਸੀ ਕਿ ਹੋਣੀ ਵਾਪਰਨੀ ਹੈ।

ਹਜ਼ੂਰ ਦੇ ਮਾਤਾ ਤੇ ਬੱਚੇ ਚੱਲੇ ਹਨ ਤੇ ਰਸਤੇ ਵਿਚ ਗੰਗੂ ਮਿਲਿਆ ਹੈ। ਉਹ ਆਪਣੇ ਪਿੰਡ ਖੇੜੀ ਲੈ ਕੇ ਆ ਗਿਆ। ਸ਼ਾਮ ਦਾ ਵੇਲਾ ਸੀ, ਮਾਤਾ ਗੁਜਰੀ ਜੀ ਤੇ ਦੋਨੋਂ ਲਾਲ ਉਹਨਾਂ ਨੂੰ ਅੱਜ ਕਈ ਦਿਨਾਂ ਤੋਂ ਬਾਅਦ ਰੁੱਖਾ-ਮਿੱਸਾ ਜੋ ਗੰਗੂ ਦੇ ਘਰ ਸੀ, ਉਸ ਨੇ ਛਕਾ ਦਿਤਾ। ਸ਼ਾਮ ਦੇ ਵੇਲੇ ਮਾਂ ਦੋਨੋਂ ਪੋਤਿਆਂ ਨੂੰ ਲੈ ਕੇ ਆਪਣੇ ਸੀਨੇ ਨਾਲ ਲਾ ਕੇ ਰਾਤ ਨੂੰ ਇਕੱਠਿਆਂ ਨੇ ਸ਼ਾਮ ਵੇਲੇ ਪਾਠ ਕੀਤਾ। ਮਾਤਾ ਜੀ ਅੱਜ ਮੰਜੇ ਉਪਰ ਪਏ ਹਨ, ਸੱਜੇ ਤੇ ਖੱਬੇ ਦੋਨੋਂ ਪੋਤਰੇ ਚੌਂਕੜੀ ਮਾਰ ਕੇ ਬੈਠ ਗਏ ਹਨ। ਮਾਤਾ ਗੁਜਰੀ ਜੀ ਦਾ ਕਰਤਾਰਪੁਰ ਸਾਹਿਬ ਜੀ ਦੀ ਧਰਤੀ 'ਤੇ ਵਿਆਹ ਹੋਇਆ ਸੀ। ਜਦੋਂ ਮਾਤਾ ਗੁਜਰੀ ਜੀ ਡੋਲੀ ਵਿਚ ਬੈਠੇ ਸਨ ਤੇ ਪਿਤਾ ਭਾਈ ਲਾਲ ਚੰਦ ਆਏ। ਗੁਰੂ ਹਰਿਗੋਬਿੰਦ ਸਾਹਿਬ ਨੂੰ ਕਹਿੰਦੇ, ਦਾਤਾ! ਮੈਂ ਗਰੀਬ ਕੁਝ ਨਹੀਂ ਦੇਣ ਜੋਗਾ। ਉਹ ਕਹਿਣ ਲੱਗੇ ਜਿਨੇ ਆਪਣੇ ਜਿਗਰ ਦਾ ਟੋਟਾ ਦੇ ਦਿਤਾ ਹੈ ਤਾਂ ਬਾਕੀ ਲਾਲ ਚੰਦ, ਤੁਸੀਂ ਪਿੱਛੇ ਰੱਖਿਆ ਕੀ। ਗੁਰੂ ਤੇਗ ਬਹਾਦਰ ਜੀ ਲੰਮਾ ਅਰਸਾ ਬਾਬਾ ਬਕਾਲਾ ਸਾਹਿਬ ਜੀ ਦੀ ਧਰਤੀ 'ਤੇ ਕਰਤਾਰ ਦੀ ਯਾਦ ਵਿਚ ਜੁੜੇ ਹਨ ਤੇ ਕਲਗੀ ਵਾਲੇ ਕਹਿੰਦੇ ਹਨ ਕਿ ਜਿੱਥੇ ਮੇਰੇ ਪਿਤਾ ਦੀ ਭਗਤੀ ਸੀ ਉਥੇ ਮੇਰੀ ਮਾਂ ਦਾ ਸਿਦਕ ਸੀ। ਕਰਤਾਰਪੁਰ ਸ਼ਾਦੀ ਹੋਈ ਹੈ ਤੇ ਪਟਨਾ ਸਾਹਿਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਪੁੱਤਰ ਦਾ ਆਗਮਨ ਹੋਇਆ। ਵਿਆਹ ਤੋਂ 30 ਸਾਲ ਬਾਅਦ ਰੱਬ ਨੇ ਪੁੱਤਰ ਦੀ ਦਾਤ ਦਿਤੀ ਹੈ ਪਰ ਮਾਂ ਗੁਜਰੀ ਦਾ ਸਿਦਕ ਡੋਲਿਆ ਨਹੀਂ। ਹਜ਼ੂਰ ਨੇ ਕਿਹਾ -

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾ ਤੇ ਭਏ ਪ੍ਰਸੰਨ ਗੁਰਦੇਵਾ॥*
*ਤਿਨ ਪ੍ਰਭ ਜਬ ਆਇਸ ਮੁਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥*

ਸਿਦਕਵਾਨ ਮਾਂ ਨੇ ਕਈ ਦਹਾਕੇ ਬੈਠ ਕੇ ਪਤੀ ਦੀ ਸੇਵਾ ਕੀਤੀ। ਮਾਤਾ ਗੁਜਰੀ ਜੀ ਪਟਨਾ ਸਾਹਿਬ ਹਨ ਜਿਥੇ ਗੁਰੂ ਕਲਗੀਧਰ ਜੀ ਨੇ ਆਉਣਾ ਹੈ ਤਾਂ ਸਾਈਂ ਪਤੀ ਘਰ ਕੋਈ ਨਹੀਂ। ਪਰ ਕਿਤੇ ਮਾਤਾ ਗੁਜਰੀ ਜੀ ਨੇ ਉਲਾਹਮਾ ਨਹੀਂ ਦਿਤਾ ਕਿ 30 ਸਾਲਾਂ ਬਾਅਦ ਅੱਜ ਰੱਬ ਮੇਰੀ ਕੁੱਖ ਨੂੰ ਭਾਗ ਲਾਉਣ ਲੱਗਾ ਹੈ ਤੇ ਤੁਸੀਂ ਘਰੋਂ ਚੱਲੇ ਹੋ। ਪੌਣੇ ਪੰਜ ਸਾਲ ਦੇ ਕਰੀਬ ਸਨ ਗੁਰੂ ਗੋਬਿੰਦ ਰਾਏ ਜਿਸ ਦਿਨ ਪਹਿਲੀ ਵਾਰੀ ਆਪਣੇ ਪਿਤਾ ਦੇ ਦੀਦਾਰ ਇਹਨਾਂ ਅੱਖਾਂ ਨਾਲ ਕੀਤੇ ਸਨ।

ਜਦੋਂ ਮਾਤਾ ਜੀ ਨੇ ਆਪਣੇ ਪਤੀ ਦਾ ਸੀਸ ਦੇਖਿਆ ਸੀ ਤਾਂ ਇਕ ਸ਼ਬਦ ਉਦੋਂ ਮੇਰੀ ਮਾਂ ਦੇ ਅੰਦਰੋਂ ਨਿਕਲਿਆ ਸੀ ਕਿ ਹੇ ਮੇਰੇ ਸਤਿਗੁਰੂ ਦਾਤਾ ਜੀ! ਤੇਰੀ ਕੇਸਾਂ ਸੁਆਸਾਂ ਨਾਲ ਨਿਭ ਗਈ, ਮੈਂ ਰੱਬ ਦੀ ਰਜ਼ਾ ਵਿਚ ਇਸ ਜ਼ਿੰਦਗੀ ਨੂੰ ਗੁਜ਼ਾਰਾਂਗੀ, ਪਰ ਇਕ ਕ੍ਰਿਪਾ ਕਰੀਂ ਕਿ ਮੇਰੀ ਵੀ ਅੰਤਲੇ ਸਮੇਂ ਤੱਕ ਤੇਰੀ ਤਰ੍ਹਾਂ ਨਿਭ ਜਾਏ।

ਅੱਜ ਉਹੀ ਮਾਤਾ ਗੁਜਰੀ ਗੰਗੂ ਦੇ ਘਰ ਬੈਠੇ ਹਨ ਤੇ ਦੋਨੋਂ ਪੋਤੇ ਕੋਲ ਹਨ। ਮਾਤਾ ਜੀ ਨੇ ਕਿਹਾ ਲਾਲ ਜੀ! ਰਾਤ ਬੀਤ ਰਹੀ ਹੈ, ਆਰਾਮ ਕਰੋ। ਮਾਤਾ ਜੀ ਕੋਲ ਕੁਝ ਧਨ ਸੀ, ਮੋਹਰਾਂ ਸਨ। ਗੰਗੂ ਦੀ ਨੀਅਤ ਫਿੱਟ ਗਈ। ਉਸ ਨੇ ਮਾਤਾ ਜੀ ਦੇ ਸਿਰਹਾਣਿਉਂ ਰਾਤ ਨੂੰ ਮੋਹਰਾਂ ਚੁੱਕੀਆਂ ਹਨ। ਜਦੋਂ ਗੰਗੂ ਤੁਰਿਆ ਹੈ ਤਾਂ ਉਹ ਵਫ਼ਾਦਾਰ ਕੂਕਰ ਦੀ ਤਰ੍ਹਾਂ ਸੀ ਤੇ ਜਦੋਂ ਗੰਗੂ ਨੇ ਮੋਹਰਾਂ ਚੁੱਕੀਆਂ ਤਾਂ ਉਦੋਂ ਹਲਕੇ ਕੁੱਤੇ ਦੀ ਤਰ੍ਹਾਂ ਸੀ। ਸਤਿਗੁਰੂ ਨੇ ਬਾਣੀ ਵਿਚ ਕਿਹਾ ਹੈ ਕਿ ਹਲਕਿਆ ਕੁੱਤਾ ਆਪਣੇ ਤੇ ਬੇਗਾਨਿਆਂ ਨੂੰ ਵੱਢਦਿਆਂ ਦੇਰੀ ਨਹੀਂ ਲਾਉਂਦਾ ਤੇ ਜਦੋਂ ਬੰਦੇ ਦੇ ਅੰਦਰ ਲਾਲਚ ਦਾ ਕੁੱਤਾ ਹਲਕ ਜਾਏ ਤਾਂ ਉਦੋਂ ਬੰਦਾ ਜਿਨ੍ਹਾਂ ਨੂੰ ਘਰ ਰੱਖੇ ਉਹਨਾਂ ਨੂੰ ਵੀ

ਵੱਢਦਿਆਂ ਦੇਰ ਨਹੀਂ ਲਾਉਂਦਾ। ਮਾਤਾ ਜੀ ਨੇ ਕਿਹਾ, ਗੰਗੂ ਦੇਖ, ਅਸੀਂ ਤੈਨੂੰ ਚੋਰ ਨਹੀਂ ਕਹਿੰਦੇ। ਕੋਠੇ 'ਤੇ ਚੜ੍ਹ ਗਿਆ, ਰੌਲਾ ਪਾਇਆ। ਪਿੰਡ ਦੇ ਚੌਧਰੀ ਕੋਲ ਗਿਆ ਤੇ ਕਹਿੰਦਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਂ ਤੇ ਛੋਟੇ ਪੁੱਤਰ ਮੇਰੇ ਘਰ ਵਿਚ ਹਨ। ਇਹ ਨਹੀਂ ਕਿਹਾ ਕਿ ਮੈਂ ਸੇਵਾ ਕੀਤੀ ਹੈ ਅਸੀਂ ਹਕੂਮਤ ਦੇ ਵਫ਼ਾਦਾਰ ਹਾਂ। ਅਸੀਂ ਨਹੀਂ ਚਾਹੁੰਦੇ ਕਿ ਵਜ਼ੀਰ ਖਾਂ ਦਾ ਕੋਈ ਵੀ ਬਾਗ਼ੀ ਇਸ ਸੂਬੇ ਵਿਚ ਰਹੇ।

ਉਸੇ ਵੇਲੇ ਪਿੰਡ ਦਾ ਚੌਧਰੀ ਤੇ ਗੰਗੂ ਦੋਨੋਂ ਇਕੱਠੇ ਹੋਏ। ਚੌਧਰੀ ਆਇਆ, ਉਸ ਨੇ ਮਾਤਾ ਗੁਜਰੀ ਜੀ ਨੂੰ ਦੇਖਿਆ। ਚੌਧਰੀ ਬੰਦੇ ਲੈ ਕੇ ਆਇਆ ਸੀ। ਬਾਬਾ ਫਤਹਿ ਸਿੰਘ ਪੁੱਛਦੇ ਹਨ ਨਾਂ! ਇਹ ਬੰਦੇ ਕਿਉਂ ਸਾਡੇ ਕੋਲ ਬੈਠ ਗਏ ਹਨ? ਚੌਧਰੀ ਨੇ ਕਿਹਾ ਕਿ ਮੈਂ ਮੁਰਿੰਡੇ ਜਾਂਦਾ ਹਾਂ ਤੇ ਤੁਸੀਂ ਉਨੀਂ ਦੇਰ ਤਕ ਗੁਰੂ ਦੇ ਬੱਚਿਆਂ ਤੇ ਮਾਂ ਕੋਲ ਬੈਠਣਾ। ਚੌਧਰੀ ਦੇ ਆਦਮੀ ਘਰ ਦੇ ਸਾਹਮਣੇ ਬੈਠ ਗਏ। ਪੁੱਛਦੇ ਨੇ ਮਾਂ! ਇਹ ਕਿਉਂ ਸਾਡੇ ਕੋਲ ਆ ਕੇ ਬੈਠੇ ਹਨ? ਮਾਤਾ ਗੁਜਰੀ ਨੇ ਕਿਹਾ, ਬੇਟਾ ਬਸ ਅੰਦਰ ਦੇ ਸਿਦਕ ਨੂੰ ਡੋਲਣ ਨਾ ਦੇਣਾ, ਉਹ ਵਾਪਰਨ ਵਾਲਾ ਹੈ ਜਿਹੜਾ ਮੇਰੇ ਜ਼ਹਿਨ ਦੇ ਵਿਚ ਚਲਦਾ ਪਿਆ ਸੀ। ਗੰਗੂ ਖੇੜੀ ਤੋਂ ਤੁਰਿਆ ਤੇ ਜਾ ਪਹੁੰਚਿਆ ਮੁਰਿੰਡੇ। ਇਸ ਨੇ ਜਾਨੀ ਖ਼ਾਂ ਤੇ ਮਾਨੀ ਖ਼ਾਂ ਕੋਲ ਜਾ ਕੇ ਰਿਪੋਰਟ ਕੀਤੀ। ਕਹਿੰਦਾ ਹੈ ਕਿ ਗੁਰੂ ਦੇ ਪੁੱਤਰ ਤੇ ਗੁਰੂ ਦੀ ਮਾਂ ਮੇਰੇ ਘਰ ਵਿਚ ਹਨ।

ਮੁਰਿੰਡੇ ਤੋਂ ਜਾਨੀ ਖਾਂ ਤੇ ਮਾਨੀ ਖਾਂ ਆਏ। ਉਹਨਾਂ ਨੇ ਗੰਗੂ ਦੇ ਘਰੋਂ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ। ਮਾਤਾ ਗੁਜਰੀ ਜੀ ਕਹਿਣ ਲੱਗੇ, ਜਿਸ ਟਕਿਆਂ ਦੀ ਖ਼ਾਤਰ ਤੂੰ ਛੋਟੇ-ਛੋਟੇ ਲਾਲਾਂ ਨੂੰ ਤੇ ਮੈਨੂੰ ਗ੍ਰਿਫਤਾਰ ਕਰਾਇਆ ਹੈ, ਇਹ ਟਕੇ ਤੇਰੀ ਮੌਤ ਦਾ ਕਾਰਨ ਬਣਨਗੇ। ਗ੍ਰਿਫਤਾਰੀ ਤੋਂ ਬਾਅਦ ਪਹਿਲੀ ਰਾਤ ਮੁਰਿੰਡੇ ਰਹੇ। ਇਧਰ ਵਜ਼ੀਰ ਖਾਂ ਦੇ ਮਨ ਵਿਚ ਚਮਕੌਰ ਦੀ ਜੰਗ ਤੋਂ ਬਾਅਦ ਇਹ ਤੌਖਲਾ ਸੀ ਕਿ ਗੁਰੂ ਜੀ ਨੂੰ ਕਿਵੇਂ ਫੜਾਂਗੇ। ਜਾਨੀ ਖਾਂ ਤੇ ਮਾਨੀ ਖਾਂ ਨੇ ਖਬਰ ਦਿਤੀ। ਕਹਿਣ ਲੱਗੇ ਸਰਕਾਰ! ਖੁਸ਼ਖਬਰੀ ਹੈ ਕਿ ਜਿਸ ਨੇ ਤੁਹਾਡੇ ਬੰਦਿਆਂ ਨੂੰ ਤੀਰਾਂ ਨਾਲ ਵਿੰਨ੍ਹਿਆ ਸੀ, ਉਸ ਦੇ ਦੋ ਛੋਟੇ ਪੁੱਤਰ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਉਸ ਦੀ ਬੁੱਢੜੀ ਮਾਈ ਅਸੀਂ ਮੁਰਿੰਡੇ ਤੋਂ ਤੁਹਾਡੇ ਕੋਲ ਸਰਹੰਦ ਲੈ ਕੇ ਆਏ ਹਾਂ। ਵਜ਼ੀਰ ਖਾਂ ਖੁਸ਼ ਹੋ ਗਿਆ। ਕਹਿੰਦਾ ਹੈ, ਹੁਣ ਦੇਖਾਂਗਾ ਕਿ ਗੁਰੂ ਆਪਣੇ ਪੁੱਤਰਾਂ ਦੇ ਮੋਹ ਦਾ ਬੱਧਾ ਸਾਡੇ ਕੋਲ ਕਿਵੇਂ ਨਹੀਂ ਆਉਂਦਾ। ਪਰ ਇਸ ਨੂੰ ਪਤਾ ਨਹੀਂ ਕਿ ਉਹ ਤਾਂ ਪੁੱਤਰਾਂ ਦੀ ਲਾਸ਼ ਦੇਖ ਕੇ ਕੱਪੜੇ ਪਾਉਣ ਨਹੀਂ ਦਿੰਦਾ ਤੇ ਕਹਿੰਦਾ ਹੈ ਮਿੱਟੀ ਹੈ, ਮਿੱਟੀ ਨਾਲ ਮੋਹ ਕੀ ਕਰਨਾ ਹੈ।

ਕਦੀ ਸਮਾਂ ਸੀ ਜਦੋਂ ਸਰਹੰਦ ਸ਼ਹੀਦੀ ਮੇਲਾ ਮਨਾਇਆ ਜਾਂਦਾ ਸੀ ਤੇ ਲੋਕ ਆਪਣੇ ਘਰਾਂ ਵਿਚ ਥੱਲੇ ਸੌਂਦੇ ਸਨ। ਕਿਉਂ ਕਹਿੰਦੇ ਸਨ ਕਿ ਇਹਨਾਂ ਦਿਨਾਂ ਵਿਚ ਸਾਡੀ ਮਾਂ ਤੇ ਗੁਰੂ ਕੇ ਲਾਲਾਂ ਠੰਢੇ ਬੁਰਜ ਵਿਚ ਥੱਲੇ ਪਏ ਸਨ। ਉਹਨਾਂ ਦਿਨਾਂ ਵਿਚ ਉੱਚੀ-ਉੱਚੀ ਹਸਦੇ ਨਹੀਂ ਸਨ। ਫਿਰ ਇਕ-ਇਕ ਇੱਟ ਉਸ ਦੇ ਕਿਲ੍ਹੇ ਦੀ, ਉਸ ਦੇ ਮਹਿਲਾਂ ਦੀ ਚੁੱਕ ਕੇ ਸੁੱਟਦੇ ਰਹੇ ਸਨ।

ਅੱਜ ਠੰਢਾ ਬੁਰਜ ਹੈ। ਇਹ ਬੁਰਜ ਠੰਢਾ ਕਿਉਂ ਹੈ? ਸ਼ਾਇਦ ਤੁਹਾਨੂੰ ਪਤਾ ਹੋਵੇ, ਜਦੋਂ ਅਸੀਂ ਠੰਢੇ ਬੁਰਜ ਉਤੇ ਖਲੋ ਕੇ ਦੇਖਦੇ ਹਾਂ ਤਾਂ ਸਾਨੂੰ ਉੱਤਰ ਵਾਲੀ ਬਾਹੀ 'ਤੇ ਮੁਸਲਮਾਨਾਂ ਦੇ ਕੁਝ ਮਕਬਰੇ ਦਿਸਦੇ ਹਨ। ਤੁਹਾਨੂੰ ਪਤਾ ਹੈ ਕਿ ਜਦੋਂ ਅਸੀਂ ਸ਼ਹਿਰ ਜਾਂਦੇ ਹਾਂ ਤਾਂ ਉਥੇ ਮਕਬਰਾ ਕਿਸ ਦਾ ਹੈ? ਸ਼ੇਖ ਅਹਿਮਦ ਸਰਹੰਦੀ ਦਾ, ਜਿਸ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਾਉਣ ਵਿਚ ਪੂਰਾ ਜ਼ੋਰ ਲਾ ਦਿਤਾ ਸੀ, ਜਿਸ ਨੇ ਪੰਚਮ ਪਾਤਸ਼ਾਹ ਨੂੰ ਤੱਤੀ ਤਵੀ ਉਪਰ ਬਿਠਾਇਆ ਸੀ। ਸੱਚ ਜਾਣਿਉ, ਉਸ ਦੀ ਕਬਰ ਵੀ ਉਸ ਮਕਬਰੇ ਵਿਚ ਹੈ। ਪਰ ਸਿੱਖ ਨੇ ਮਕਬਰੇ ਢਾਹੇ ਨਹੀਂ, ਉਸ ਨੇ ਜ਼ਾਲਮ ਦੇ ਕਿਲ੍ਹੇ ਢਾਹੇ ਹਨ। ਠੰਢਾ ਬੁਰਜ ਤਾਂ ਬਣਿਆ ਸੀ ਕਿ ਬੁਰਜ ਤੋਂ ਥੱਲੇ ਇਥੇ ਪਹਿਲਾਂ ਇਕ ਨਦੀ ਵਗਦੀ ਸੀ। ਜਦੋਂ ਗਰਮ ਹਵਾ ਪਾਣੀ ਨੂੰ ਸਪਰਸ਼ ਕਰਕੇ ਆਉਂਦੀ ਸੀ ਤਾਂ ਬੁਰਜ 'ਤੇ ਉਹ ਠੰਡੀ ਲਗਦੀ ਸੀ। ਇਹ ਸਰਦੀ ਕਰਕੇ ਠੰਢਾ ਨਹੀਂ, ਗਰਮੀਆਂ ਵਿਚ ਵੀ ਠੰਢੀ ਥਾਂ ਰੱਖਣ ਲਈ ਇਸ ਨੂੰ ਠੰਢਾ ਬੁਰਜ ਕਹਿੰਦੇ ਸਨ।

ਅੱਜ ਤਨ ਢੱਕਣ ਲਈ ਕੋਈ ਕੰਬਲ ਨਹੀਂ। ਕੋਈ ਰਜ਼ਾਈ ਨਹੀਂ। ਠੰਢੇ ਫਰਸ਼ ਉਪਰ ਮਾਂ ਆਪਣੀ ਹਿੱਕ ਦੇ ਨਿੱਘ ਵਿਚ ਦੋਨਾਂ ਪੋਤਿਆਂ ਨੂੰ ਲੈ ਕੇ ਬੈਠ ਗਈ ਹੈ। ਅੱਜ ਰੋਟੀ ਪਾਣੀ ਨਹੀਂ। ਸ਼ਾਮ ਦਾ ਵੇਲਾ ਠੰਢੀ ਸੀਤ ਹਵਾ ਚਲ ਰਹੀ ਹੈ ਤੇ ਮਾਤਾ ਨੇ ਆਪ ਪਾਠ ਕੀਤਾ, ਬੱਚਿਆਂ ਨੂੰ ਕੋਲ ਬਿਠਾਇਆ। ਉਹਨਾਂ ਨੇ ਕਿਹਾ, ਮੇਰੇ ਜੋਰਾਵਰ ਸਿੰਘ ਜੀ, ਮੇਰੇ ਫਤਹਿ ਸਿੰਘ ਜੀ! ਦੇਖਿਉ ਅੱਜ ਬੁਰਜ 'ਤੇ ਆਏ ਹੋ, ਕੱਲ੍ਹ ਨੂੰ ਪਤਾ ਨਹੀਂ ਕੀ ਭਾਣੇ ਵਾਪਰਨੇ ਹਨ। ਬਸ ਇਕ ਕੰਮ ਕਰਿਉ, ਤੁਸੀਂ ਭੁੱਲਿਉ ਨਾ ਕਿ ਤੁਹਾਡੀਆਂ ਰਗਾਂ ਵਿਚ ਤੱਤੀ ਤਵੀ 'ਤੇ ਬੈਠਣ ਵਾਲੇ ਦਾ ਖੂਨ ਪਿਆ ਚਲਦਾ ਹੈ। ਤੁਹਾਡੇ ਉਪਰ ਤੁਹਾਡੇ ਦਾਦੇ ਗੁਰੂ ਤੇਗ ਬਹਾਦਰ ਦਾ ਸਾਇਆ ਹੈ। ਬਸ ਇਕ ਗੱਲ ਕਦੀ ਨਾ ਭੁੱਲਿਉ ਕਿ ਤੁਹਾਡੇ ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ ਹੈ।

*'ਚਲਦਾ........'*

## ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨ ਘਰ ਬੈਠ ਕੇ ਸੁਣੋ ਜੀ!

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪ ਜੀ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੂਰਨਮਾਸ਼ੀ - 8 ਦਸੰਬਰ, ਦਿਨ ਵੀਰਵਾਰ - ਰਤਵਾੜਾ ਸਾਹਿਬ,**

